
ਮਾਸਕ ੴ ਸਤਿਗੁਰ ਪ੍ਰਸਾਦਿ

ਸੀਸ ਗੰਜ

ਫੋਨ-275907-277814. ਚਾਂਦਨੀ ਚੌਕ ਦਿੱਲੀ-6

ਮੁਲ : ੭੫ ਪੈਸੇ ਜੂਨ ੧੯੭੮



ਗੁ: ਡੇਹਰਾ ਸਾਹਿਬ ਲਾਹੌਰ ਜਿਥੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨੁਖੀ ਕੀਮਤਾਂ ਦੀ ਰਖਿਆ ਲਈ ਸ਼ਹੀਦੀ ਦੇ ਕੇ ਸਿੱਖ ਪੰਥ ਨੂੰ ਅਣਖ ਦਾ ਜੀਵਨ ਜੀਉਣ ਅਤੇ ਹਕ ਤੇ ਇਨਸਾਫ ਦੀ ਰਖਿਆ ਲਈ ਕੁਰਬਾਨੀਆਂ ਦੇਣ ਦਾ ਰਾਹ ਦਸਿਆ।



ਸ੍ਰੀ ਅੰਮ੍ਰਿਤਸਰ ਸਾਹਿਬ ਦੇ ਚਾਰ ਸੌ ਸਾਲਾ ਸਥਾਪਨਾ ਦਿਵਸ ਦੇ ਅਵਸਰ ਤੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤ੍ਰਾਲਯ ਦੇ ਸਾਂਗ ਐਂਡ ਡਰਾਮਾ ਡਿਵੀਜ਼ਨ ਵਲੋਂ ਲਾਈਟ ਐਂਡ ਸਾਊਂਡ ਤੇ ਅਧਾਰਤ 'ਅੰਮ੍ਰਿਤਸਰ ਸਿਫਤੀ ਦਾ ਘਰ' ਪ੍ਰੋਗਰਾਮ ਤਿਆਰ ਕੀਤਾ ਗਿਆ ਜੋ ਪੰਜਾਬ ਦੇ ਸੂਚਨਾ ਵਿਭਾਗ ਵਲੋਂ ਅੰਮ੍ਰਿਤਸਰ ਅਤੇ ਚੰਡੀਗੜ੍ਹ ਵਿਚ ਪੇਸ਼ ਕਰਨ ਤੋਂ ਬਾਅਦ ਦਿੱਲੀ ਵਿਚ ਵਿਖਾਇਆ ਗਿਆ। ਇਸ ਅਵਸਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਉਪ੍ਰੋਕਤ ਪ੍ਰੋਗਰਾਮ ਤਿਆਰ ਕਰਨ ਵਾਲੇ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ। ਸ੍ਰ. ਜਸਵੰਤ ਸਿੰਘ ਸੇਠੀ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰ. ਬੀਰਇੰਦਰ ਸਿੰਘ ਐਡਵੋਕੇਟ ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਮੈਂਬਰਾਂ ਨੇ ਇਨ੍ਹਾਂ ਅਧਿਕਾਰੀਆਂ ਨੂੰ ਜੀ ਆਇਆਂ ਕਿਹਾ।

੧੩ ਅਪ੍ਰੈਲ, ੧੯੧੯ ਵਿਸਾਖੀ ਦੇ ਪਵਿਤ੍ਰ ਦਿਹਾੜੇ

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਏ ਖੂਨੀ ਕਾਂਡ ਦੇ

ਸ਼ਹੀਦਾਂ ਦੇ ਦਰਸ਼ਨ



ਭਾਈ ਫੌਜਾ ਸਿੰਘ



ਭਾਈ ਹਰੀ ਸਿੰਘ ਜੀ, ਕੋਟ ਰਲਿਆ ਰਾਮ, ਅੰਮ੍ਰਿਤਸਰ



ਭਾਈ ਗੁਰਦਿਆਲ ਸਿੰਘ, ਪਿੰਡ ਮੱਦੋ



ਭਾਈ ਧਰਮਬੀਰ ਸਿੰਘ ਜੀ, ਅਜੀਤ ਨਗਰ, ਅੰਮ੍ਰਿਤਸਰ



ਭਾਈ ਅਵਤਾਰ ਸਿੰਘ ਜੀ, ਕੁਰਾਲਾ



ਭਾਈ ਹਰਭਜਨ ਸਿੰਘ ਜੀ



ਭਾਈ ਪਿਆਰਾ ਸਿੰਘ ਜੀ, ਪਿੰਡ ਭੁੰਗਰਨੀ (ਹੁਸ਼ਿਆਰਪੁਰ)



ਭਾਈ ਅਮਰੀਕ ਸਿੰਘ ਜੀ, ਖੁਜਾਲਾ



ਫੌਜੀ ਰਣਬੀਰ ਸਿੰਘ ਜੀ, ਚੌਕ ਮਹਿਤਾ



ਭਾਈ ਕੇਵਲ ਸਿੰਘ ਜੀ



ਭਾਈ ਗੁਰਚਰਨ ਸਿੰਘ ਜੀ ਲੁਧਿਆਣਾ



ਬਾਬਾ ਦਰਸ਼ਨ ਸਿੰਘ ਜੀ



ਭਾਈ ਰਘੁਬੀਰ ਸਿੰਘ ਜੀ





ਸ਼ਹੀਦਾਂ ਦੀ ਯਾਦ ਵਿਚ ੧੪ ਮਈ ਨੂੰ ਦਿਲੀ ਵਿਚ ਨਿਕਲੇ ਜਲੂਸ ਦੇ ਦ੍ਰਿਸ਼

ਮਾਸਕ ੴ ਸਤਿਗੁਰ ਪ੍ਰਸਾਦਿ

ਸੀਸ ਗੰਜ

ਫੋਨ-275807-277814. ਚਾਂਦਨੀ ਚੌਕ ਦਿੱਲੀ-6

ਮੈਨੇਜਿੰਗ ਐਡੀਟਰ : ਪ੍ਰੋ: ਜੋਗਿੰਦਰ ਸਿੰਘ ਐਡੀਟਰ : ਜਸਵੰਤ ਸਿੰਘ 'ਅਜੀਤ'

ਜਿਲਦ : ੧੭ ਜੂਨ ੧੯੭੮ ਜੇਠ-ਹਾੜ ੨੦੩੫ ਨੰ: ੬

ਤਤਕਰਾ

ਸਾਲਾਨਾ : ੯ ਰੁਪਏ ਇਕ ਕਾਪੀ : ੭੫ ਪੈਸੇ

ਸੰਤ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂ

ਸੰਤ ਕਰਤਾਰ ਸਿੰਘ ਜੀ ਦਾ ਜਨਮ ਅੱਸੂ ਸੁਦੀ ਪੰਚਮੀ ਸੰਮਤ ੧੯੮੯ ਮੁਤਾਬਿਕ ਸੰਨ ੧੯੩੨ ਈ: ਦੇ ਸ਼ੁਭ ਦਿਹਾੜੇ ਗੁਰੂ ਘਰ ਦੇ ਸ਼ਰਧਾਲੂ ਖਾਲਸਾ ਪੰਥ ਦੇ ਮਹਾਨ ਸੇਵਕ ਜਥੇਦਾਰ ਝੰਡਾ ਸਿੰਘ ਜੀ ਦੇ ਘਰ ਮਾਤਾ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰਾ ਕੋਹਨਾ) ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਹੋਇਆ, (ਜੋ ਕਿ ਹੁਣ ਤਹਿਸੀਲ ਪੱਟੀ ਜ਼ਿਲਾ ਅੰਮ੍ਰਿਤਸਰ ਵਿਚ ਹੈ।) ਆਪ ਜੀ ਦੇ ਪਿਤਾ ਜੀ ਕੱਟੜ ਅਕਾਲੀ, ਗੁਰਬਾਣੀ ਦੇ ਨਿੱਤਨੇਮੀ, ਉਚੇ ਜੀਵਨ ਵਾਲੇ ਅਤੇ ਨਿਡੱਰ ਗੁਰਸਿੱਖ ਸਨ। ਇਸੇ ਕਰਕੇ ਹੀ ਉਹਨਾਂ ਨੂੰ 'ਜਥੇਦਾਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਬਾਬਾ ਝੰਡਾ ਸਿੰਘ ਜੀ ਦਾ ਪਰਵਾਰ ਇਸ ਪਰਕਾਰ ਸੀ—ਉਹਨਾਂ ਦੇ ਸਪੁੱਤਰ ਭਾਈ ਬਹਾਲ ਸਿੰਘ ਜੀ, ਭਾਈ ਅਜਮੇਰ ਸਿੰਘ ਜੀ, ਸੰਤ ਕਰਤਾਰ ਸਿੰਘ ਜੀ, ਭਾਈ ਦੀਦਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ, ਭਾਈ ਬਲਕਾਰ ਸਿੰਘ ਜੀ ਅਤੇ ਦੋ ਸਪੁੱਤ੍ਰੀਆਂ ਬੀਬੀ ਗੁਰਦਿਆਲ ਕੌਰ ਅਤੇ ਬੀਬੀ ਅਵਿਤਾਰ ਕੌਰ ਜੀ ਹੋਏ।

ਆਪ ਦੇ ਪਿੰਡ ਦੇ ਮਹਾਨ ਅਖੰਡ ਪਾਠੀ, ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ ਬਾਬਾ ਬੱਗਾ ਸਿੰਘ ਜੀ ਪਾਸੋਂ 'ਖਾਲਸਾ' ਜੀ ਨੇ ਆਪ ਦੇ ਛੋਟੇ ਭਾਈ ਦੀਦਾਰ ਸਿੰਘ ਜੀ ਅਤੇ ਗੁੰਥੀ ਭਾਈ ਗੁਰਦੀਪ ਸਿੰਘ ਜੀ ਸਮੇਤ ਗੁਰਮਤਿ ਦੀ ਮੁੱਢਲੀ ਵਿੱਦਿਆ ਗ੍ਰਹਿਣ ਕੀਤੀ। ਜਥੇਦਾਰ ਝੰਡਾ ਸਿੰਘ ਜੀ ਦੀ ਇਹ ਤੀਬਰ ਇੱਛਾ ਸੀ ਕਿ ਸਾਂਰਾ ਪ੍ਰਵਾਰ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਅਤੇ ਰਹਿਤ ਵਿਚ ਪ੍ਰਪੱਕ ਹੋਵੇ। ਪੰਥ ਦੇ ਹਰੇਕ ਮੋਰਚੇ ਵਿਚ ਜਥੇਦਾਰ ਜੀ ਜਥੇ ਦੇ ਆਗੂ ਬਣ ਕੇ ਗ੍ਰਿਫਤਾਰੀਆਂ ਦੇਂਦੇ ਰਹੇ। ਪ੍ਰੰਤੂ ਮੋਰਚੇ ਦੀ ਪੈਨਸ਼ਨ ਕਦੀ ਵੀ ਕਬੂਲ ਨਾ ਕੀਤੀ। ਜਥੇਦਾਰ ਜੀ ਸੰਤ 'ਖਾਲਸਾ' ਜੀ ਪਾਸੋਂ ਗੁਰੂ ਪੰਥ ਦੇ ਅਣਖੀਲੇ ਯੋਧਿਆਂ, ਸੂਰਬੀਰ ਬਹਾਦਰਾਂ ਅਤੇ ਸ਼ਹੀਦਾਂ ਦੇ ਪਰਸੰਗ ਜਿਵੇਂ ਚਹੁੰ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ; ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੰਮਣ ਤੇ ਮੂਸਣ, ਭਾਈ ਸ਼ਾਹਬਾਜ ਸਿੰਘ ਅਤੇ ਸੁਬੇਗ ਸਿੰਘ ਜੀ ਆਦਿ ਰਾਤ ਨੂੰ ਸਰਬੱਤ ਪ੍ਰਵਾਰ ਇਕੱਤਰ ਹੋ ਕੇ ਸੁਣਿਆਂ ਕਰਦੇ ਸਨ। ਇਹੋ ਕਾਰਨ ਸੀ ਕਿ 'ਖਾਲਸਾ' ਜੀ ਦੇ ਲੂੰ ਲੂੰ ਵਿਚ ਸੂਰਬੀਰਤਾ ਦ੍ਰਿੜ੍ਹਤਾ

ਗੁਰਸਿੱਖੀ ਦੇ ਪ੍ਰਚਾਰ ਲਈ ਤੜਪ ਬਚਪਨ ਤੋਂ ਹੀ ਰਚੀ ਹੋਈ ਸੀ। ਸਤਿਗੁਰਾਂ ਦੀ ਕ੍ਰਿਪਾ ਦਾ ਸਦਕਾ ਜਲਦੀ ਹੀ ਇਹਨਾਂ ਨੂੰ ਪੰਜ ਬਾਣੀਆਂ ਕੰਠ ਹੋ ਗਈਆਂ। ਮੁੱਢਲੀ ਵਿੱਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਵਿਚੋਂ ਪ੍ਰਾਪਤ ਕੀਤੀ ਤੇ ਨੌਵੀਂ ਦਸਵੀਂ ਇਕੋ ਸਾਲ ਵਿਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਅਤੇ ਐਫ. ਏ. ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ੧੯੪੮ ਈ: ਵਿਚ ਭਗਤ ਉਜਾਗਰ ਸਿੰਘ ਜੀ (ਗੁਰਪੁਰਵਾਸੀ) ਕਾਹਨੇ ਵਾਲੇ (ਜੋ ਆਪ ਜੀ ਦੇ ਭੂਆ ਦੇ ਪੁੱਤਰ ਸਨ) ਸਮੇਤ ਭਿੰਡਰੀਂ ਪਹੁੰਚ ਕੇ ਸੱਚਖੰਡ ਵਾਸੀ 'ਖਾਲਸਾ' ਜੀ ਨਾਲ ਮੇਲ ਹੋਇਆ ਅਤੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ।

'ਖਾਲਸਾ' ਜੀ ਆਪਣੇ ਤਾਇਆ ਭਾਈ ਪਾਲ ਸਿੰਘ ਜੀ ਦੇ ਪੁੱਤਰ ਭਾਈ ਹਰਨਾਮ ਸਿੰਘ ਜੀ ਅਤੇ ਚਾਚਾ ਜਗਤ ਸਿੰਘ ਜੀ ਦੇ ਪੁੱਤਰ ਭਾਈ ਸ਼ਿੰਗਾਰ ਸਿੰਘ ਜੀ ਨਾਲ ਮਿਲ ਕੇ ਸਿਮਰਨ ਭਜਨ ਤੇ ਨਿੱਤਨੇਮ ਵਿਚ ਲੀਨ ਰਹਿੰਦੇ। ਭਾਈ ਸੁਰਜੀਤ ਸਿੰਘ ਜੀ ਸਮੇਤ ਚਾਰੇ ਭਾਈ ਹਰ ਸਾਲ ਜਾਂ ਦੂਜੇ ਸਾਲ ਗੁਰਮਤਿ ਪ੍ਰਚਾਰ ਕਰਨ ਲਈ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਤੋਂ ਆਪਣੇ ਪਿੰਡ ਦਾ ਪ੍ਰੋਗਰਾਮ ਲੈਂਦੇ। ਜਥਾ ਤੇਰਾਂ ਵਾਰੀ ਪਿੰਡ ਭੂਰੇ ਪੁਰਾਣੇ ਗਿਆ।

ਇਹਨਾਂ ਦੀ ਸ਼ਾਦੀ ੧੮ ਸਾਲ ਦੀ ਉਮਰ ਵਿਚ ਸਤਿਕਾਰ ਯੋਗ ਮਾਤਾ ਨਿਰੰਜਨ ਕੌਰ ਜੀ ਸਪੁੱਤਰੀ ਸ: ਕਰਤਾਰ ਸਿੰਘ ਜੀ ਪਿੰਡ ਭੈਣੀ ਜੱਸਾ ਸਿੰਘ ਨਾਲ ਹੋਈ। ਦੋ ਭੁਜੰਗੀ ਭਾਈ ਅਮਰੀਕ ਸਿੰਘ ਤੇ ਭਾਈ ਮਨਜੀਤ ਸਿੰਘ ਹੋਏ। ਭਾਈ ਅਮਰੀਕ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਕੀਤੀ ਅਤੇ ਹੁਣ ਗੁਰਬਾਣੀ ਬਾਰੇ ਪੀ. ਐਚ. ਡੀ. ਕਰ ਰਿਹਾ ਹੈ। ਭਾਈ ਮਨਜੀਤ ਸਿੰਘ ਇਸ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ ਬੀ. ਏ. ਭਾਗ-I ਪੜ੍ਹ ਰਿਹਾ ਹੈ। ਭਾਈ ਅਮਰੀਕ ਸਿੰਘ ਦੀ ਮੰਗਣੀ ਸੱਚਖੰਡ ਵਾਸੀ ਸੰਤ ਗਿ: ਗੁਰਬਚਨ ਸਿੰਘ ਜੀ 'ਖਾਲਸਾ' ਆਪ ਕਰ ਗਏ ਸਨ। ਵਿਆਹ ਮਹਾਂਪੁਰਖਾਂ ਨੇ ਪਹਿਲੀ ਮੱਘਰ ਮੁ: ੧੫ ਨਵੰਬਰ ੧੯੭੬ ਨੂੰ ਭਾਈ ਗੁਰਦੀਪ ਸਿੰਘ ਜੀ ਦੀ ਸਪੁੱਤਰੀ ਬੀਬੀ ਹਰਮੀਤ ਕੌਰ ਨਾਲ ਕੀਤਾ। 'ਖਾਲਸਾ' ਜੀ, ਵੱਡੇ ਮਹਾਂਪੁਰਖਾਂ ਦੀ ਆਗਿਆ ਅਤੇ ਪਿਤਾ ਜੀ ਦੀ ਇੱਛਿਆ ਅਨੁਸਾਰ ਪੰਜ ਮਹੀਨੇ ਸ੍ਰੀ ਮੁਕਤਸਰ ਸਾਹਿਬ ਟੁੱਟੀ ਗੰਢੀ ਸਾਹਿਬ ਚੱਕਬੰਦੀ ਵਿਚ ਪਟਵਾਰ ਕਰ ਕੇ ੧੯੫੭ ਵਿਚ ਅਸਤੀਫ਼ਾ ਦੇ ਕੇ ਪੱਕੇ ਤੌਰ ਤੇ 'ਖਾਲਸਾ' ਜੀ ਦੇ ਪਾਸ ਜਥੇ ਸੰਗਤ ਵਿਚ ਪੁੱਜੇ। ੧੯੫੮ ਈ: ਤੋਂ ੧੯੬੯ ਈ: ਤੱਕ 'ਖਾਲਸਾ' ਜੀ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਪੰਜੇ ਬਾਣੀਆਂ, ਜੈਤਸਰੀ ਦੀ ਵਾਰ, ਸੱਤੇ ਬਲਵੰਡੇ ਦੀ ਵਾਰ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ਸ਼ਾਮ ਨੂੰ ਸਾਰੀ ਪੰਜ ਗ੍ਰੰਥੀ, ਦੋਵੇਂ ਬਾਹਰ ਮਾਹ, ਜਪੁ ਜੀ ਸਾਹਿਬ ਦੇ ਕਈ ਪਾਠ ਸੁਣਾਉਂਦੇ। ੧੯੫੮ ਈ: ਤੋਂ ਸੰਤ ਕਰਤਾਰ ਸਿੰਘ ਜੀ 'ਖਾਲਸਾ' ਅਤੇ ਬਾਬਾ ਠਾਕਰ ਸਿੰਘ ਜੀ ਗੜਵਈ ਦੇ ਤੌਰ ਤੇ ਸੇਵਾ ਕਰਦੇ

ਰਹੇ। ਸਤਿਗੁਰੂ ਸਾਹਿਬ ਜੀ ਦੀ ਸੇਵਾ ਨਾਲ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਅਵਤਾਰ ਗੁਰਪੁਰਬ ਵਾਲੇ ਸ਼ੁਭ ਦਿਹਾੜੇ ੧੮-੧-੧੯੬੭ ਈ: ਦਿਨ ਬੁੱਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਮਦਮੀ ਟਕਸਾਲ ਦੀ ਸੇਵਾ ਸਾਰੇ ਜਥੇ ਦੇ ਸਾਹਮਣੇ ਦੀਵਾਨ ਵਿਚ ਆਪ ਆਪਣੇ ਹੱਥੀਂ ਸਿਰੋਪਾਓ ਦੇ ਕੇ ਸੌਂਪੀ।

੨੮ ਜੂਨ ੧੯੬੯ ਈ: ਨੂੰ ਵੱਡੇ ਸੰਤਾਂ ਦੇ ਸੱਚਖੰਡ ਜਾਣ ਤੋਂ ਮਗਰੋਂ ਆਪਣੀ ਇਸ ਸੇਵਾ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਬੜੀ ਜ਼ਿੰਮੇਂਵਾਰੀ ਦ੍ਰਿੜ੍ਹਤਾ ਅਤੇ ਪ੍ਰਪੱਕਤਾ ਨਾਲ ਨਿਭਾਇਆ। ਜੋ ਜੋ ਘਾਲਣਾ ਉਹਨਾਂ ਨੇ ਗੁਰਮਤਿ ਦੇ ਪ੍ਰਚਾਰ ਲਈ ਘਾਲੀਆਂ, ਅੱਖਰਾਂ ਦੀ ਲਪੇਟ ਵਿਚ ਨਹੀਂ ਆ ਸਕਦੀਆਂ, ਫਿਰ ਵੀ ਸੰਗਤਾਂ ਦੀ ਜਾਣਕਾਰੀ ਲਈ ਨਮੂਨੇ ਮਾਤਰ 'ਸੰਖੇਪ ਜੀਵਨ' ਉਹਨਾਂ ਦੇ ਦੁਸਹਿਰੇ ਤੇ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ। ਉਹਨਾਂ ਦੇ ਕਾਰਜਾਂ ਵਿਚ ਗੁਰਦੁਆਰੇ ਸਾਹਿਬ ਬਣਾਉਣੇ, ਗੁਰਬਾਣੀ ਸਟੀਕ ਦੀ ਲਿਖਤੀ ਤੌਰ ਤੇ ਸੇਵਾ ਕਰਨੀ, ਅੰਮ੍ਰਿਤ ਛਕਾਉਣਾ, ਯਾਤਰਾਵਾਂ ਕਰਨੀਆਂ, ਸਿੰਘਾਂ ਦੀ ਪੜ੍ਹਾਈ ਕਰਾ ਕੇ ਅਖੰਡ ਪਾਠੀ, ਰਾਗੀ ਅਤੇ ਕਥਾਵਾਚਕ ਬਣਾਉਣੇ, ਸਾਰੇ ਹਿੰਦੁਸਤਾਨ ਵਿਚ ਗੁਰਮਤਿ ਪ੍ਰਚਾਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੩੦੦ ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ਸੌ-ਸੌ ਕਿਲੋਮੀਟਰ ਅਤੇ ਇਸ ਤੋਂ ਵੀ ਲੰਮੇ-ਲੰਮੇ ਵਿਸ਼ਾਲ ਜਲੂਸ ਕੱਢ ਕੇ ਭਾਰੀ ਗੁਰਮਤਿ ਦਾ ਪ੍ਰਚਾਰ ਕਰਨਾ ਸ਼ਾਮਲ ਹਨ।

ਵੱਡੇ ਮਹਾਂ ਪੁਰਖਾਂ ਦੇ ਸੱਚਖੰਡ ਗਮਨ ਕਰਨ ਸਮੇਂ ਨਗਰ ਮਹਿਤਾ ਵਿਖੇ ੧੧੦ ਸ੍ਰੀ ਅਖੰਡ ਪਾਠ ਕੀਤੇ। ਅਤੇ ਭੋਗ ਸਮੇਂ ਲੱਡੂਆਂ ਦਾ ਭਾਰੀ ਭੰਡਾਰਾ ਕੀਤਾ। ਉਸ ਤੋਂ ਬਾਅਦ ਗਣੇਸ਼ਪੁਰ (ਹੁਸ਼ਿਆਰਪੁਰ) ਸੂਰੇਪੱਡਾ, ਸੁਰ ਸਿੰਘ, ਨਾਭਾ ਸਾਹਿਬ (ਚੰਡੀਗੜ੍ਹ), ਸ੍ਰੀ ਗੰਗਾਨਗਰ ਅਤੇ ਕਲਕੱਤੇ ਵਿਖੇ ਅਖੰਡ ਪਾਠਾਂ ਦੇ ਪ੍ਰਵਾਹ ਚਲਾਏ। ਮਹਿਤਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੩੦੦ ਸਾਲਾ ਸ਼ਹੀਦੀ ਪੁਰਬ ਦੇ ਸਬੰਧ ਵਿਚ ੧੨੬ ਸ੍ਰੀ ਅਖੰਡ ਪਾਠ ਕਰਵਾਏ। ਮਹਿਤਾ ਵਿਖੇ ਇਕ ਵੱਡਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵੱਡੇ ਸੰਤਾਂ ਦੀ ਯਾਦ ਵਿਚ ਬਣਵਾਇਆ, ਜਿਸ ਵਿਚ ੩੫ ਕਮਰੇ ਪਾ ਕੇ ਇਕ ਵੱਡਾ ਕੀਰਤਨ ਵਿਦਿਆਲਾ ਸਥਾਪਤ ਕੀਤਾ। ਬੇਅੰਤ ਵਿਦਿਆਰਥੀ, ਰਾਗ ਵਿੱਦਿਆ ਦੇ ਮਾਹਰ ਰਾਗੀਆਂ ਪਾਸੋਂ ਗੁਰੂ ਕੇ ਕੀਰਤਨ ਦੀ ਦਾਤ ਪ੍ਰਾਪਤ ਕਰ ਰਹੇ ਹਨ। ਵਿਦਿਆਰਥੀਆਂ ਦੇ ਲੰਗਰ, ਕਪੜੇ, ਸਾਜ਼ ਅਤੇ ਰਿਹਾਇਸ਼ ਆਦਿਕ ਦਾ ਸਾਰਾ ਪ੍ਰਬੰਧ ਜਥੇ ਵੱਲੋਂ ਕੀਤਾ ਜਾਂਦਾ ਹੈ। ਲੰਗਰ ਦੀ ਵੱਡੀ ਇਮਾਰਤ ਵਿਚ ਪੰਜ ਹਜ਼ਾਰ ਸੰਗਤ ਇਕੋ ਵਾਰੀ ਲੰਗਰ ਛਕ ਸਕਦੀ ਹੈ। ਪਿੰਡ ਸਦਰ ਵਾਲਾ (ਮੁਕਤਸਰ ਨੇੜੇ), ਕਾਲੂਵਾਂ ਅਤੇ ਰਾਮ ਥੰਮ੍ਹਣ (ਜ਼ਿਲਾ ਗੁਰਦਾਸਪੁਰ) ਵਿਚ ਗੁਰਦੁਆਰੇ ਕਾਇਮ ਕੀਤੇ।

ਜਥੇ ਵਿਚ ਅੰਮ੍ਰਿਤ ਵੇਲੇ 'ਆਸਾ ਜੀ ਦੀ ਵਾਰ' ਦੇ ਕੀਰਤਨ ਉਪਰੰਤ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਕਥਾ ਅਤੇ ਸ਼ਾਮ ਨੂੰ ਗੁਰ-ਇਤਿਹਾਸ ਦੀ ਕਥਾ ਹੁੰਦੀ ਸੀ। ਕਥਾ ਦਾ ਨਿੱਤਨੇਮ ਜ਼ਰੂਰੀ ਸੀ। 'ਖਾਲਸਾ' ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਦੋ ਕਥਾ ਦਾ ਭੋਗ ਪਾ ਕੇ ਤੀਜੀ ਅਰੰਭ ਕੀਤੀ ਹੋਈ ਸੀ। ਸ੍ਰੀ ਨਾਨਕ ਪ੍ਰਕਾਸ਼ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਹੋ ਕੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਕਥਾ ਆਰੰਭ ਹੈ, ਸ੍ਰੀ ਦਸਮ ਗ੍ਰੰਥ ਦੀ ਕਥਾ ਵੀ ਅਰੰਭ ਸੀ। ਛੋਟੀਆਂ ਪੁਸਤਕਾਂ ਵਿਚ ਵਿਚਾਰ ਮਾਲਾ, ਸਾਰਕੁਤਾਵਲੀ, ਅਧਿਆਤਮ ਪ੍ਰਕਾਸ਼, ਵਿਰਾਗ ਸ਼ੱਤਕ ਆਦਿ ਪੜ੍ਹਾਈਆਂ ਜਾਂਦੀਆਂ ਸਨ। ਹੁਣ ਤੱਕ ੨੭ ਗਿਆਨੀ (ਕਥਾ ਵਾਚਕ) ਅਤੇ ਅਨੇਕਾਂ ਪਾਠੀ ਪੜ੍ਹ ਚੁੱਕੇ ਹਨ ਜੋ ਥਾਂ ਪਰ ਥਾਂ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਗੁਰਮਤਿ ਪ੍ਰਚਾਰ ਹਿਤ ਵਿਚਰ-ਦਿਆਂ ਹੋਇਆਂ ਪੰਜ ਵਾਰ ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ ਅਤੇ ਇਕ ਵਾਰ ਸ੍ਰੀ ਹੇਮਕੁੰਟ ਸਾਹਿਬ ਪੁੱਜੇ। ਜਥੇ ਵਿਚ ਲੱਗ ਪੱਗ ੨੦੦ ਸਿੰਘ ਪੜ੍ਹਾਈ ਕਰਦੇ ਹਨ। ਜਥੇ ਦੇ ਸਾਰੇ ਸਿੰਘਾਂ ਨੂੰ ਸ਼ਸਤਰ ਵਿੱਦਿਆ (ਗਤਕਾ) ਸਿਖਾਈ ਜਾਂਦੀ ਹੈ। 'ਖਾਲਸਾ' ਜੀ ਇਕ ਦਿਨ ਵਿਚ ਪੰਜ-ਛੇ ਪਿੰਡਾਂ ਵਿਚ ਜਾ ਕੇ ਕਥਾ ਕਰਦੇ ਸਨ। ਹਜ਼ਾਰਾਂ ਪ੍ਰਾਣੀਆਂ ਕੋਲੋਂ ਦਾੜ੍ਹੀ ਰੱਖਣ ਤੇ ਸ਼ਰਾਬ ਛੱਡਣ ਦੇ ਪ੍ਰਣ ਕਰਵਾ ਕੇ ਅੰਮ੍ਰਿਤ ਛਕਾਇਆ ਕਰਦੇ ਹਨ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ' ਦੀ ਪਹਿਲੀ ਪੋਥੀ ਜਪੁ ਜੀ ਸਾਹਿਬ, ਰਹਿਰਾਸਿ, ਕੀਰਤਨ ਸੋਹਿਲੇ ਤੱਕ ਛਾਪ ਕੇ ਸੰਗਤਾਂ ਵਿਚ ਵੰਡੀ ਜਾ ਚੁੱਕੀ ਹੈ। ਵਿਭਿੰਨ ਸੰਸਥਾਵਾਂ ਵਲੋਂ ਵੱਧ ਘੱਟ ਬਾਣੀਆਂ ਛਾਪਣ ਕਾਰਨ ਅਤੇ ਸੰਗਤਾਂ ਦੀ ਬਿਹਬਲ ਮੰਗ ਨੂੰ ਲੈ ਕੇ ਦਸ ਹਜ਼ਾਰ ਨਿੱਤਨੇਮ ਦੇ ਗੁਟਕੇ ਵੀ ਛਪਵਾਏ। ਵੱਡੇ ਮਹਾਂ ਪੁਰਖਾਂ ਦਾ 'ਖਾਲਸਾ-ਜੀਵਨ' ਅਤੇ 'ਗੁਰਮਤਿ ਰਹਿਤ ਮਰਯਾਦਾ' ਵੀ ਛਪਵਾਏ ਗਏ ਹਨ ਜੋ ਛੇਤੀ ਹੀ ਸੰਗਤਾਂ ਨੂੰ ਪ੍ਰਾਪਤ ਹੋਣ ਗੀਆਂ।

ਨੌਵੇਂ ਸਤਿਗੁਰਾਂ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਨੂੰ ਮਨਾਉਂਦਿਆਂ ਗੁਰਮਤਿ ਪ੍ਰਚਾਰ ਹਿਤ 'ਸ਼ਹੀਦੀ ਮਾਰਗ' ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਦੇ ਜਲੂਸ ਵਿਚ ਸਾਰੇ ਜਥੇ ਸਮੇਤ ਸ਼ਾਮਲ ਹੋਏ। ਇਸ ਤੋਂ ਪਹਿਲਾਂ ਇਹ ਪੰਜ ਜਲੂਸ (ਸਲਾਨਾ, ਬਾਬਾ ਬਕਾਲਾ ਤੋਂ ਦੋ, ਮੁਕਤਸਰ ਤੇ ਭੁਰੇ ਪੁਰਾਣੇ ਤੋਂ) ਕੱਢੇ। 'ਸੀਸ-ਮਾਰਗ' ਜਲੂਸ ਤੋਂ ਮਗਰੋਂ ਜੋਧਪੁਰ (ਰੋੜੇ) ਜਲਾਲਾਬਾਦ, ਕਾਦੀਆਂ, ਸਲਾਲਾ, ਨਾਰੰਗਵਾਲ ਕਲਾਂ, ਫੀਰੋਜ਼ਪੁਰ, ਧਰਮਕੋਟ, ਅਖਾੜਾ, ਸੁਲਤਾਨਪੁਰ, ਖਡੂਰ ਸਾਹਿਬ, ਕਾਲੇ ਕੇ, ਪਾਨਾਗੜ੍ਹ, ਮੰਨਣ, ਗੁਰੂ ਦਾ ਚੱਕ (ਲੁਧਿਆਣਾ), ਬੰਨਾ ਖੇੜਾ (ਨੈਨੀਤਾਲ ਯੂ. ਪੀ.), ਬਹੇੜੀ (ਯੂ. ਪੀ.), ਹੁਸ਼ਿਆਰਪੁਰ, ਬਲਾਚੌਰ, ਰਾਮਪੁਰ ਖੇੜਾ, ਗੁਰਦਾਸਪੁਰ ਅਤੇ ਫਰੀਦਕੋਟ ਤੋਂ ਬਹੁਤ ਭਾਰੀ ਜਲੂਸ ਕੱਢੇ। ੩੦੧ ਸਾਲਾ ਸ਼ਹੀਦੀ ਪੁਰਬ ਤੇ ਧੰਨਵਾਦੀ ਜਲੂਸ 'ਖਾਲਸਾ' ਜੀ, ਸੰਤ ਬਾਬਾ ਸੇਵਾ ਸਿੰਘ ਜੀ ਸ੍ਰੀ: ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ

ਕਮੇਟੀ ਬਾਬਾ ਬਕਾਲਾ ਆਦਿ ਨੇ ਮਿਲ ਕੇ ਗੁਰਦੁਆਰਾ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਤੱਕ (ਬਰਾਸਤਾ ਗੋਇੰਦਵਾਲ, ਤਰਨ ਤਾਰਨ) ਮਾਹਨ ਪਵਿੱਤਰ ਸ਼ਹੀਦੀ ਜਲੂਸ ਸ੍ਰੀ ਨਨਕਾਣਾ ਸਾਹਿਬ ਵਾਲੀ ਮਹਾਨ ਪਵਿੱਤਰ ਸ਼ਹੀਦੀ ਬੀੜ ਦੀ ਛਤਰ ਛਾਇਆ ਹੇਠ ਕੱਢਿਆ। ਇਸ ਜਲੂਸ ਤੋਂ ਪਿਛੋਂ 'ਖਾਲਸਾ' ਜੀ ਨੇ ੩੦੧-ਸਾਲਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਜਲੂਸਾਂ ਦੀ ਲੜੀ ਅਰੰਭ ਕਰਦਿਆਂ ਹੋਇਆਂ ਸ੍ਰੀ ਮੁਕਤਸਰ ਸਾਹਿਬ ਅਤੇ ਮਲੋਟ ਤੋਂ ਭਾਰੀ ਜਲੂਸ ਕੱਢੇ।

ਜਲੂਸਾਂ ਦੇ ਸਿੱਟੇ ਵਜੋਂ ਹੋਈ ਸਫਲਤਾ ਲਿਖਣ ਵਿਚ ਨਹੀਂ ਆ ਸਕਦੀ। ਹਰੇਕ ਜਲੂਸ ਵਿਚ ੩੦੦ ਤੋਂ ੫੦੦ ਤੱਕ ਟਰੱਕ, ਟਰਾਲੀਆਂ, ਬੱਸਾਂ, ਕਾਰਾਂ, ਜੀਪਾਂ ਤੇ ਮੋਟਰ ਸਾਈਕਲ ਸ਼ਾਮਲ ਹੁੰਦੇ ਸਨ, ਹਵਾਈ ਜਹਾਜ਼ ਜਲੂਸ ਉਤੇ ਫੁੱਲਾਂ ਦੀ ਵਰਖਾ ਕਰਿਆ ਕਰਦਾ ਸੀ। ਇਕ ਸੌ ਕਿਲੋਮੀਟਰ ਲੰਬਾ ਜਲੂਸ ੩੦ ਤੋਂ ੬੦ ਪਿੰਡਾਂ ਵਿਚੋਂ ਲੰਘਦਾ ਸੀ। ਸਵਾਗਤੀ ਗੇਟਾਂ ਤੇ ਉਡੀਕਦੀ ਸੰਗਤ ਨੂੰ 'ਖਾਲਸਾ' ਜੀ ਪ੍ਰਚਾਰ ਸੁਣਾਉਂਦੇ ਸੰਗਤ ਪਾਸੋਂ ਬਾਹਵਾਂ ਖੜੀਆਂ ਕਰਵਾ ਕੇ ਇਹ ਪ੍ਰਣ ਕਰਵਾਇਆ ਜਾਂਦਾ ਸੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਭੀ ਪਖੰਡੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ; ਦਾਹੜੀ ਕੇਸ ਨਹੀਂ ਮੁੰਨਣੇ, ਸ਼ਰਾਬ ਨਹੀਂ ਪੀਣੀ ਆਦਿ। ਹਰ ਜਲੂਸ ਵਿਚ ਲੱਖਾਂ ਸੰਗਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ ਕਰਦੀਆਂ ਸਨ। ਮਹਾਂ ਪੁਰਖਾਂ ਨੇ ਇਕ ਨਾਹਰਾ ਹਰ ਪ੍ਰਾਣੀ ਦੇ ਮੂੰਹੋਂ ਕਢਵਾਇਆ :—

"ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ"

ਸੰਗਤਾਂ ਬੜੇ ਚਾਅ ਨਾਲ ਇਹ ਨਾਅਰਾ ਲਾਉਂਦੀਆਂ ਅਤੇ ਪ੍ਰਣ ਕਰਦੀਆਂ। ਬਰਾਊਨ ਹਸਪਤਾਲ ਵਿਖੇ ਜਦੋਂ ਪਲੱਸਤਰ ਲਾਉਣ ਲਈ ਛਾਤੀ ਦੇ ਰੋਮ ਲਾਹੁਣ ਵਾਸਤੇ ਅਮਰੀਕਨ ਡਾਕਟਰ ਐਗਲਸਟਨ ਨੇ ਮਹਾਂ ਪੁਰਖਾਂ ਕੋਲੋਂ ਪੁੱਛਿਆ ਤਾਂ ਉਹਨਾਂ ਆਪਣੀ ਗਰਦਨ ਤੇ ਹੱਥ ਫੇਰ ਕੇ ਕਿਹਾ ਕਿ **ਸਰੀਰ ਦਾ ਇਕ ਰੋਮ ਵੀ ਨਾ ਕੱਟਿਆ ਜਾਵੇ; ਸੀਸ ਭਾਵੇਂ ਕੱਟਿਆ ਜਾਵੇ।** ਇਸ ਤਰ੍ਹਾਂ ਉਹ ਨਾਹਰਾ ਜਿਹੜਾ ਉਹਨਾਂ ਸਾਰੀ ਅਵਸਥਾ ਵਿਚ ਲਾਇਆ ਅਖੀਰ ਤੱਕ ਪੂਰਾ ਕੀਤਾ ਕਿ :—

"ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।"

ਨੌਵੇਂ ਸਤਿਗੁਰਾਂ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੀ ਯਾਦ ਵਿਚ ਆਪ ਜੀ ਨੇ ਇਕ ਨਵਾਂ ਬਨਣੂੰ ਬੰਨ੍ਹਿਆ; ਜਿਥੇ ਹੋਰ ਸੰਸਥਾਵਾਂ ਨੇ ਸਕੂਲ, ਕਾਲਜ, ਹਸਪਤਾਲ ਖੋਹਲੇ ਉਥੇ ਇਹਨਾਂ ਨੇ ਗੁਰਮਤਿ ਪ੍ਰਚਾਰਕਾਂ ਦੀ ਢਲ੍ਹਿਆਈ ਕੱਢਣ ਲਈ ਉਹਨਾਂ ਨੂੰ ਅੰਮ੍ਰਿਤ ਛਕਾਉਣ ਦਾ ਉਦਮ ਕੀਤਾ। ਉਹਨਾਂ ਦੀ ਮੌਜੂਦਗੀ ਵਿਚ ਕੋਈ ਬੇ-ਅੰਮ੍ਰਿਤੀਆ ਸਟੇਜ ਤੇ ਨਹੀਂ ਸੀ ਬੋਲ ਸਕਦਾ। ਇਸ ਉਦਮ ਨਾਲ ੩੯ ਢਾਡੀ ਜਥਿਆਂ ਨੇ ਅੰਮ੍ਰਿਤ ਛਕਿਆ।

ਬੀੜ ਬਾਬਾ ਬੁੱਢਾ ਜੀ ਦੇ ਅਸਥਾਨ ਤੇ ੭ ਅਕਤੂਬਰ ੧੯੭੬ ਦੇ ਜੋੜ ਮੇਲੇ ਤੇ ਲੱਖਾਂ ਸੰਗਤਾਂ ਦੇ ਇਕੱਠ ਵਿਚ ਪ੍ਰਚਾਰ ਕੀਤਾ ਅਤੇ ਸੰਤ ਬਾਬਾ ਖੜਕ ਸਿੰਘ ਜੀ ਦੀ ਪ੍ਰੇਰਨਾ ਕਰਕੇ ਪੰਜ ਹਜ਼ਾਰ ਪ੍ਰਾਣੀਆਂ ਦੇ ਦਾਹੜੀ ਕੇਸ ਰੱਖਣ ਅਤੇ ਸ਼ਰਾਬ ਛੱਡਣ ਦੇ ਪ੍ਰਣ ਕੀਤੇ। ਇਸ ਨਜ਼ਾਰੇ ਦੀ ਫ਼ਿਲਮ ਵੀ ਤਿਆਰ ਹੈ ਜੋ ਕਿ ਸੰਗਤਾਂ ਨੂੰ ਜਲਦੀ ਹੀ ਵਿਖਾਈ ਜਾਵੇਗੀ।

ਜਦ ਕੋਈ ਵੀ 'ਖਾਲਸਾ' ਜੀ ਨੂੰ ਘਰ ਬੁਲਾਉਂਦਾ ਤਾਂ ਉਹ ਪੁਛਦੇ ਕਿ ਸਾਰਾ ਪ੍ਰਵਾਰ ਅੰਮ੍ਰਿਤਧਾਰੀ ਹੈ ? ਜੇ ਕੁਝ ਢਿੱਲ ਮੱਠ ਹੁੰਦੀ ਤਾਂ ਪ੍ਰਣ ਕਰਦੇ ਕਿ ਅਸੀਂ ਦਾੜ੍ਹੀ ਰੱਖ ਕੇ ਸ਼ਰਾਬ ਛਡ ਕੇ ਅੰਮ੍ਰਿਤ ਛਕਾਂਗੇ। ਇਸ ਤਰ੍ਹਾਂ ਨਾਲ ਗੁਰਮਤਿ ਦਾ ਦ੍ਰਿੜ੍ਹ ਪ੍ਰਚਾਰ ਕਰਨ ਵਿਚ ਵੱਡਾ ਯੋਗ ਦਾਨ ਦਿੱਤਾ।

ਬਰਾਊਨ ਹਸਪਤਾਲ ਵਿਖੇ 'ਖਾਲਸਾ' ਜੀ ਨੇ ਇਕੋ ਮੰਗ ਕੀਤੀ ਸੀ ਕਿ ਉਹਨਾਂ ਪਾਸ ਹਰ ਸਮੇਂ ਇਕ ਸਿੰਘ ਬਾਣੀ ਪੜ੍ਹਦਾ ਰਹੇ। ਉਹਨਾਂ ਦੀ ਨਿੱਤ ਦੀ ਇਹੋ ਅਰਦਾਸ ਸੀ ਕਿ ਸੱਚੇ ਸਤਿਗੁਰੋ ! ਕਿਰਪਾ ਕਰੋ ਸਿਮਰਨ ਚਲਦਾ ਰਹੇ। ਜਥੇ ਦੇ ਸਿੰਘਾਂ ਨੂੰ ਇਹੋ ਹੀ ਕਹਿੰਦੇ ਰਹੇ ਕਿ ਅਰਦਾਸ ਕਰੋ ਸਿਮਰਨ ਨਾ ਭੁੱਲੇ ਤੇ ਭਾਣਾ ਮੰਨੋ। ਸਿਮਰਨ ਅਤੇ ਭਾਣਾ ਦੋ ਸ਼ਬਦ ਉਹਨਾਂ ਦੇ ਮੁੱਖ 'ਚੋਂ ਅੰਤ ਤੱਕ ਨਿਕਲਦੇ ਰਹੇ। ਜਿੰਨੇ ਵੀ ਸੰਤ ਮਹਾਤਮਾਂ ਉਹਨਾਂ ਨੂੰ ਮਿਲਣ ਗਏ, ਉਹਨਾਂ ਨੂੰ ਇਹੋ ਕਹਿੰਦੇ ਰਹੇ, 'ਮਨ ਉਸੇ ਤਰ੍ਹਾਂ ਕਾਇਮ ਹੈ, ਅਸੀਸ ਦਿਓ ਕਿ ਸਿਮਰਨ ਅੰਤਮ ਸੁਆਸਾਂ ਤੱਕ ਚਲਦਾ ਰਹੇ ਅਤੇ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।'

ਹਸਪਤਾਲ ਵਿਖੇ ਡਾਕਟਰਾਂ ਦੇ ਕਹਿਣ ਦੇ ਬਾਵਜੂਦ ਵੀ ਹਰ ਮਹਾਤਮਾ, ਮਹਾਂਪੁਰਖ ਨੂੰ ਬਾਹੋਂ ਫੜ ਕੇ ਕੋਲ ਬਿਠਾਉਂਦੇ ਰਹੇ। ਹਰ ਰੋਜ਼ ਉਹਨਾਂ ਨੂੰ ਅਰਦਾਸ ਕਰਦਿਆਂ ਸੁਣਦੇ ਸਾਂ। ਕਿਸੇ ਦੇ ਚਿੱਤ ਖਿਆਲ ਨਹੀਂ ਸੀ ਕਿ ਮਹਾਂ ਪੁਰਖ ਭਾਣਾ ਵਰਤਾ ਜਾਣਗੇ। ਪਰ ਉਹਨਾਂ ਹਰੇਕ ਕੰਮ ਕਾਹਲੀ ਵਿਚ ਕੀਤਾ। ਗੁਰਦੁਆਰਾ ਸਾਹਿਬ ਵੀ ਜਲਦੀ ਵਿਚ ਹੀ ਬਣਵਾਇਆ, ਕੀਰਤਨ ਵਿਦਿਆਲਾ ਕਾਇਮ ਕੀਤਾ। ਪ੍ਰਚਾਰ ਕਰਕੇ ਕੌਮ ਨੂੰ ਬਹੁਤ ਛੇਤੀ ਹਲੂਣਿਆ। ਨਵੇਂ ਸਿੰਘਾਂ ਨੂੰ ਗਿਆਨੀ, ਪਾਠੀ ਅਤੇ ਰਾਗੀ ਬਣਾਇਆ ਤੇ ਛੋਟੀ ਉਮਰ ਵਿਚ ਜਲਦੀ ਹੀ ਮਾਣ-ਜੱਸ ਪ੍ਰਾਪਤ ਕੀਤਾ। ਪਰ ਅਫਸੋਸ ਕਿ ਉਹ ਪ੍ਰੀਤਮ ਨਾਲ ਸਦੀਵੀ ਮਿਲਾਪ ਲਈ ਪਹਿਲੀ ਭਾਦਰੋਂ ਸੰਮਤ ੨੦੩੪ ਮੁਤਾਬਿਕ ੧੬ ਅਗਸਤ ੧੯੭੭ ਨੂੰ ਬਹੁਤ ਕਾਹਲੀ ਕਰ ਕੇ ਜਲਦੀ ਹੀ ਸੱਚਖੰਡ ਜਾ ਬਿਰਾਜੇ। ਹੁਣ ਪਤਾ ਲਗਦੈ ਕਿ ਉਹ ਕਿਉਂ ੨੨-੨੨ ਘੰਟੇ ਹਰ ਰੋਜ਼ ਕਰੜੀ ਘਾਲਣਾ ਘਾਲਦੇ ਹਨ। ਉਹਨਾਂ ਦੇ ਇਹ ਬਚਨ—'ਜਵਾਨੀ ਦਾ ਫ਼ਾਇਦਾ ਲੈ ਲਈਏ, ਸਰੀਰਾਂ ਦਾ ਕੀ ਪਤਾ ਹੈ ?' ਹੁਣ ਭਵਿੱਖ ਬਾਣੀ ਸਾਬਤ ਹੋਈ।

ਉਹਨਾਂ ਦੇ ਸਰੀਰ ਨੂੰ ਲੁਧਿਆਣੇ ਗੁਰਦੁਆਰਾ ਕਲਗੀਧਰ ਤੋਂ ਇਕ ਜਲੂਸ ਦੇ ਰੂਪ ਵਿਚ ਲਿਆਂਦਾ ਗਿਆ। ਮਹਾਂ ਪੁਰਖਾਂ ਦਾ ਸਰੀਰਕ ਵਿਛੋੜਾ ਸੁਣ ਕੇ ਇਹ

ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ। ਸਿੱਖ ਸੰਸਾਰ ਵਿਚ ਮਾਤਮ ਛਾ ਗਿਆ। ਗੁਰਮਤਿ ਪ੍ਰਚਾਰ ਦਾ ਥੰਮ੍ਹ ਜਿਵੇਂ ਡਿੱਗ ਪਿਆ ਹੋਵੇ। ਗੁਰਮਤਿ ਦੇ ਪ੍ਰਚਾਰ ਦੀ ਨਿਰੋਲ ਟਕਸਾਲ ਜਿਸ ਵੱਲ ਕਦੇ ਕਿਸੇ ਸ਼ੱਕ ਦੀ ਨਿਗਾਹ ਨਾਲ ਨਹੀਂ ਸੀ ਵੇਖਿਆ, ਦੇ ਸੰਚਾਲਕ ਗੁਰੂ ਗੋਦੀ ਵਿਚ ਜਾ ਬਿਰਾਜੇ।

ਹਜ਼ਾਰਾਂ ਸੰਗਤਾਂ ਨੇ ਸਜਲੇ ਨੈਣਾਂ ਨਾਲ ਉਹਨਾਂ ਦੇ ਅੰਤਮ ਦਰਸ਼ਨ ਕੀਤੇ। ਹੰਝੂਆਂ ਦੀਆਂ ਮਾਲਾ ਨਾਲ ਸ਼ਰਧਾਂਜਲੀਆਂ ਭੇਟ ਕੀਤੀਆਂ। ੧੭ ਅਗਸਤ ੧੯੭੭ ਨੂੰ ਪੂਰਨ ਗੁਰ-ਮਰਯਾਦਾ ਅਤੇ ਸਰਕਾਰੀ ਸਨਮਾਨਾਂ ਨਾਲ ਉਹਨਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਗੁਰਦੁਆਰੇ ਸਾਹਿਬ ਦੀ ਵੱਡੀ ਬਿਲਡਿੰਗ ਵਿਚ ਆਲ੍ਹਣੇ ਵਿਚੋਂ ਡਿੱਗੇ ਬੋਟਾਂ ਵਾਂਗ ਉਹਨਾਂ ਦੇ ਮਿਲਾਪੀ ਵਿਰਲਾਪ ਕਰ ਰਹੇ ਸਨ। ਗੁਰਸਿੱਖੀ ਅਤੇ ਇਨਸਾਨੀਅਤ ਨਾਲ ਪਿਆਰ ਕਰਨ ਵਾਲਿਆਂ ਨਾਲ ਕਿਸ ਦਾ ਪ੍ਰੇਮ ਘੱਟ ਸੀ। ਸੰਗਤ ਦੇ ਵੈਰਾਗ ਦਾ ਹੜ੍ਹ ਵਹਿ ਰਿਹਾ ਸੀ ਅਤੇ ਜਥੇ ਦੇ ਰਾਗੀ ਸ਼ਬਦ ਪੜ੍ਹ ਰਹੇ ਸਨ :—

"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥"
"ਬਹੁਰਿ ਹਮ ਕਾਹੇ ਆਵਹਿਗੇ ॥"

ਆਖਰ ਨਕਲੀ ਗੁਰੂਆਂ ਨੇ

ਸਿੱਖਾਂ ਦਾ ਖ਼ੂਨ ਪੀ ਕੇ ਹੀ ਦਮ ਲਿਆ

ਗਿਆਨੀ ਗੁਰਦਿਤ ਸਿੰਘ

ਅੰਮ੍ਰਿਤਸਰ ਦੇ ਖੂਨੀ ਸਾਕੇ ਦੀ ਤਤਕਾਲ ਪ੍ਰਾਪਤ ਹੋਈ ਇਹ ਰਿਪੋਰਟ ਅੱਖੀਂ ਦੇਖਣ ਅਤੇ ਵਿਚ ਸ਼ਾਮਲ ਹੋਏ ਸਿੰਘਾਂ ਦੇ ਬਿਆਨਾਂ ਉਤੇ ਨਿਰਭਰ ਹੈ, ਜੋ ਘਟਨਾ ਤੋਂ ਦੂਜੇ ਦਿਨ ਹੀ ਸੁਣੇ ਤੇ ਰੀਕਾਰਡ ਕੀਤੇ ਗਏ ਸਨ।

ਸਿੱਖ ਕੌਮ ਦੀ ਧਰਮ ਵਲੋਂ ਬੇਪ੍ਰਵਾਹੀ, ਨਿਤ ਉਠ ਰਹੇ ਦੰਭੀ ਗੁਰੂਆਂ ਅਤੇ ਨਕਲੀ ਤੇ ਭੇਖੀ ਲੋਕਾਂ ਬਾਰੇ ਵਰਤੇ ਜਾਂਦੇ ਅਵੇਸਲੇ ਪਨ ਦਾ ਕੌੜਾ ਫਲ ਆਖਰ ਸਿੱਖ ਕੌਮ ਨੂੰ ਤੱਤੇ ਲੋਹੇ ਵਾਂਗ ਚੱਟਣਾ ਹੀ ਪਿਆ। ਵੈਸਾਖੀ ਤੇ ਖਾਲਸਾ ਪੰਥ ਦੀ ਰਚਨਾ ਵਾਲ ਦਿਨ ਦੰਭੀ ਨਿਰੰਕਾਰੀਆਂ ਨੇ ਸਿੱਖਾਂ ਦੇ ਗੜ੍ਹ ਅੰਮ੍ਰਿਤਸਰ ਵਿਚ ਪੰਥ ਦੀ ਹਿੱਕ ਉਤੇ ਮੂੰਗ ਦਲਣ ਲਈ ਇਸ ਵਾਰੀ ਬੜਾ ਵੰਗਾਰ ਭਰਿਆ ਸਾਜ਼ਸ਼ੀ ਫੈਸਲਾ ਕੀਤਾ ਅਤੇ ਉਸ ਨੂੰ ਜ਼ੋਰ ਸ਼ੋਰ ਨਾਲ ਸਿਰੇ ਚੜ੍ਹਾਇਆ। ਅੰਮ੍ਰਿਤਸਰ ਜਿਥੇ ਕਦੇ ਸਿੱਖਾਂ-ਹਿੰਦੂਆਂ ਦੇ ਸਾਂਝੇ ਤੇ ਵਖੋ-ਵਖਰੇ ਜਲੂਸਾਂ ਤੋਂ ਬਿਨਾਂ ਕੋਈ ਜਲੂਸ ਨਹੀਂ ਨਿਕਲਿਆ ਸੀ, ਇਸ ਵਾਰੀ ਵੈਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੇ ਲੱਖਾਂ ਆਦਮੀਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਿਚ ਜਲੂਸ ਕੱਢਣ ਦੀ ਵੰਗਾਰ ਪਾਈ ਤੇ ਭਾਰੀ ਗਿਣਤੀ ਵਿਚ ਆਪਣੇ ਚੇਲੇ-ਚਾਟੜੇ ਇਕੱਠੇ ਕੀਤੇ, ਜਿਨ੍ਹਾਂ ਲਈ ਸਿੱਖ ਵਿਰੋਧੀ ਅਖਬਾਰਾਂ ਵਿਚ ਪੂਰੇ-ਪੂਰੇ ਸਫੇ ਦੇ ਇਸ਼ਤਿਹਾਰ ਵੀ ਦਿਤੇ ਗਏ, ਪੰਜਾਬ ਭਰ ਦੀਆਂ ਕੰਧਾਂ ਇਸ਼ਤਿਹਾਰਾਂ ਨਾਲ ਥੱਪੀਆਂ ਗਈਆਂ। ਨਿਰੰਕਾਰੀ ਮਹੰਤ ਨੇ ਆਪਣੀ ਘਰ ਵਾਲੀ ਨੂੰ ਨਾਲ ਬੈਠਾ ਕੇ ਅੰਮ੍ਰਿਤਸਰ ਦੇ ਸ਼ਾਹ-ਰਾਹ ਉਤੋਂ ਦੀ ਸ਼ਾਹਾਨਾ ਜਲੂਸ ਕਢਿਆ ਅਤੇ ਸਿੱਖਾਂ ਦੇ ਦਿਲਾਂ ਨੂੰ ਦੁਖਾਉਣ ਵਾਲੇ ਮੁਜ਼ਾਹਰੇ ਕੀਤੇ ਤੇ ਦੁਖਾਵੇਂ ਨਾਹਰੇ ਲਾਏ ਗਏ, ਜਿਨ੍ਹਾਂ ਵਿਚ—ਜਿਵੇਂ ਦਸਿਆ ਜਾਂਦਾ ਹੈ, ਇਹ ਨਾਹਰਾ ਵੀ ਸੀ—ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਅਜ ਪੰਜ ਪਿਆਰੇ ਚੁਣੇ ਸਨ, ਮੈਂ ਸਤ-ਸਿਤਾਰੇ ਚੁਣਾਂਗਾ। ਯਾਦ ਰਹੇ ਇਸ ਤੋਂ ਪਹਿਲਾਂ ਸਿੱਖਾਂ ਦਾ ਮੂੰਹ ਚਿੜ੍ਹਾਉਣ ਲਈ ਇਨ੍ਹਾਂ ਲੋਕਾਂ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਤੁੱਲ ਦਸਣ ਲਈ, ਇਕ ਇਸਤ੍ਰੀ ਨੂੰ ਬੀਬੀ ਨਾਨਕੀ, ਕੁਝ ਮਨੁੱਖਾਂ ਨੂੰ ਭਾਈ

ਮਰਦਾਨਾ, ਭਾਈ ਬਾਲਾ, ਭਾਈ ਗੁਰਦਾਸ ਤੇ ਬਾਬਾ ਬੁੱਢਾ ਆਦਿ ਸਿੱਖਾਂ ਦੀਆਂ ਹੋਰ ਹਸਤੀਆਂ ਦੇ ਨਾਂ ਆਪਣੇ ਗਲੀਜ਼ ਚੇਲਿਆਂ ਹੇਠਾਂ ਰਖੇ ਹੋਏ ਹਨ। ਜਿਵੇਂ ਕਈ ਚਿੜ੍ਹਾਉਣ ਵਾਲੇ ਸ਼ਰੀਕ ਕੁੱਤੇ ਬਿਲਿਆਂ ਦੇ ਨਾਮ ਆਪਣੇ ਦੋਖੀਆਂ ਨੂੰ ਦੁਖਾਉਣ ਲਈ ਉਨ੍ਹਾਂ ਦੇ ਬੰਦਿਆਂ ਦੇ ਨਾਵਾਂ ਉਤੇ ਰਖ ਲੈਣ। ਉਹੋ ਢੰਗ ਇਨ੍ਹਾਂ ਲੋਕਾਂ ਵਰਤਿਆ।

ਅੰਮ੍ਰਿਤਸਰ ਦੀ ਇਤਲਾਹ ਹੈ ਕਿ ਜਲੂਸ ਵਿਚ ਇਸ ਕਿਸਮ ਦੇ ਰਵੱਈਏ ਨੂੰ ਦੇਖ ਕੇ ਸੰਤ ਜਰਨੈਲ ਸਿੰਘ ਮਹਿਤਾ (ਭਿੰਡਰਾਂ ਵਾਲੇ) ਜੋ ਆਪਣੇ ਸਾਥੀਆਂ ਸਮੇਤ ਅੰਮ੍ਰਿਤਸਰ ਆਏ ਹੋਏ ਸਨ, ਜਿਨ੍ਹਾਂ ਦੇ ਜਥੇ ਦੀ ਇਕ ਦੋ ਵਾਰ ਪਹਿਲਾਂ ਵੀ ਇਨ੍ਹਾਂ ਨਕਲੀ ਨਿਰੰਕਾਰੀਆਂ ਨਾਲ ਚਰਚਾ ਤੇ ਮੁਠ-ਭੇੜ ਹੋ ਚੁਕੀ ਹੈ, ਤਲਮਲਾਏ ਅਤੇ ਇਸ ਕੁਫਰ ਦੇ ਪ੍ਰਚਾਰ ਨੂੰ ਬੰਦ ਕਰਨ ਲਈ ਉਦਮ ਕਰਨ ਲਗੇ। ਵੈਸਾਖੀ ਵਾਲੇ ਦਿਨ ਮੰਜੀ ਸਾਹਿਬ ਦੇ ਦੀਵਾਨ ਵਿਚ ਪੁਜ ਕੇ ਸੰਤ ਜੀ ਨੇ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ (ਮਾਲ ਮੰਤਰੀ) ਨੂੰ ਜੋ ਏਥੇ ਭਾਸ਼ਣ ਕਰਨ ਆਏ ਸਨ, ਸਾਰੀ ਗੱਲ-ਬਾਤ ਦੱਸੀ ਤੇ ਆਪਣਾ ਰੋਸ ਪ੍ਰਗਟ ਕੀਤਾ। ਜਥੇਦਾਰ ਜੀ ਨੇ—ਜਿਵੇਂ ਦਸਿਆ ਜਾਂਦਾ ਹੈ, ਸੰਤ ਜੀ ਨੂੰ ਕਿਹਾ, ਕਿ ਜੋ ਕੁਝ ਹੋਣਾ ਸੀ ਹੋ ਚੁਕਿਆ ਹੈ। ਅੰਤਮ ਜਲਸਾ ਹੋ ਰਿਹਾ ਹੈ, ਉਨ੍ਹਾਂ ਦਾ ਜਲੂਸ ਖਤਮ ਹੋ ਗਿਆ ਹੈ। ਸਰਕਾਰ ਵਲੋਂ ਕਿਸੇ ਕਿਸਮ ਦਾ ਕੋਈ ਕਦਮ ਇਸ ਵੇਲੇ ਉਠਾਇਆ ਨਹੀਂ ਜਾ ਸਕਦਾ। ਪਤਾ ਲਗਿਆ ਹੈ ਉਨ੍ਹਾਂ ਇਹ ਵੀ ਕਿਹਾ ਕਿ ਇਹ ਜਲਸਾ ਬੰਦ ਕਰਾਉਣ ਵਾਲਾ ਕੰਮ ਮੁੱਖ ਮੰਤਰੀ ਜੀ ਕਰਵਾ ਸਕਦੇ ਹਨ। ਇਸ ਤੇ ਸੰਤ ਜੀ ਅਤੇ ਵਜ਼ੀਰ ਸਾਹਿਬ ਵਿਚ ਕੁਝ ਗਰਮਾ-ਗਰਮੀ ਵੀ ਹੋਈ। ਸੰਤ ਜਰਨੈਲ ਸਿੰਘ ਏਥੋਂ ਇਹ ਕਹਿ ਕੇ ਵਾਪਸ ਚਲੇ ਗਏ ਕਿ ਜੋ ਸਰਿਆ-ਬਣਿਆ ਅਸੀਂ ਆਪੇ ਕਰਾਂਗੇ। ਸੰਤ ਜੀ ਗੁਰੂ ਰਾਮਦਾਸ ਸਰਾਂ ਵਿਚ ਪੁੱਜੇ ਅਤੇ ਫੈਸਲਾ ਕੀਤਾ ਕਿ ਨਿਰੰਕਾਰੀਆਂ ਦੇ ਦੀਵਾਨ ਵਿਚ ਜਾ ਕੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਅਜੇਹੀਆਂ ਦੁਖਦਾਈ ਗੱਲਾਂ ਕਰਕੇ ਸਿੱਖਾਂ ਦੇ ਦਿਲ ਨਾ ਦੁਖਾਏ ਜਾਣ। ਇਹ ਵੀ ਖਬਰ ਹੈ, ਸੰਤ ਜਰਨੈਲ ਸਿੰਘ ਹੁਰਾਂ ਫੈਸਲਾ ਸੁਣਾ ਦਿਤਾ ਸੀ, ਕਿ ਅਸੀਂ ਤਾਂ ਚੱਲੇ ਹਾਂ ਜਿਸ ਨੇ ਆਉਣਾ ਹੋਵੇ ਆ ਜਾਵੇ। ਇਹ ਸੂਚਨਾ ਮੰਜੀ ਸਾਹਿਬ ਦੀਵਾਨ ਵਿਚ ਵੀ ਪੁੱਜੀ, ਏਥੋਂ ਸੁਨੇਹਾ, "ਅਜੀਤ ਨਗਰ" ਪਹੁੰਚਾਇਆ ਗਿਆ, ਜਿਥੇ ਭਾਈ ਰਣਧੀਰ ਸਿੰਘ ਜੀ ਦੀ ਸੌ ਸਾਲਾ ਯਾਦ ਵਿਚ ਸਮਾਗਮ ਹੋ ਰਿਹਾ ਸੀ। ਭਾਈ ਹਜ਼ਾਰਾ ਸਿੰਘ (ਰੀ.) ਡੀ. ਐਸ. ਪੀ. ਨੇ ਵਿਚੋਂ ਦੀ ਇਹ ਸੂਚਨਾ ਦਿਤੀ ਕਿ ਭਾਈ ਜਰਨੈਲ ਸਿੰਘ ਦਾ ਇਕ ਸੁਨੇਹਾ ਪੁਜਿਆ ਹੈ। ਬੀਬੀਆਂ ਤੇ ਬੁਢੇ ਬੈਠੇ ਰਹਿਣ, ਜੋ ਸਿੰਘ ਜਾਣਾ ਚਾਹੁੰਦੇ ਹੋਣ, ਉਹ ਜਾਣ। ਪਰ ਖਰੂਦ ਨਾ ਕੀਤਾ ਜਾਵੇ।

ਸਿੰਘਾਂ ਨੂੰ ਸੱਦਾ ਪੁੱਜਣਾ :

ਅਖੰਡ ਕੀਰਤਨੀ ਜਥੇ ਦੇ ਸਿੰਘ ਕੀਰਤਨ ਵਿਚ ਰਸ ਗੁੰਦੇ ਹੋਏ ਝੂਮ ਰਹੇ ਸਨ, ਜਦੋਂ ਬਾਬਾ ਜਰਨੈਲ ਸਿੰਘ ਮਹਿਤੇ ਵਾਲਿਆਂ ਵਲੋਂ ਇਕ ਸੱਜਣ ਨੇ ਜਾ ਕੇ ਸੁਨੇਹਾ

ਦਿਤਾ ਕਿ, ਸੰਤ ਜੀ ਹੁਰਾਂ ਅਰਦਾਸਾ ਕਰਕੇ ਨਿਰੰਕਾਰੀਆਂ ਦੇ ਮੰਡਪ ਵਲ ਚੱਲਣ ਦਾ ਫੈਸਲਾ ਕਰ ਲਿਆ ਹੈ, ਤਾਂ ਜੁ ਨਿਰੰਕਾਰੀਆਂ ਦੇ ਸ੍ਰੀ ਮਹੰਤ ਅਤੇ ਮੁਖੀਆਂ ਨੂੰ ਕਿਹਾ ਜਾਵੇ ਕਿ ਸਿੱਖਾਂ ਦੇ ਦਿਲ ਲੂਹਣ ਵਾਲੀਆਂ ਗੱਲਾਂ ਨਾ ਕਰੋ।

ਇਹ ਸੂਚਨਾ ਭਾਈ ਜੋਗਿੰਦਰ ਸਿੰਘ ਜੀ ਰਾਹੀਂ ਪੁੱਜੀ ਕਿ ਬਾਬਾ ਜਰਨੈਲ ਸਿੰਘ ਮਹਿਤੇ ਵਾਲਿਆਂ ਦਾ ਸੁਨੇਹਾ ਪੁਜਿਆ ਹੈ ਕਿ ਉਨ੍ਹਾਂ ਦਾ ਜਥਾ ਨਿਰੰਕਾਰੀਆਂ ਦੇ ਮੰਡਪ ਵਲ ਜਾਣਾ ਚਾਹੁੰਦਾ ਹੈ, ਤਾਂ ਜੁ 'ਨਿਰੰਕਾਰੀ ਬਾਬੇ' ਨੂੰ ਕਿਹਾ ਜਾਵੇ ਕਿ ਉਹ ਗੁਰ ਨਿੰਦਾ ਨਾ ਕਰਨ। ਜੋ ਸਿੰਘ ਨਾਲ ਜਾਣਾ ਚਾਹੁੰਦੇ ਹੋਣ ਉਹ ਚਲੇ ਜਾਣ। ਪਰ ਸਭ ਨੇ ਸ਼ਾਂਤਮਈ ਰਹਿਣਾ ਹੈ। ਸਾਡੀ ਜਾਚੇ ਇਹ ਫੈਸਲਾ ਕਾਹਲੀ ਵਿਚ ਕੀਤਾ ਗਿਆ ਸੀ ਜਿਸ ਵਿਚ ਇਹ ਵੀ ਨਾ ਦੇਖਿਆ ਗਿਆ ਕਿ ਅਗਲੇ ਪਾਸੇ ਕਿਤਨੀ ਤਿਆਰੀ ਹੈ।

ਇਹ ਸੱਦਾ ਸੁਣਕੇ ਚੌਕੜੇ-ਮਾਰੀ ਸੰਗਤ ਵਿਚੋਂ ਸੌ ਦੇ ਕਰੀਬ ਸਿੰਘ ਇਕ-ਇਕ ਕਰਕੇ ਉਠੇ ਅਤੇ ਮਹਾਰਾਜ ਨੂੰ ਮੱਥਾ ਟੇਕ-ਟੇਕ ਕੇ ਰਵਾਨਾ ਹੁੰਦੇ ਗਏ। ਸਿੰਘ ਵਾਹੋ-ਦਾਹੀ ਸਰਾਂ ਵਿਚ ਪੁੱਜ ਗਏ, ਜਿਥੇ ਸੰਤ ਜਰਨੈਲ ਸਿੰਘ ਮਹਿਤਾ ਭਿੰਡਰਾਂ ਵਾਲਿਆਂ ਨੇ ਦਸਿਆ ਕਿ ਨਿਰੰਕਾਰੀ ਨੇ ਸਾਡੀ ਹਿੱਕ ਉਤੇ ਮੂੰਗ ਦਲਣ ਲਈ ਕੋਈ ਕਸਰ ਨਹੀਂ ਛੱਡੀ ਅਤੇ ਜਥੇਦਾਰ ਉਮਰਾਨੰਗਲ ਨਾਲ ਹੋਈ ਵਾਰਤਾ ਵੀ ਜਲਸਾ ਬੰਦ ਕਰਾਇਆ ਜਾਵੇ, ਦੱਸੀ, ਇਹ ਵੀ ਕਿਹਾ ਕਿ ਮੈਂ ਵਜ਼ੀਰਾਂ ਤੇ ਲੀਡਰਾਂ ਨੂੰ ਬੜਾ ਕਿਹਾ ਹੈ ਕਿ ਇਹ ਗੁਰੂ ਨਿੰਦਕਾਂ ਦਾ ਪਰ ਉਨ੍ਹਾਂ ਨੇ ਬੇਵਸੀ ਦੱਸੀ ਹੈ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਜਾ ਕੇ ਨਿਰੰਕਾਰੀਆਂ ਨੂੰ ਪ੍ਰੇਰਨਾ ਕਰੀਏ ਕਿ ਉਹ ਗੁਰੂ ਨਿੰਦਾ ਨਾ ਕਰਨ। ਦੱਸਿਆ ਜਾਂਦਾ ਹੈ ਉਨ੍ਹਾਂ ਨੇ ਖਾਸ ਤੌਰ ਤੇ ਹਿਦਾਇਤ ਕੀਤੀ ਕਿ ਕੋਈ ਸਿੰਘ ਸ਼ਸਤ੍ਰ ਨਾ ਉਠਾਏ। ਹੱਥ ਜੋੜ ਬੇਨਤੀ ਕੀਤੀ ਜਾਵੇ, ਜੇ ਉਹ ਅਗੋਂ ਹਮਲਾ ਕਰਨ ਤਾਂ ਟਾਕਰੇ ਵਿਚ ਉਸ ਦੇ ਜਵਾਬ ਵਿਚ ਵੀ ਕੋਈ ਹਥਿਆਰ ਨਾ ਚੁਕਿਆ ਜਾਵੇ। ਸੰਤ ਜੀ ਨੇ ਕਿਹਾ ਕਿ ਜੇ ਆਗਿਆ ਕਰੋ ਤਾਂ ਮੈਂ ਵੀ ਨਾਲ ਚੱਲਾਂ, ਪਰ ਸੰਗਤਾਂ ਦੇ ਰੋਕਣ ਉਤੇ ਸੰਤ ਜੀ ਰੁਕ ਗਏ। ('ਜੇ ਜਾਂਦੇ ਸ਼ਾਇਦ ਸਮਝਾ ਬੁਝਾ ਲੈਂਦੇ ਤੇ ਭਾਣਾ ਨਾ ਵਰਤਦਾ'—ਸੰਪਾਦਕ) ਇੰਞ ਡੇਢ ਸੌ ਦੇ ਕਰੀਬ ਸਿੰਘ ਵਾਹੋ-ਦਾਹੀ ਮਾਰਚ ਕਰਦੇ ਸ਼ਬਦ ਪੜ੍ਹਦੇ ਹੋਏ 'ਰੀਗੋ ਬ੍ਰਿਜ' ਕੋਲ ਪੁੱਜੇ, ਜਿਥੇ ਨਿਰੰਕਾਰੀਆਂ ਵਲੋਂ ਕੇਂਦਰੀ ਸਰਕਾਰ ਦੇ ਰੇਲਵੇ ਮਹਿਕਮੇ ਦੀ ਭੂਮੀ ਉਤੇ ਵਿਸ਼ਾਲ ਪੰਡਾਲ ਲਗਾ ਕੇ ਸ਼ਹਿਰ ਵਸਾਇਆ ਹੋਇਆ ਸੀ ਅਤੇ ਵਡੇ ਸ਼ਾਮਿਆਨੇ ਹੇਠਾਂ ਨਿਰੰਕਾਰੀ ਭਾਸ਼ਣ ਦੇ ਰਹੇ ਸਨ ਤੇ ਸਿੱਖੀ ਬਾਰੇ ਠੱਠੇ ਕਰ ਰਹੇ ਸਨ। ਆਸ-ਪਾਸ ਟਰੱਕਾਂ ਨੇ ਕਿਲ੍ਹਾ ਵਲਿਆ ਹੋਇਆ ਸੀ।

ਏਥੇ ਪੁਲਸ ਦੇ ਅਧਿਕਾਰੀਆਂ ਨੇ ਸਿੰਘਾਂ ਨੂੰ ਰੋਕ ਲਿਆ ਅਤੇ ਪੁਛਿਆ ਕਿ ਤੁਸੀਂ ਕਿਸ ਲਈ ਅਗੇ ਜਾ ਰਹੇ ਹੋ ? ਭਾਈ ਫੌਜਾ ਸਿੰਘ ਨੇ ਦਸਿਆ ਕਿ ਅਸੀਂ ਨਿਰੰਕਾਰੀ ਬਾਬੇ ਨੂੰ ਕਹਿਣ ਜਾ ਰਹੇ ਹਾਂ ਕਿ ਸਿੱਖਾਂ ਦੇ ਗੜ੍ਹ ਵਿਚ ਸਿੱਖ ਗੁਰੂਆਂ ਦੀ ਨਿੰਦਾ ਤੇ ਮਖੌਲ ਨਾ ਉਡਾਏ ਜਾਣ, ਸਾਡੇ ਪਾਸੋਂ ਇਹ ਬਰਦਾਸ਼ਤ ਨਹੀਂ ਹੁੰਦੇ। ਕੋਈ ਵੀ

ਧਰਮ ਕਿਸੇ ਦੀ ਨਿੰਦਿਆ ਨਹੀਂ ਸਿਖਾਉਂਦਾ। ਇਸ ਲਈ ਇਹ ਜਲਸਾ ਬੰਦ ਕਰ ਦਿੱਤਾ ਜਾਵੇ।

ਕਹਿੰਦੇ ਹਨ ਪੁਲੀਸ ਵਲੋਂ ਸਰਦਾਰ ਅਨੂਪ ਸਿੰਘ ਇੰਨਸਪੈਕਟਰ ਨੇ ਕਿਹਾ ਕਿ ਇਹ ਤਾਂ ਮਾਮੂਲੀ ਗੱਲ ਹੈ, ਮੈਂ ਜਲਸੇ ਵਿਚ ਜਾ ਕੇ ਬੰਦ ਕਰਾ ਆਉਂਦਾ ਹਾਂ । ਸ: ਫੌਜਾ ਸਿੰਘ ਨੇ ਕਿਹਾ ਕਿ ਫਿਰ ਸਾਨੂੰ ਅਗੇ ਜਾਣ ਦੀ ਲੋੜ ਹੀ ਕੀ ਹੈ ਜੇ ਤੁਸੀਂ ਹੀ ਇਹ ਕਾਰਜ ਕਰ ਦੇਵੋਂ। ਅਸੀਂ ਏਥੇ ਖੜ੍ਹ ਕੇ ਤੁਹਾਡੀ ਉਡੀਕ ਕਰ ਲੈਂਦੇ ਹਾਂ। ਇਸ ਫੈਸਲੇ ਤੇ ਸਿੰਘ ਉਥੇ ਹੀ ਖੜੇ ਰਹੇ।

ਕਹਿੰਦੇ ਹਨ ਸ: ਅਨੂਪ ਸਿੰਘ ਪੰਡਾਲ ਵਿਚ ਗਏ ਤਾਂ ਸਿੱਖਾਂ ਦੀ ਮੰਗ ਦਸੀ ਤੇ ਉਨ੍ਹਾਂ ਜ਼ਿੰਮੇਵਾਰਾਂ ਨੂੰ ਕਿਹਾ ਕਿ ਜਲਸੇ ਵਿਚ ਗੜ-ਬੜ ਹੋ ਸਕਦੀ ਹੈ, ਵੈਸਾਖੀ ਦਾ ਮੇਲਾ ਹੈ, ਬਾਹਰ ਲੋਕ ਖੜੇ ਮੰਗ ਕਰਦੇ ਹਨ ਕਿ ਜਲਸਾ ਬੰਦ ਕਰ ਦਿਤਾ ਜਾਵੇ। ਇਸ ਦੇ ਜਵਾਬ ਵਿਚ ਕੋਈ ਤਸੱਲੀ ਬਖਸ਼ ਸਪੱਸ਼ਟ ਉੱਤਰ ਨਾ ਮਿਲਿਆ ਤੇ ਨਿਰੰਕਾਰੀ ਟੋਲੇ ਨੇ ਟਾਲਮ-ਟੋਲ ਕਰਕੇ ਕਿਹਾ, "ਜਲਦੀ ਹੀ ਬੰਦ ਕਰ ਦੇਵਾਂਗੇ" ਪਰ ਜਲਸਾ ਕਤਲੇਆਮ ਤੋਂ ਪਿਛੋਂ ਵੀ ਚਲਦਾ ਰਿਹਾ। ਪਰ ਸ: ਅਨੂਪ ਸਿੰਘ ਨੇ ਆ ਕੇ ਸਿੰਘਾਂ ਨੂੰ ਦਸਿਆ ਕਿ ਉਨ੍ਹਾਂ ਕਿਹਾ ਹੈ ਹੁਣੇ ਹੀ ਜਲਸਾ ਬੰਦ ਕਰ ਦਿੰਦੇ ਹਾਂ, ਹੋ ਸਕਦਾ ਹੈ ਨਿਰੰਕਾਰੀਆਂ ਉਨ੍ਹਾਂ ਨੂੰ ਨੀਤੀ ਅਨੁਸਾਰ ਇੰਞ ਹੀ ਕਿਹਾ ਹੋਵੇ। ਉਸ ਪਿਛੋਂ ਸਗੋਂ ਨਿਰੰਕਾਰੀਆਂ ਦੀ ਅਵਾਜ਼ ਤੇ ਸੁਰ ਹੋਰ ਉਚੀ ਹੋ ਗਈ ਅਤੇ ਭਾਸ਼ਣ ਦੀ ਥਾਂ ਨਿਰੰਕਾਰੀਆਂ ਨੂੰ ਉਕਸਾਉਣਾ ਆਰੰਭ ਦਿਤਾ ਕਿ ਅਸੀਂ ਏਨ੍ਹਾਂ ਨਾਲ ਸੁਲਝਣਾ ਵੀ ਜਾਣਦੇ ਹਾਂ। ਨਿਰੰਕਾਰੀ ਬਾਬੇ ਨੂੰ ਜਿਨ੍ਹਾਂ ਨੇ ਸੁਣਿਆਂ ਹੈ ਉਨ੍ਹਾਂ ਦਸਿਆ ਹੈ ਕਿ ਉਸ ਨੇ ਇੰਞ ਕਿਹਾ ਕਿ ਸਾਨੂੰ ਇਹ ਲੋਕ ਚੁਪ ਕਰਾਉਣਾ ਚਾਹੁੰਦੇ ਹਨ, ਇਹ ਨਹੀਂ ਹੋ ਸਕੇਗਾ, ਅਸੀਂ ਆਪਣਾ ਪ੍ਰੋਗਰਾਮ ਪੂਰਾ ਚਲਾਉਣਾ ਹੈ। ਨਾਲ ਹੀ ਉਨ੍ਹਾਂ ਇਸ਼ਾਰਾ ਕੀਤਾ ਕਿ ਜੋ ਲੋਕ (ਉਨ੍ਹਾਂ ਦੀ ਸੈਨਾ) ਪੰਡਾਲ ਵਿਚ ਵਿਸ਼ੇਸ਼ ਤੋਰ ਤੇ ਗੜਬੜ ਰੋਕਣ ਲਈ ਪੁਜੀ ਹੋਈ ਹੈ, ਉਹ ਹੁਣ ਸੁਸਤੀ ਤਿਆਗ ਦੇਣ। ਨਿਰੰਕਾਰੀ ਬਾਬੇ ਦਾ ਅਗੇ ਭਾਸ਼ਣ ਜਾਰੀ ਰਿਹਾ ਅਤੇ ਉਹ ਉਕਸਾਹਟ ਦੇਣ ਵਾਲੇ ਬੋਲ-ਬੋਲਦਾ ਗਿਆ। ਇਸ਼ਾਰੇ ਨਾਲ ਹੀ ਇਕ ਦਮ ਹਜ਼ਾਰਾਂ ਆਦਮੀਆਂ ਦੇ ਹੱਥਾਂ ਵਿਚੋਂ ਡਾਂਗਾਂ ਤੇ ਹਥਿਆਰ ਉਭਰ ਆਏ ਤੇ ਛਾਲਾਂ ਮਾਰ ਕੇ ਹਜ਼ਾਰਾਂ ਆਦਮੀ ਮੰਡਪ ਤੋਂ ਬਾਹਰ ਗਏ ਜਿਥੇ ਅਗੇ ਡੇਢ ਸੌ ਸਿੰਘਾਂ ਦਾ ਦਸਤਾ ਖੜਾ ਸੀ, ਜੋ ਪੰਡਾਲ ਤੋਂ ਤਿੰਨ ਸੌ ਫੁਟ ਪਿਛੇ ਸੀ।

ਏਧਰ ਪੁਲੀਸ ਨੇ ੧੦੦ ਗਜ਼ ਪੰਡਾਲ ਤੋਂ ਬਾਹਰ ਸਿੰਘਾਂ ਨੂੰ ਰੋਕ ਰਖਿਆ ਸੀ, ਪੰਡਾਲ ਵਿਚੋਂ ਹਜ਼ਾਰਾਂ ਲਾਠੀਆਂ, ਬੰਦੂਕਾਂ ਵਾਲੇ ਉਠੇ ਤੇ ਉਨ੍ਹਾਂ ਪਹਿਲਾਂ ਇੱਟਾਂ ਨਾਲ ਬਾਹਰ ਖੜੇ ਸਿੰਘਾਂ ਉਤੇ ਹਮਲੇ ਕੀਤੇ, ਗੋਲੀਆਂ ਚਲਾਈਆਂ। ਛੋਟੀਆਂ ਛੋਟੀਆਂ ਇੱਟਾਂ ਦੀ ਜੋ ਪਹਿਲਾਂ ਹੀ ਉਨ੍ਹਾਂ ਇਕੱਠੀਆਂ ਕੀਤੀਆਂ ਹੋਈਆਂ ਸਨ, ਭਾਰੀ ਵਰਖਾ ਕੀਤੀ ਸੀ, ਫਿਰ ਤੇਜ਼ਾਬ ਦੀਆਂ ਬੋਤਲਾਂ ਸੁਟੀਆਂ ਗਈਆਂ, ਨਾਲ ਹੀ ਤੀਰਾਂ ਤੇ ਗੋਲੀਆਂ ਦੀ

ਵਰਖਾ ਸ਼ੁਰੂ ਕਰ ਦਿਤੀ। ਨਿਰੰਕਾਰੀਆਂ ਕੋਲ ਕੁਝ ਵਿਸ਼ੇਸ਼ ਕਿਸਮ ਦੇ ਤੀਰ ਸਨ ਜਿਨ੍ਹਾਂ ਨੂੰ ਖਾਸ ਤਰ੍ਹਾਂ ਦੇ ਮਸ਼ੀਨੀ ਪ੍ਰੈਸਰ ਨਾਲ ਚਲਾਇਆ ਜਾਂਦਾ ਦੱਸਦੇ ਹਨ, ਇਕ ਤੀਰ ਭਾਈ ਅਵਤਾਰ ਸਿੰਘ ਦੇ ਲੱਗਿਆਂ, ਜੋ ਉਨ੍ਹਾਂ ਤੋਂ ਕਢ ਨ ਹੋਇਆ, ਉਨ੍ਹਾਂ ਦੇ ਜ਼ਖ਼ਮੀ ਪਿਤਾ ਨੇ ਜ਼ੋਰ ਨਾਲ ਖਿਚ ਕੇ ਕਢਿਆ। ਇਸ ਤਰ੍ਹਾਂ ਗੋਲੀਆਂ ਚਲਾਣ ਤੋਂ ਪੁਲੀਸ ਨੇ ਅਥਰੂ ਗੈਸ ਸਿੰਘਾਂ ਵਲ ਛਡੀ ਤਾਂ ਜੁ ਉਹ ਪਿਛੇ ਹਟ ਜਾਣ ਪਰ ਇਤਨੇ ਨੂੰ ਨਿਰੰਕਾਰੀ ਬਾਬਾ ਦੀ 'ਪ੍ਰਾਈਵੇਟ ਫ਼ੌਜ ਜਿਸ ਦੀ ਉਚ ਅਧਿਕਾਰੀ ਕਮਾਂਡ ਕਰ ਰਹੇ ਸਨ, ਹਜ਼ਾਰਾਂ ਦੀ ਤਾਦਾਦ ਵਿਚ ਆ ਕੇ ਸਿਖਾਂ ਉਤੇ ਪੈ ਗਈ ਉਥੇ ਚਾਲੀ, ਪੰਜਾਹ ਸਠ ਦੇ ਕਰੀਬ ਸਾਰੇ ਸਿੰਘ ਜ਼ਖ਼ਮੀ ਹੋ ਕੇ ਢਹਿ ਗਏ। ਭਾਈ ਫੌਜਾ ਸਿੰਘ, ਅਮੋਲਕ ਸਿੰਘ, ਭਗਵਾਨ ਸਿੰਘ ਦਾ ਜਥਾ ਅਗੇ ਸੀ, ਭਾਈ ਫੌਜਾ ਸਿੰਘ ਨੂੰ ਦੋ ਪਾਸਿਆਂ ਤੋਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ, ਇਕ ਪਾਸਿਓਂ ਪੁਲੀਸ ਦੀ ਗੋਲੀ ਚਲ ਰਹੀ ਸੀ, ਜੋ ਕਹਿੰਦੇ ਹਨ ਅਸਮਾਨੀ ਫਾਇਰ ਸਨ, ਦੂਜੇ ਪਾਸੇ ਨਿਰੰਕਾਰੀਆਂ ਦੀ। ਉਹ ਫਿਰ ਵੀ ਆਪਣੇ ਸਾਥੀਆਂ ਸਮੇਤ ਸੰਭਲਦੇ ਰਹੇ। ਇਤਨੇ ਨੂੰ ਪੁਲੀਸ ਦੇ ਡੀ. ਐਸ. ਪੀ. (ਜੋਸ਼ੀ) ਨੂੰ ਜੋ ਭਾ: ਫੌਜਾ ਸਿੰਘ ਨੂੰ ਗੁਰਦਾਸਪੁਰ ਤੋਂ ਜਾਣਦਾ ਸੀ, ਗਾਲ੍ਹਾਂ ਵੀ ਕਢਦਾ ਸੀ,ਨੇ ਵੰਗਾਰਿਆਂ ਤੇ ਕਿਹਾ, ਤੂੰ ਹੀ ਅਸਲ ਪੁਆੜੇ ਦੀ ਜੜ੍ਹ ਹੈਂ, ਇਨ੍ਹਾਂ ਬੋਲਾਂ ਨਾਲ ਹੀ ਅਤੇ ਇਕ ਗੋਲੀ ਉਨ੍ਹਾਂ ਦੇ ਧੌਨ ਕੋਲੋਂ ਦਿਮਾਗ ਨੂੰ ਚੀਰਦੀ ਪਾਰ ਹੋ ਗਈ। ਦੂਜੀ ਗੋਲੀ ਨਾਲ ਉਨ੍ਹਾਂ ਦੀ ਦਸਤਾਰ ਥਲੇ ਡਿਗੀ। ਭਾਈ ਫੌਜਾ ਸਿੰਘ ਦਸਤਾਰ ਸੰਭਾਲਣ ਲਗੇ, ਉਪਰੋਂ ਗੋਲੀਆਂ ਦੀ ਬੁਛਾੜ ਹੋਰ ਹੋਣ ਲਗ ਪਈ। ਉਨ੍ਹਾਂ ਦੇ ਸਾਥੀ ਕੇਵਲ ਸਿੰਘ ਨੇ ਫੌਜਾ ਸਿੰਘ ਦਾ ਸਿਰ ਆਪਣੀ ਢਾਲ ਨਾਲ ਢੱਕ ਕੇ ਕਿਹਾ, "ਓਏ ਵੀਰਾ, ਦੇਖੀਂ ਇਕੱਲਾ ਨਾ ਜਾਵੀਂ ਸਾਨੂੰ ਛੱਡ ਕੇ, ਅਸੀਂ ਵੀ ਨਾਲ ਹੀ ਜਾਣਾ ਹੈ।" ਇਨ੍ਹਾਂ ਸੂਰਬੀਰਾਂ ਵਿਚੋਂ ਨਾਲ ਦਾ ਸਾਥੀ ਭਾਈ ਅਮੋਲਕ ਸਿੰਘ ਜ਼ਖ਼ਮੀ ਰੂਪ ਵਿਚ ਅਧ-ਮੋਇਆ ਹਸਪਤਾਲ ਵਿਚ ਲਿਆਂਦਾ ਗਿਆ।

ਸ: ਹਜ਼ਾਰਾ ਸਿੰਘ ਡੀ. ਐਸ. ਪੀ. (ਰੀਟਾਇਰਡ ਗੁਰਦਾਸਪੁਰ) ਨੂੰ ਡਾਂਗਾਂ ਨਾਲ ਕੁਟਿਆ ਗਿਆ ਤੇ ਇਹ ਆਖ ਕੇ ਰੇਲਵੇ ਲਾਈਨ ਉਤੇ ਸੁਟ ਦਿਤਾ ਕਿ ਚਲੋ ਇਹ ਤਾਂ ਮਰ ਗਿਆ ਹੈ। ਪਰ ਭਾਈ ਹਜ਼ਾਰਾ ਸਿੰਘ ਪਿਛੋਂ ਸੰਭਲ ਗਏ ਤੇ ਉਥੋਂ ਚੁਕ ਲਿਆਂਦੇ। ਸਿੰਘਾਂ ਦੇ ਦੂਜਾ ਦਸਤਾ ਡਾਂਗਾ ਮਾਰ ਮਾਰ ਕੇ ਸਿਰ ਪਾੜਦਾ ਰਿਹਾ। ਅਤੇ ਆਪਣੇ ਵਲੋਂ ਜਾਨੋ ਮਾਰ ਮਾਰ ਮਾਰ ਕੇ ਦੂਜਿਆਂ ਦੇ ਸਿਰ ਭੰਨਦਾ ਰਿਹਾ। ਫੌਜਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਦੇਹ ਉਤੇ ਏਨੇ ਵਾਰ ਕੀਤੇ ਗਏ ਜੋ ਸਸਕਾਰ ਵੇਲੇ ਪਛਾਣੇ ਤਕ ਵੀ ਨਹੀਂ ਜਾ ਸਕਦੇ ਸਨ।

ਲੁਧਿਆਣੇ ਦਾ ਨੌਜਵਾਨ ਚਰਨ ਸਿੰਘ ਬਹੁਤ ਤੇਜ਼ੀ ਨਾਲ ਸਾਥੀਆਂ ਨੂੰ ਬਚਾਉਣ ਲਈ ਅਗੇ ਵਧਿਆ, ਇਸ ਨੂੰ ਵੀ ਚੌਫੇਰਿਉਂ ਘੇਰ ਕੇ ਨਿਰੰਕਾਰੀਆਂ ਦੇ ਗੁੰਡਿਆਂ ਨੇ ਉਥੇ ਹੀ ਕਟ ਵਢ ਸੁਟਿਆ। ਦੂਰ ਖੜੇ ਨੌਜਵਾਨ ਭਾਈ ਧਰਮਵੀਰ ਸਿੰਘ ਨੇ ਇਕ ਸਿੰਘ ਨੂੰ

ਚੁਕ ਲੈ ਜਾਣ ਲਈ ਅਗੇ ਵਧਿਆ ਤਾਂ ਅਚਾਨਕ ਹੀ ਦੂਜੀ ਗੋਲੀ ਆ ਲੱਗੀ। ਉਸ ਧਰਮਵੀਰ ਸਿੰਘ ਨੂੰ ਇਕ ਰਿਕਸ਼ੇ ਉਤੇ ਕਾਕਾ ਤੇਜਿੰਦਰਪਾਲ ਸਿੰਘ ਪਾ ਕੇ ਰਿਕਸ਼ਾ ਆਪ ਚਲਾਕੇ ਲਿਆਏ, ਪਰ ਧਰਮਵੀਰ ਸਿੰਘ ਘਰ ਪੁਜਦਿਆਂ ਹੀ ਚਲਾਣਾ ਕਰ ਗਏ। ਭਾਈ ਅਵਤਾਰ ਸਿੰਘ ਖੁਡੇ ਕਰਨੇ ਵਾਲੇ, ਜੋ ਨਿਹੰਗ ਸਿੰਘਾਂ ਵਾਂਗ ਦੁਮਾਲਾ ਸਜਾਉਂਦੇ ਸਨ, ਸਖ਼ਤ ਘਾਇਲ ਹੋਏ ਹੋਏ ਬੈਠ ਗਏ ਅਤੇ ਅੰਤਮ ਸਮਾਂ ਸਮਝ ਕੇ ਨਾਮ ਅਭਿਆਸ ਦਾ ਜਾਪ ਸ਼ੁਰੂ ਦਿਤਾ। ਉਨ੍ਹਾਂ ਉਥੇ ਬੈਠਿਆਂ ਨੂੰ ਹੀ ਤਲਵਾਰਾਂ ਤੇ ਡਾਂਗਾ ਨਾਲ ਮਾਰ ਕੇ ਖ਼ਤਮ ਕਰ ਦਿਤਾ ਗਿਆ। ਏਸ ਭਾਈ ਸਾਹਿਬ ਜੀ ਨਾਲ ਉਨ੍ਹਾਂ ਦੇ ਸਪੁਤਰ ਵੀ ਸਨ ਜੋ ਜ਼ਖ਼ਮੀ ਹੋਏ ਹਸਪਤਾਲ ਵਿਚ ਕੋਈ ਪੰਦਰਾਂ ਦਿਨ ਦਾਖਲ ਰਹੇ ਹਨ।

ਭਿੰਡਰਾਂ ਵਾਲੇ ਜਥੇ ਦੇ ਫ਼ੌਜੀ ਰਣਬੀਰ ਸਿੰਘ ਨੇ ਸੋਹਣੀ ਵੀਰਤਾ ਨਾਲ ਸ਼ਹੀਦੀ ਪਾਈ। ਉਨ੍ਹਾਂ ਦੇ ਸਾਥੀਆਂ ਨੇ ਵੀ ਆਪਣੇ ਪੱਖ ਤੋਂ ਬਚਾਉਣ ਦੇ ਉਦਮ ਕੀਤੇ। ਜਦੋਂ ਇਹ ਕੁਝ ਹੋ ਰਿਹਾ ਸੀ ਪੁਲੀਸ ਨੇ ਨਿਰੰਕਾਰੀਆਂ ਉਪਰ ਕੋਈ ਐਕਸ਼ਨ ਨਹੀਂ ਲੀਤਾ ਸਗੋਂ ਸਿੰਘਾਂ ਉਤੇ ਹੀ ਟੀਅਰ ਗੈਸ ਦੇ ਗੋਲੇ ਛਡੇ ਜਾਂਦੇ ਰਹੇ, ਜਿਸ ਤੋਂ ਭੈਭੀਤ ਹੋਇਆਂ ਨੂੰ ਨਿਰੰਕਾਰੀਏ ਨਿਸ਼ਾਨੇ ਬਣਾਉਂਦੇ ਗਏ।

ਜਿਥੇ ਇਹ ਸਾਕਾ ਵਰਤਿਆ ਉਹ ਥਾਂ ਨਿਰੰਕਾਰੀਆਂ ਦੇ ਪੰਡਾਲ ਤੋਂ ੧੦੦ ਗਜ਼ ਦੀ ਦੂਰੀ ਉਤੇ ਵਾਕਿਆ ਹੈ ਜਿਸ ਤੋਂ ਪ੍ਰਗਟ ਹੈ ਕਿ ਸਿੰਘ ਨਿਰੰਕਾਰੀਆਂ ਦੇ ਪੰਡਾਲ ਵਿਚ ਘੁਸਣ ਤੇ ਕਿਸੇ ਕਿਸਮ ਦੀ ਮੰਦੀ ਕਾਰਵਾਈ ਲਈ ਨਹੀਂ ਗਏ ਸਨ, ਅਤੇ ਨਿਰੰਕਾਰੀਆਂ ਨੇ ਖਬਰ ਪਾ ਕੇ ਆਪਣੀ ਸ੍ਰੀ ਮਹੰਤ ਤੇ ਰਾਜਮਾਤਾ ਜੀ ਦੀ ਸ਼ਹਿ ਨਾਲ ਪੰਡਾਲ ਤੋਂ ਬਾਹਰ ਆ ਕੇ ਸਿੱਖਾਂ ਦੀ ਕਤਲੇਆਮ ਕੀਤੀ ਜਿਸ ਦੀ ਸਰਕਾਰੀ ਅਧਿਕਾਰੀ ਹਿਮਾਇਤ ਕਰਦੇ ਰਹੇ। ਏਹੋ ਕਾਰਨ ਹੈ ਕਿ ਤਿੰਨ ਘੰਟੇ ਪਿਛੋਂ ਤਕ ਵੀ ਉਨ੍ਹਾਂ ਦਾ ਜਲਸਾ ਚਲਦਾ ਰਿਹਾ ਜਿਵੇਂ ਕੋਈ ਘਟਨਾ ਹੀ ਨ ਵਾਪਰੀ ਹੋਵੇ। ਪੁਲੀਸ ਅਤੇ ਕੁਝ ਸਰਕਾਰੀ ਅਫਸਰਾਂ ਨਾਲ ਮਿਲੀ ਭਗਤ ਕਾਰਨ ਸਰਕਾਰੀ ਮਸ਼ੀਨਰੀ ਨਿਰੰਕਾਰੀਆਂ ਦਾ ਪੱਖ ਪੂਰਦੇ ਰਹੇ ਅਤੇ ਸਾਰੇ ਹਾਹਾਕਾਰ ਮੱਚ ਜਾਣ ਪਿਛੋਂ ਇਕ ਵਡੇ ਅਫਸਰ ਨੇ ਗੁਰਬਚਨ ਸਿੰਘ ਨੂੰ ਆਪਣੀ ਰਖਿਆ ਵਿਚ ਅੰਮ੍ਰਿਤਸਰ ਤੋਂ ਬਾਹਰ ਕਢਕੇ ਤੇ ਦਿਲੀ ਪਹੁੰਚਾ ਦਿਤਾ।

ਨਿਰੰਕਾਰੀਆਂ ਵਲੋਂ ਵਿਸਾਖੀ ਨੂੰ ਅੰਮ੍ਰਿਤਸਰ ਜਲੂਸ ਕਢਣਾ ਅਤੇ ਦਿਲ ਦੁਖਾਵੀਆਂ ਹਰਕਤਾਂ ਤੇ ਕਾਰਵਾਈਆਂ ਕਰਨ ਤੋਂ ਪਤਾ ਚਲਦਾ ਹੈ ਅਤੇ ਹਥਿਆਰਾਂ ਦੀ ਵਰਤੋਂ ਨਾਲ ਕੀਤੀ ਗਈ ਕਤਲੇਆਮ ਤੋਂ ਭੇਦ ਖੁਲਦਾ ਹੈ ਕਿ ਉਨ੍ਹਾਂ ਦੀ ਇਸ ਵਾਰੀ ਸਿਖਾਂ ਦੇ ਗੜ੍ਹ ਅੰਮ੍ਰਿਤਸਰ ਨੂੰ ਫਤਹਿ ਕਰ ਲੈਣ ਦੀ ਪੱਕੀ ਸਾਜਸ਼ ਤੇ ਪ੍ਰੋਗਰਾਮ ਸੀ। ਨਿਰੰਕਾਰੀਆਂ ਨੇ ਆਪਣੇ ਮੇਲੇ ਲਈ ਹਜ਼ਾਰਾਂ ਰੁਪਿਆਂ ਦੇ ਅਖਬਾਰਾਂ ਨੂੰ ਇਸ਼ਤਿਹਾਰ ਦਿਤੇ ਜੋ ਪੂਰੇ ਪੂਰੇ ਸਫੇ ਤੇ ਮਹਾਸ਼ਾ ਅਤੇ ਕਮਿਊਨਿਸਟ ਅਖ਼ਬਾਰਾਂ ਨੇ ਛਾਪੇ ਸਨ। ਏਹੋ ਅਖਬਾਰ ਉਨ੍ਹਾਂ ਦੇ ਹੱਕ ਵਿਚ ਇਸ ਸਮੇਂ ਲਿਖ ਰਹੇ ਹਨ। ਮਹਾਸ਼ਾ ਜਗਤ

ਨਰਾਇਣ, ਅਤੇ ਪੰਜਾਬ ਦੇ ਵਜ਼ੀਰ ਹਿਤ ਅਭਿਲਾਸ਼ੀ ਨੇ ਇਸ ਸਮਾਗਮ ਵਿਚ ਭਾਸ਼ਨ ਕਰਨੇ ਸਨ ਤੇ ਇਹ ਦੋਵੇਂ ਸਾਹਿਬ ਪੁਜੇ ਹੋਏ ਸਨ, ਲਾਲਾ ਜਗਤ ਨਰਾਇਣ ਨੂੰ ਭਾਰੀ ਦੁਖ ਹੈ ਕਿ ਉਹ ਆਪਣੇ ਨਿਰੰਕਾਰੀ ਬਾਬੇ ਦੇ ਚਰਨਾਂ ਕੋਲ ਬੈਠ ਕੇ ਭਾਸ਼ਨ ਨਾ ਦੇ ਸਕੇ। ਜਿਥੋਂ ਤਕ ਕਿ ਮਹਾਸ਼ਿਆਂ, ਜਨਸੰਘੀਆਂ, ਕਮਿਊਨਿਸਟਾਂ ਦਾ ਸਬੰਧ ਹੈ ਉਹ ਸਾਰੇ ਨਕਲੀ ਨਿਰੰਕਾਰੀ ਦੀ ਪਿਠ ਠੋਕਦੇ ਹਨ ਤਾਂ ਜੁ ਸਿੱਖਾਂ ਵਿਚੋਂ ਹੀ ਉਠੇ ਇਸ ਗੰਦ ਨੂੰ ਫੈਲਣ ਲਈ ਹੋਰ ਸ਼ਹਿ ਦਿਤੀ ਜਾਵੇ। ਇਹ ਅਖਬਾਰ ਸਿਖ ਗੁਰੂਆਂ ਬਾਰੇ ਤਾਂ ਅਦਬ ਭਾਵ ਵਾਲੇ ਸ਼ਬਦ ਵਰਤਦੇ ਹੀ ਨਹੀਂ ਪਰ ਜਦੋਂ ਸਿਖਾਂ ਦੇ ਟਾਕਰੇ ਵਿਚ ਗੁਰੂ ਬਣਨ ਵਾਲਿਆਂ ਦੀ ਗਲ ਕਰਦੇ ਹਨ ਤਾਂ ਉਨ੍ਹਾਂ ਨੂੰ 'ਗੁਰੂ' ਵੀ ਲਿਖਦੇ ਹਨ, ਸਤਕਾਰ ਭਰੀ ਸ਼ਬਦਾਵਲੀ ਵੀ ਵਰਤਦੇ ਹਨ, ਤਾਂ ਜੁ ਸਿਖੀ ਲਹਿਰ ਇਸ ਤਰ੍ਹਾਂ ਲੀਰ ਲੀਰ ਹੋ ਕੇ ਕਮਜ਼ੋਰ ਹੋਵੇ। ਖਬਰਾਂ ਵਿਚ ਜਾਣ ਬੁਝ ਕੇ ਸ਼ਹੀਦਾਂ ਨੂੰ 'ਨਿਹੰਗ' ਲਿਖਕੇ ਤੇ ਮਨਘੜਤ ਫਬਤੀਆਂ ਉਡਾ ਰਹੇ ਹਨ।

ਜਿਥੋਂ ਤਕ ਸਾਰੇ ਹਾਲਾਤ ਤੋਂ ਪ੍ਰਗਟ ਹੁੰਦਾ ਹੈ, ਇਹ ਹਾਦਸਾ ਸਿੰਘਾਂ ਵਲੋਂ ਕੇਵਲ ਜਾਨ ਤੇ ਖੇਲਣ ਵਾਲਾ ਤਾਂ ਹੈ ਸੀ, ਨਿਰੰਕਾਰੀਆਂ ਨੂੰ ਕਿਸੇ ਤਰ੍ਹਾਂ ਨੁਕਸਾਨ ਪਹੁੰਚਾਉਣ ਵਾਲਾ ਨਹੀਂ ਸੀ। ਅਜੇਹਾ ਹੁੰਦਾ ਤਾਂ ਪਹਿਲਾਂ ਸੋਚ ਵਿਚਾਰ ਕੇ ਕੋਈ ਢੰਗ ਬਣਾਏ ਜਾਂਦੇ ਜਾਂ ਜਲੂਸ ਵਿਚ ਰੌਲਾ ਪਾਇਆ ਜਾਂਦਾ, ਜੋ ਸੜਕ ਉਤੋਂ ਦੀ ਲੰਘ ਰਿਹਾ ਸੀ। ਸਿੰਘਾਂ ਦਾ ਨਿਰੰਕਾਰੀ ਪੰਡਾਲ ਵਲ ਜਾਣਾ ਜਿਥੇ ਕਿ ੧ ਲੱਖ ਦੇ ਕਰੀਬ ਉਸ ਦੇ ਚੇਲੇ ਜੁੜੇ ਹੋਏ ਸਨ, ਕਿਸੇ ਤਰ੍ਹਾਂ ਵੀ ਹਮਲਾ ਜਾਂ ਵਿਘਨ ਪਾਉਣ ਲਈ ਨਹੀਂ ਸੀ, ਆਪਣੀ ਗੱਲ ਤੇ ਰੋਸ ਪਹੁੰਚਾਣ ਲਈ ਜ਼ਰੂਰ ਹੈ ਸੀ। ਨਿਰੰਕਾਰੀਏ ਜਿਵੇਂ ਹਥਿਆਰ ਲੈ ਕੇ ਇੱਟਾਂ ਵਟੇ ਇਕੱਠੇ ਕਰਕੇ ਬੈਠੇ ਸਨ ਉਸ ਤੋਂ ਪ੍ਰਗਟ ਹੈ ਕਿ ਉਨ੍ਹਾਂ ਵਲੋਂ ਹਰ ਤਰ੍ਹਾਂ ਦੀ ਤਿਆਰੀ ਸੀ। ਅਖਬਾਰ ਟ੍ਰਿਬਿਊਨ ਦਾ ਲਿਖਣਾ ਸੋਲਾਂ ਆਨੇ ਸਹੀ ਹੈ ਕਿ ਇਹ ਹਾਦਸੇ ਬਾਰੇ ਪੰਜਾਬ ਦੀ ਪੁਲੀਸ ਤੇ ਗੁਪਤ ਵਿਭਾਗ ਕੁਝ ਸੂਝ ਬੂਝ ਵਰਤਦਾ ਤਾਂ ਇਹ ਦੁਖਦਾਈ ਕਾਂਡ ਨਹੀਂ ਵਾਪਰ ਸਕਦਾ ਸੀ। ਇਹ ਹਾਦਸਾ ਸਰਕਾਰੀ ਅਫਸਰਾਂ ਦੀ ਅਯੋਗਤਾ ਦਾ ਮੂੰਹ ਬੋਲਦਾ ਚਿਤਰ ਹੈ ਜਿਨ੍ਹਾਂ ਨੂੰ ਪਹਿਲਾਂ ਕੁਝ ਵੀ ਪਤਾ ਨ ਲਗਿਆ ਤੇ ਪਤਾਂ ਲਗਣ ਤੋਂ ਸੰਭਾਲ ਨਾ ਕਰ ਸਕੇ। ਪੁਲੀਸ ਅਧਿਕਾਰੀ ਏਸ ਬੇਪ੍ਰਵਾਹੀ ਤੋਂ ਬਰੀ ਨਹੀਂ ਕਹੇ ਜਾ ਸਕਦੇ। ਇਹ ਸਪੱਸ਼ਟ ਹੀ ਹੈ ਕਿ ਜੋ ਕੁਝ ਹੋਇਆ ਉਹ ਮਹੰਤ ਗੁਰਬਚਨ ਸਿੰਘ ਦੀ ਸ਼ਹਿ ਨਾਲ ਹੋਇਆ ਹੈ, ਜਿਸ ਦੀ ਸਿਧੀ ਜ਼ਿੰਮੇਵਾਰੀ ਲਾਲ ਕੁੜਤੀ ਵਾਲਿਆਂ ਅਤੇ ਅਨੰਦ ਮਾਰਗੀ ਵਾਲੇ ਮਹੰਤ ਵਾਂਗ ਉਸੇ ਦੀ ਹੈ। ਦੇਖੀਏ ਪੰਜਾਬ ਸਰਕਾਰ ਅਜੇਹੇ ਦੰਭੀ ਨੂੰ ਫੜ ਕੇ ਤੇ ਇਸ ਦੰਭੀ ਲਹਿਰ ਨੂੰ ਦਬਾ ਕੇ ਹਾਲਾਤ ਵਿਚ ਕਿਵੇਂ ਸ਼ਾਂਤੀ ਵਰਤਾਉਂਦੀ ਹੈ। ਪੰਜਾਬ ਵਿਚ ਸਰਕਾਰ ਕਿਉਂਕਿ ਇਸ ਵੇਲੇ ਖੁਸ਼ ਕਿਸਮਤੀ ਨੂੰ ਅਕਾਲੀਆਂ ਦੀ ਆਪਣੀ ਹੈ, ਜੇ ਏਹੋ ਹਾਦਸਾ ਕਿਸੇ ਹੋਰ ਪਾਰਟੀ ਸਰਕਾਰ ਵੇਲੇ ਵਰਤਦਾ ਤਾਂ ਪੰਜਾਬ ਵਿਚ ਪਤਾ ਨਹੀਂ ਕੀ ਕਹਿਰ ਨਾਜ਼ਲ ਹੁੰਦਾ। ਇਸ ਘਟਨਾ

ਬਾਰੇ ਸਰਕਾਰ ਦੋਸ਼ੀਆਂ ਨੂੰ ਦੰਡ ਦਿਤੇ ਬਿਨਾਂ ਜੇ ਦਰ ਗੁਜ਼ਰ ਕਰੇਗੀ ਜਾਂ ਜ਼ਿੰਮੇਵਾਰੀ ਨਿਭਾਉਣੋਂ ਭੱਜੀ ਤਾਂ ਬੜਾ ਹੀ ਅਫ਼ਸੋਸਨਾਕ ਵਾਕਿਆ ਹੋਵੇਗਾ, ਕਿਉਂਕਿ ਇਹ ਸ਼ਹੀਦ ਕਿਸੇ ਦੀ ਲੀਡਰੀ ਖੋਹਣ ਲਈ, ਕਿਸੇ ਦੀ ਪਾਰਟੀ ਜਾਂ ਨੀਤੀ ਨੂੰ ਗਲਤ ਦਸਣ ਲਈ ਨਹੀਂ, ਸਗੋਂ ਸਚੇ ਸਿਦਕੀਆਂ ਵਾਲੀ ਘਾਲਣਾ ਘਾਲਦੇ ਹੋਏ ਜਾਨਾਂ ਉਤੇ ਖੇਲੇ ਹਨ, ਜਿਨ੍ਹਾਂ ਦੀ ਕਰਣੀ ਕਮਾਈ ਦਾ ਧਿਆਨ ਧਰ ਕੇ ਉਨ੍ਹਾਂ ਦੀ ਯਾਦ ਵਿਚ ਬਾਰ ਬਾਰ ਅਸੀਂ ਸਿਰ ਝੁਕਾਉਂਦੇ ਹਾਂ।

ਸ਼ਹੀਦਾਂ ਦੇ ਜੀਵਨ

ਸ਼ਹੀਦ ਭਾਈ ਅਵਤਾਰ ਸਿੰਘ ਜੀ, ਕੁਰਾਲਾ

ਆਪ ਜੀ ਦਾ ਜਨਮ ੧੯੧੨ ਵਿਚ ਪਿੰਡ ਕੁਰਾਲਾ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਮਾਤਾ ਦਾ ਨਾਂ ਧੰਨ ਕੌਰ ਅਤੇ ਪਿਤਾ ਦਾ ਨਾਂ ਸਰਦਾਰ ਭਗਵਾਨ ਸਿੰਘ ਸੀ। ਮੁਢਲੀ ਵਿਦਿਆ ਆਪ ਨੇ ਪ੍ਰਾਇਮਰੀ ਸਕੂਲ ਮੂਲਕ ਕਲਾਂ ਵਿਖੇ ਪ੍ਰਾਪਤ ਕੀਤੀ। ਇਨ੍ਹਾਂ ਦੇ ਪਿਤਾ ਫ਼ੌਜ ਵਿਚ ਨੌਕਰ ਸਨ। ਉਨ੍ਹਾਂ ਨੂੰ ਬਹਾਦਰੀ ਕਾਰਨ ਚਕ ਨੰਬਰ ੪ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਇਨਾਮ ਵਜੋਂ ਮਿਲੇ, ਜਿਸ ਕਰਕੇ ਸਾਰਾ ਪਰਵਾਰ ਮਿੰਟਗੁਮਰੀ ਦੀ ਬਾਰ ਵਿਚ ਚਲਾ ਗਿਆ। ਆਪ ਨੇ ਦਸਵੀਂ ਤਕ ਵਿਦਿਆ ਉਥੇ ਹੀ ਪ੍ਰਾਪਤ ਕੀਤੀ ਅਤੇ ਆਪ ਜੀ ਦਾ ਅਨੰਦ ਕਾਰਜ ਬੀਬੀ ਗੁਰਬਚਨ ਕੌਰ ਨਾਲ ਹੋਇਆ। ਪਾਕਿਸਤਾਨ ਬਣਨ ਤਕ ਆਪ ਉਥੇ ਹੀ ਖੇਤੀ ਬਾੜੀ ਦਾ ਕੰਮ ਕਰਦੇ ਰਹੇ।

ਪੰਜਾਬ ਦਾ ਬਟਵਾਰਾ ਹੋ ਜਾਣ ਕਾਰਨ ਆਪ ਨੂੰ ਵਾਪਸ ਆਪਣੇ ਪੁਰਾਣੇ ਨਗਰ ਕੁਰਾਲਾ ਵਿਖੇ ਆਉਣਾ ਪਿਆ ਅਤੇ ਉਥੇ ਖੇਤੀ ਬਾੜੀ ਦਾ ਕੰਮ ਕਰਦੇ ਰਹੇ।

ਇਥੇ ਆਪ ਜੀ ਦਾ ਮੇਲ ਭਾਈ ਹਰਨਾਮ ਸਿੰਘ, ਪ੍ਰੀਤਮ ਸਿੰਘ ਜੀ ਦਸੂਆ ਵਾਲਿਆਂ ਨਾਲ ਹੋਇਆ, ਜਿਨ੍ਹਾਂ ਦੀ ਸੰਗਤ ਨਾਲ ਆਪ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਗੁਰਮਤਿ-ਪੁਸਤਕਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਪੁਸਤਕਾਂ ਦੇ ਪੜ੍ਹਨ ਨਾਲ ਇਨ੍ਹਾਂ ਦੇ ਸਧਾਰਨ ਸਿੱਖੀ ਜੀਵਨ ਵਿਚ ਇਕ ਨਵਾਂ ਪਲਟਾ ਆਇਆ ਅਤੇ ਇਨ੍ਹਾਂ ਦੇ ਮਨ ਵਿਚ ਅੰਮ੍ਰਿਤ ਛਕ ਕੇ ਗੁਰਮਤਿ ਰਹਿਤ ਰਹਿਣੀ ਵਿਚ ਤਿਆਰ-ਬਰ-ਤਿਆਰ ਹੋ ਕੇ ਨਾਮ ਸਿਮਰਨ ਦੀ ਕਮਾਈ ਕਰਨ ਦੀ ਤੀਬਰ ਇੱਛਾ ਉਤਪੰਨ ਹੋਈ। ਇਸੇ ਲਗਨ ਵਿਚ ਗੁਰਸਿੱਖ ਸੰਗਤਾਂ ਦੇ ਸੰਗ-ਸਾਥ ਤਲਵਾੜਾ, ਦਸੂਹਾ ਅਤੇ ਹੋਰ ਆਸ-ਪਾਸ ਦੇ ਗੁਰਮਤਿ ਸਮਾਗਮਾਂ ਵਿਚ ਵਿਚਰਦੇ ਰਹੇ। ਅਤੇ ਮਾਡਲ ਟਾਊਨ ਲੁਧਿਆਣਾ ਵਿਖੇ ਪੁਜ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਪਿਆਰ-ਅਸੀਸ ਲਈਆਂ।

ਆਖ਼ਰਕਾਰ ੧੩ ਅਪ੍ਰੈਲ ੧੯੬੧ ਵੈਸਾਖੀ ਸਮਾਗਮ ਲੁਧਿਆਣਾ ਵਿਖੇ ਸਿੰਘਣੀ ਸਮੇਤ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਪੂਰਨ ਵੈਰਾਗੀ

ਤਿਆਗੀ ਦਸ਼ਾ ਵਿਚ ਵਿਚਰਨ ਲਗ ਪਏ। ਜਿਥੇ ਆਪ ਨੇ ਖਾਲਸਈ ਬਾਣਾ ਧਾਰਨ ਕੀਤਾ, ਉਥੇ ਨਾਲ ਹੀ ਸਰਬਲੋਹ ਬਿਬੇਕ ਦੀ ਬਿਖਮ ਘਾਲ ਧਾਰਨ ਕਰ ਲਈ, ਜਿਸ ਨੂੰ ਆਯੂ ਪਰਯੰਤ ਤੋੜ ਨਿਭਾਇਆ। ਇਨ੍ਹਾਂ ਦੀ ਉਚੀ ਸੁਚੀ ਰਹਿਤ ਰਹਿਣੀ ਨੂੰ ਵੇਖ ਕੇ ਕਈਆਂ ਹੋਰਨਾਂ ਨੇ ਪ੍ਰੇਰਨਾ ਲਈ ਅਤੇ ਪਰਵਾਰਾਂ ਸਮੇਤ ਅੰਮ੍ਰਿਤਪਾਨ ਕੀਤਾ।

ਆਪ ਜੀ ਅਖੰਡ ਕੀਰਤਨੀ ਜੱਥੇ ਨਾਲ ਅਜਿਹੇ ਮਿਲੇ ਕਿ ਹਰ ਥਾਂ ਕੀਰਤਨ-ਸਮਾਗਮਾਂ ਵਿਚ ਪੁਜ ਕੇ ਕੀਰਤਨ ਤੇ ਨਾਮ ਬਾਣੀ ਦੇ ਅਨੰਦ ਮਾਣਦੇ ਰਹੇ। ੧੯੬੯ ਵਿਚ ਅਖੰਡ ਕੀਰਤਨੀ ਜੱਥੇ ਨੇ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੀ ਯਾਤਰਾ ਪੜਾਓ-ਦਰ-ਪੜਾ ਬਸਾਂ ਰਾਹੀਂ ਕੀਤੀ ਅਤੇ ਹਰ ਥਾਂ ਕੀਰਤਨ ਦੀਆਂ ਘੁੰਮਰਾਂ ਪੈਂਦੀਆਂ ਰਹੀਆਂ। ਆਪ ਜੀ ਨੇ ਇਸ ਯਾਤਰਾ ਵਿਚ ਸੰਗ-ਸਾਥ ਰਹਿ ਕੇ ਖ਼ੂਬ ਅਨੰਦ ਮਾਣੇ ਅਤੇ ਲੋੜ ਅਨੁਸਾਰ ਕਈ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਰਹੇ।

ਆਪ ਨੂੰ ਭਜਨ-ਬੰਦਗੀ ਤੇ ਇਕਾਂਤ ਰਹਿਣ ਦੀ ਇੰਨੀ ਲਟਕ ਲਗੀ ਕਿ ਆਪ ਜੀ ਨੇ ਪਿੰਡ ਦੀ ਰਿਹਾਇਸ਼ ਤਿਆਗ ਕੇ, ਪਿੰਡ ਤੋਂ ਦੂਰ ਆਪਣੀ ਜ਼ਮੀਨ ਵਿਚ ਹੀ ਇਕ ਬੁੰਗਾ ਸਾਜ ਲਿਆ, ਜਿਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਕਾਂਤ-ਭਜਨ ਵਿਚ ਨਿਮਗਨ ਰਹਿਣ ਲਗ ਪਏ ਅਤੇ ਅੰਤ ਸਮੇਂ ਤਕ ਉਸੇ ਇਕਾਂਤ-ਗੁਫਾ ਵਿਚ ਲਿਵ-ਸਮਾਧੀਆਂ ਜੋੜਦੇ ਰਹੇ। ਰਾਤ ੧੨ ਵਜੇ ਤੋਂ ਬਾਅਦ ਆਪ ਜੀ ਨੇ ਸਾਵਧਾਨ ਹੋ ਜਾਣਾ ਅਤੇ ਸੌਚ ਇਸ਼ਨਾਨ ਤੋਂ ਬਾਅਦ ਅਨਿਕ ਤਰੰਗੀ ਨਾਮ-ਅਭਿਆਸ ਕਮਾਈਆਂ ਵਿਚ ਜੁਟ ਜਾਣਾ ਅਤੇ ਸੂਰਜ ਉਦੇ ਹੋਣ ਤਕ ਰਜ-ਰਜ ਨਾਮ-ਭੋਜਨ ਛਕਣੇ।

ਅਖੀਰ ਭਾਣੇ ਵਿਚ ਧੁਰ ਦੇ ਸੱਦੇ ਆ ਗਏ। ਪਰ ਕੌਣ ਜਾਣਦਾ ਸੀ ਕਿ ਇਹ ਦਰਗਾਹੀ ਸੱਦੇ ਹਨ। ਆਪ ਜੀ ਨੇ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਵੈਸਾਖੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਕਮਰਕੱਸੇ ਕੀਤੇ ਤਾਂ ਪਰਵਾਰ ਨੂੰ ਪਿਆਰ-ਮਿਲਣੀਆਂ ਮਿਲ ਕੇ ਕਹਿਣ ਲਗੇ ਕਿ ਗੁਰਸਿੱਖੀ ਜੀਵਨ ਵਿਚ ਪਰਪੱਕ ਰਹਿ ਕੇ, ਆਪੋ ਵਿਚ ਪਿਆਰ ਨਾਲ ਰਹਿਣਾ, ਅਸੀਂ ਹੁਣ ਵਾਪਸ ਨਹੀਂ ਆਉਣਾ। ਆਪ ਦਾ ਵਿਚਾਰ ਘਰ-ਬਾਰ ਨੂੰ ਤਿਆਗ ਕੇ ਨਿਵੇਕਲੇ ਹੋ ਕੇ ਖਾਲਸਾ ਫ਼ਾਰਮ ਜ਼ਿਲਾ ਗੁਰਦਾਸਪੁਰ ਵਿਖੇ ਰਹਿਣ ਦਾ ਸੀ। ਪਰ ਵਿਧਾਤੇ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਆਪ ਜੀ ਵਿਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਪੁਜ ਗਏ ਅਤੇ ਖ਼ੂਨੀ ਸਾਕੇ ਵਿਚ ਸਭ ਤੋਂ ਪਹਿਲਾਂ ਸ਼ਹੀਦੀ ਪਾਈ।

ਆਪ ਜੀ ਦੇ ਸ਼ਹੀਦੀ ਸਾਕੇ ਨੂੰ ਅੱਖੀਂ ਵੇਖਣ ਵਾਲੇ ਗੁਰਮੁਖ ਸੰਗੀ-ਸਾਥੀ ਦਸਦੇ ਹਨ ਕਿ ਜਦੋਂ ਅਖੌਤੀ ਨਿਰੰਕਾਰੀ ਬੁਚੜਾਂ ਵਲੋਂ ਦਾਗੀ ਹੋਈ ਗੋਲੀ ਆਪ ਜੀ ਨੂੰ ਲਗੀ ਤਾਂ ਧਰਤੀ ਤੇ ਡਿਗ ਪਏ, ਪਰ ਛੇਤੀ ਹੀ ਸੰਭਲ ਕੇ ਚੌਕੜਾ ਮਾਰ ਕੇ ਬੈਠ ਗਏ। ਆਪ ਜੀ ਨੇ ਅੰਤ ਸਮਾਂ ਨੇੜੇ ਜਾਣ ਕੇ ਹਾਏ ਊਈ ਦੀ ਥਾਂ ਉਚੀ-ਉਚੀ ਨਾਮ-ਅਭਿਆਸ

ਕਰਨਾ ਸ਼ੁਰੂ ਕਰ ਦਿਤਾ ਅਤੇ ਫਿਰ ਸਮਾਧੀ ਵਿਚ ਲੀਨ ਹੋ ਗਏ ।

ਇਸੇ ਤਰ੍ਹਾਂ ਬੈਠਿਆਂ ਦੇ ਨਮਨ ਸੀਸ ਵਿਚ (ਡਿੰਗਣ ਨਾਲ ਦੁਮਾਲਾ ਸੀਸ ਤੋਂ ਲੱਥ ਚੁਕਾ ਸੀ) ਦੋਖੀਆਂ ਨੇ ਇਤਨੀਆਂ ਡਾਂਗਾਂ ਵਰ੍ਹਾਈਆਂ ਕਿ ਸੀਸ ਫੁਟ ਕੇ ਖਖੜੀ ਹੋ ਗਿਆ। ਉਥੇ ਸਾਵਧਾਨ ਬੈਠੇ ਰਹੇ, ਰਤਾ ਨਹੀਂ ਜਿਮਕੇ, ਜਦ ਤਕ ਕਿ ਪੰਖੇਰੂ ਉਡਾਰੀ ਨਹੀਂ ਮਾਰ ਗਿਆ। ਆਪ ਜੀ ਦੇ ਅੰਤਮ ਦਰਸ਼ਨ ਵੀ ਸਮਾਧ-ਸਥਿਤ ਦਸ਼ਾ ਵਿਚ ਹੀ ਹੋ ਰਹੇ ਹਨ।

ਆਪ ਜੀ ਦੇ ਪੰਜ ਸਪੁਤਰ ਤੇ ਇਕ ਸਪੁਤਰੀ ਹੈ, ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :

ਭਾਈ ਕਿਰਪਾਲ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਬੀਬੀ ਸੁਰਜੀਤ ਕੌਰ ਜੀ।

ਇਸ ਸ਼ਹੀਦੀ ਸਾਕੇ ਸਮੇਂ ਇਨ੍ਹਾਂ ਦਾ ਸਪੁਤਰ ਭਾਈ ਇਕਬਾਲ ਸਿੰਘ ਭੀ ਸੰਗ-ਸਾਥ ਹੀ ਫਟੜ ਹੋਇਆ ਹੈ, ਜਿਸ ਦੇ ਪਟ ਵਿਚ ਦੁਸ਼ਟਾਂ ਦਾ ਚਲਾਇਆ ਹੋਇਆ ਤੀਰ ਤੇ ਗੋਲੀ ਲਗੀ ਹੈ।

ਸ਼ਹੀਦ ਭਾਈ ਰਘਬੀਰ ਸਿੰਘ ਜੀ, ਭਗੂਪੁਰ

ਭਾਈ ਕਿਰਪਾਲ ਸਿੰਘ ਜੀ, ਸ਼ਾਹਪੁਰ ਅੰਬਾਲਾ ਛਾਉਣੀ

ਸ਼ਹੀਦ ਭਾਈ ਰਘਬੀਰ ਸਿੰਘ ਦਾ ਜਨਮ ਪਿੰਡ ਭਗੂਪੁਰ ਤਹਿਸੀਲ ਤੇ ਥਾਣਾ ਪਟੀ ਜ਼ਿਲਾ ਅੰਮ੍ਰਿਤਸਰ ਵਿਖੇ ੧੦-੩-੪੯ ਨੂੰ ਹੋਇਆ। ਪੰਦਰਾਂ ਸਾਲ ਦੀ ਉਮਰ ਤਕ ਇਹਨਾਂ ਆਪਣੇ ਪਿੰਡ ਵਿਚ ਅੱਠਵੀਂ ਤਕ ਪੜ੍ਹਾਈ ਕੀਤੀ ਤੇ ੧੯੬੩ ਵਿਚ ਫ਼ੌਜ ਦੀ ਬੱਚਾ ਕੰਪਨੀ ਬੰਬੇ ਇੰਜਨੀਰਿੰਗ ਗਰੁਪ ਕਿਰਕੀ ਪੂਨਾ ਵਿਚ ਭਰਤੀ ਹੋਏ। ਪੰਜ ਸਾਲ ਨੌਕਰੀ ਕਰਕੇ ੧੯੬੮ ਵਿਚ ਫ਼ੌਜ ਤੋਂ ਨਾਮ ਕੱਟਵਾ ਕੇ ਪਟਿਆਲੇ ਆ ਗਏ।

ਦਾਸ ਦਾ ਪਹਿਲਾ ਮਿਲਾਪ ਭਾਈ ਸਾਹਿਬ ਨਾਲ ਕਿਰਕੀ ਪੂਨਾ ਵਿਖੇ ੧੪-੧੨-੬੬ ਨੂੰ ਹੋਇਆ, ਜਦੋਂ ਕਿ ਦਾਸ ਫ਼ੌਜ ਵਿਚ ਸੇਵਾ ਕਰਦਾ ਹੋਇਆ ਸਾਗਰ (ਮਧ ਪ੍ਰਦੇਸ) ਤੋਂ ਬਦਲੀ ਹੋ ਕੇ ਟਰੇਨਿੰਗ ਬਟਾਲੀਅਨ ਨੰਬਰ-੧ ਬੰਬੇ ਇੰਜਨੀਰਿੰਗ ਗਰੁਪ ਵਿਚ ਗਿਆ ਸੀ। ਦਾਸ ਦਫ਼ਤਰ ਵਿਚ ਕਲਰਕ ਦੀ ਡੀਊਟੀ ਕਰ ਰਿਹਾ ਸੀ, ਭਾਈ ਸਾਹਿਬ ਇੰਜਣ ਫਿੱਟਰ ਸਨ, ਪਰ ਗੁਰੂ ਘਰ ਦੇ ਪ੍ਰੇਮੀ ਹੋਣ ਕਾਰਨ ਗੁਰਦੁਆਰੇ ਵਿਚ ਸੇਵਾਦਾਰ ਦੀ ਡਿਊਟੀ ਤੇ ਨਿਯੁਕਤ ਕੀਤੇ ਗਏ ਸਨ। ਉਹਨਾਂ ਦੇ ਪੂਰਬਲੇ ਕਰਮ ਉਦੇ ਹੋਣੇ ਸਨ, ਇਸ ਲਈ ਦਾਸ ਨੂੰ ਕੁਝ ਅਨੁਭਵ ਹੋਇਆ ਕਿ ਇਹ ਜੇ ਗੁਰੂ ਕੇ ਬਣ ਜਾਣ ਤਾਂ ਚੰਗਾ ਹੈ। ਹਫਤਾਵਾਰੀ ਕੀਰਤਨ-ਸਮਾਗਮ ਪੂਨੇ ਵਿਚ ਪ੍ਰੋਫੈਸਰ

ਬੇਅੰਤ ਸਿੰਘ ਜੀ ਅਗਵਾਈ ਹੇਠ ਚਲ ਰਹੇ ਹਨ। ਦਾਸ ਇਨ੍ਹਾਂ ਨੂੰ ਆਪਣੇ ਸੰਗ-ਸਾਥ ਹੀ ਕੀਰਤਨ-ਸਮਾਗਮਾਂ ਵਿਚ ਲੈ ਜਾਣ ਦੀ ਪ੍ਰੇਰਨਾ ਕਰਦਾ ਰਿਹਾ। ਦਾਸ ਦੇ ਪਾਸ ਟੇਪ-ਰੀਕਾਰਡ ਸੀ। ਭਾਈ ਮਹਿੰਦਰ ਸਿੰਘ ਐਸ. ਡੀ. ਓ., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਹੋਰ ਕਈ ਬੀਬੀਆਂ ਦੇ ਮਨੋਹਰ ਕੀਰਤਨ, ਰੀਕਾਰਡ ਕੀਤੇ ਹੋਏ ਸਨ ਤੇ ਅਸੀਂ ਹਰ ਰੋਜ਼ ਹੀ ਤਕਰੀਬਨ ਇਕ ਮਹੀਨਾ ਨੇਮ ਨਾਲ ਸੁਣਦੇ ਰਹੇ। ਹੋਰ ਵੀ ਸਿੰਘ ਆ ਜਾਂਦੇ ਸਨ, ਕਿਉਂਕਿ ਪੂਨੇ ਵਿਚ ਕਾਫੀ ਪਿਆਰ ਵਾਲੇ ਸਿੰਘ ਸਨ। ਇਨ੍ਹਾਂ ਨੂੰ ਬਾਣੀ ਦੇ ਤੇ ਕੀਰਤਨ ਦੇ ਅਣਿਆਲੇ ਤੀਰ ਘਾਉ ਕਰ ਗਏ, ਜਿਸ ਦਾ ਸਦਕਾ ਇਨ੍ਹਾਂ ਨੇ ਕੁਝ ਦਿਨਾਂ ਵਿਚ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਤੇ ਪੰਜ-ਕਕਾਰੀ ਰਹਿਤ ਵਿਚ ਪਰਪੱਕ ਹੋ ਗਏ। ਇਕ ਦਿਨ ਬੇਨਤੀ ਕਰਨ ਲਗੇ, "ਜਿਨ੍ਹਾਂ ਸਿੰਘਾਂ ਦੇ ਤੁਸੀਂ ਰਸ-ਭਿੰਨੜੇ ਕੀਰਤਨ ਰੀਕਾਰਡ ਕੀਤੇ ਹਨ, ਉਹਨਾਂ ਦੇ ਪਰਤੱਖ ਦਰਸ਼ਨ-ਦੀਦਾਰੇ ਕਰਾਉ, ਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ-ਨਾਮ ਦੀ ਦਾਤ ਦੀ ਬਖਸ਼ਿਸ਼ ਕਰਾਉ।" ਦਾਸ ਨੇ ਬੇਨਤੀ ਕੀਤੀ ਕਿ ਇਸ ਵਿਸਾਖੀ ਤੇ ਲੁਧਿਆਣੇ ਜਾ ਕੇ ਪੰਚਾਂ ਦੇ ਪੇਸ਼ ਹੋ ਜਾਓ, ਬਖਸ਼ਿਸ਼ ਹੋ ਜਾਵੇਗੀ। ਉਤਰ ਵਿਚ ਕਿਹਾ ਕਿ ਮੈਂ ਅਨਜਾਣ ਬੱਚਾ ਹਾਂ, ਮੈਨੂੰ ਕੋਈ ਜਾਣਦਾ ਨਹੀਂ ਹੈ, ਤੁਸੀਂ ਛੁੱਟੀ ਲੈ ਕੇ ਮੇਰੇ ਨਾਲ ਚਲੋ ਤੇ ਮੇਰੀ ਵਿਚੋਲਗੀ ਕਰੋ। ਦਾਸ ਦਾ ਓਦੋਂ ਪੱਕਾ ਟਿਕਾਣਾ ਲੁਧਿਆਣੇ ਹੀ ਸੀ।

ਭਾਈ ਸਾਹਿਬ ਜੀ ਨੂੰ ਛੁੱਟੀ ਦਾ ਅੜਿੱਕਾ ਪੈ ਗਿਆ ਤੇ ਕਹਿਣ ਲੱਗੇ, ਕੁਝ ਵੀ ਹੋਵੇ, ਮੈਂ ਹਰ ਹਾਲਤ ਵਿਚ ਵਿਸਾਖੀ ਨੂੰ ਲੁਧਿਆਣੇ ਹੋਵਾਂਗਾ, ਤੁਸੀਂ ਚਲੋ। ਦਾਸ ਨੂੰ ਤਾਂ ਦੋ ਮਹੀਨੇ ਦੀ ਛੁੱਟੀ ਮਿਲ ਗਈ ਤੇ ਅਸੀਂ ਦੋਵੇਂ ਪ੍ਰੋਫੈਸਰ ਬੇਅੰਤ ਸਿੰਘ ਜੀ ਪਾਸ ਗਏ। ਉਹਨਾਂ ਦਾ ਅਫਸਰਾਂ ਨਾਲ ਕਾਫੀ ਰਸੂਖ ਸੀ। ਉਹਨਾਂ ਨੇ ਭਾਈ ਰਘਬੀਰ ਸਿੰਘ ਦੇ ਅਫਸਰ ਨੂੰ ਟੈਲੀਫੂਨ ਕੀਤਾ ਕਿ ਇਨ੍ਹਾਂ ਨੂੰ ਦਸ ਦਿਨ ਦੀ ਛੁੱਟੀ ਦੇ ਦਿਓ। ਇਸ ਤਰ੍ਹਾਂ ਇਕ ਘੰਟੇ ਦੇ ਅੰਦਰ ਹੀ ਛੁੱਟੀ ਮਨਜ਼ੂਰ ਹੋ ਗਈ ਅਤੇ ਅਸੀਂ ਦੋਨੋਂ ੯-੪-੬੭ ਨੂੰ ਗੱਡੀ ਤੇ ਸਵਾਰ ਹੋ ਕੇ ੧੧-੪-੬੭ ਨੂੰ ਅੰਮ੍ਰਿਤ ਵੇਲੇ ਲੁਧਿਆਣੇ ਪੁਜ ਗਏ। ਵਿਸਾਖੀ ਵਾਲੇ ਦਿਨ ਪੰਚਾਂ ਦੇ ਪੇਸ਼ ਕਰਵਾ ਦਿਤਾ ਤੇ ਭਾਈ ਰਘਬੀਰ ਸਿੰਘ ਜੀ ਨੂੰ ਅੰਮ੍ਰਿਤ-ਨਾਮ ਦੀਆਂ ਦਾਤਾਂ ਪ੍ਰਾਪਤ ਹੋ ਗਈਆਂ। ਗੁਰਮਤਿ ਰਹਿਤ-ਰਹਿਣੀ ਵਿਚ ਪਰਪੱਕ ਹੋ ਗਏ ਅਤੇ ਮਨਮੁਖ ਸਨਬੰਧੀਆਂ ਨਾਲੋਂ ਨਾ-ਮਿਲਵਰਤਣ ਦੀ ਪੱਕੀ ਠਾਣ ਲਈ।

ਇਹ ਆਪਣੇ ਪਿੰਡ ਨਹੀਂ ਗਏ, ਵਾਪਸ ਪੂਨੇ ਪੁਜ ਗਏ ਤੇ ਨਾਮ-ਕਮਾਈ ਵਿਚ ਜੁੱਟ ਗਏ। ਦਾਸ ਜਦੋਂ ਦੋ ਮਹੀਨੇ ਦੀ ਛੁੱਟੀ ਕੱਟ ਕੇ ਪੁਜਾ ਤਾਂ ਦਰਸ਼ਨ ਕਰਕੇ ਗੱਦ-ਗੱਦ ਹੋ ਗਿਆ। ਦਾਸ ਦੇ ਵੀ ਭਾਗ ਜਾਗੇ ਕਿ ਐਸੇ ਗੁਰੂ ਕੇ ਲਾਲ ਦੇ ਸੱਚੇ ਪਾਤਸ਼ਾਹ ਨੇ ਮਿਲਾਪ ਕਰਵਾਏ ਹਨ। ਭਾਈ ਸਾਹਿਬ ਜੀ ਬਾਰ੍ਹਾਂ ਵਜੇ ਦੇ ਪਿਛੋਂ ਕਦੀ ਨਹੀਂ ਸੌਂਦੇ ਸਨ, ਇਸ਼ਨਾਨ ਕਰਕੇ ਨਾਮ ਜਪਣ ਵਿਚ ਦਿਨ ਚੜ੍ਹੇ ਤਕ ਜੁੱਟੇ ਰਹਿੰਦੇ ਸਨ।

ਉਹਨਾਂ ਨੇ ਥੋੜੇ ਹੀ ਸਮੇਂ ਵਿਚ ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ ਅਤੇ ਸਤੇ ਬਲਵੰਡ ਦੀ ਵਾਰ ਤੇ ਹੋਰ ਬਹੁਤ ਸਾਰੀਆਂ ਬਾਣੀਆਂ ਕੰਠਾਗਰ ਕਰ ਲਈਆਂ ਸਨ।

ਉਹ ਆਪਣਾ ਪਰਸ਼ਾਦਾ ਆਪਣੇ ਹੱਥੀਂ ਆਪ ਹੀ ਸਜਾਇਆ ਕਰਦੇ ਸਨ, ਪਰ ਫੌਜ ਵਿਚ ਐਸਾ ਕਰਨਾ ਮਨ੍ਹਾ ਸੀ, ਇਸ ਲਈ ਉਹਨਾਂ ਨੂੰ ਪਰਸ਼ਾਦਾ ਆਪ ਸਜਾਣਾ ਬੰਦ ਕਰਨਾ ਪਿਆ। ਦਾਸ ਉਹਨਾਂ ਦਿਨਾਂ ਵਿਚ ਸਿੰਘਣੀ ਸਮੇਤ ਰਹਿੰਦਾ ਸੀ। ਦਾਸ ਨੇ ਬੇਨਤੀ ਕੀਤੀ ਕਿ ਪਰਸ਼ਾਦਾ ਸਾਡੇ ਘਰ ਛੱਕ ਲਿਆ ਕਰੋ ਤੇ ਉਹ ਸਾਡੇ ਛਕਦੇ ਰਹੇ।

ਪੂਨੇ ਦੇ ਇਕ ਸਿੰਘ ਭਾਈ ਗੁਰਚਰਨ ਸਿੰਘ ਜੀ ਨੇ ਆਪਣੇ ਘਰ ਸ੍ਰੀ ਅਖੰਡਪਾਠ ਅਰੰਭ ਕਰਵਾਇਆ ਜੋ ੨੩-੧੨-੬੭ ਤੋਂ ੨੫-੧੨-੬੭ ਤਕ ਹੋਇਆ। ਭਾਈ ਰਘਬੀਰ ਸਿੰਘ ਜੀ 'ਤੇ ਅਕਾਲ ਪੁਰਖ ਦੀ ਕਿਰਪਾ ਹੋਈ, ਇਨ੍ਹਾਂ ਨੇ ਇਕੋ ਚੌਂਕੜੇ ਵਿਚ ਬੈਠ ਕੇ ਸਾਰਾ ਅਖੰਡਪਾਠ ਬਿਨਾਂ ਅੰਨ-ਜਲ ਦੇ ਸਰਵਣ ਕੀਤਾ। ਭੋਗ ਉਪਰੰਤ ਛੇ ਘੰਟੇ ਕੀਰਤਨ ਉਸੇ ਚੌਂਕੜੇ ਵਿਚ ਕੀਤਾ। ਕੋਈ ਥਕਾਵਟ ਮਹਿਸੂਸ ਨਹੀਂ ਕੀਤੀ। ਆਪ ਘੰਟਿਆਂ ਬੱਧੀ ਕੰਠਾਗਰ ਕੀਰਤਨ ਕਰਦੇ ਰਹਿੰਦੇ ਸਨ ਅਤੇ ਤਕੜੇ ਅਖੰਡਪਾਠੀ ਵੀ ਸਨ। ਪਰਮਾਰਥ-ਸਿਧੀ ਦੀ ਆਪ ਨੂੰ ਇਤਨੀ ਲਗਨ ਸੀ ਕਿ ਆਪ ਨੇ ਥੋੜੇ ਸਮੇਂ ਵਿਚ ਹੀ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਦੀ ਵਾਰ, ਬਸੰਤ ਕੀ ਵਾਰ, ਸਤੇ ਬਲਵੰਡ ਦੀ ਵਾਰ, ਸ਼ਬਦ ਹਜ਼ਾਰੇ ਪਾ: ੧੦, ਸਵਯੇ "ਦੀਨਨ ਕੀ ਪਤਿਪਾਲ ਕਰੈ", ਚੌਪਈ "ਪ੍ਰਣਵੋ ਆਦਿ", ਅਕਾਲ ਉਸਤਤਿ, ਬਾਰਹਮਾਹਾ ਮਾਝ ਤੇ ਤੁਖਾਰੀ, ਸਲੋਕ ਮਹਲਾ ੯, ਗੂਜਰੀ ਕੀ ਵਾਰ ਮਹਲਾ ੫, ਅਤੇ ਹੋਰ ਬੇਅੰਤ ਸ਼ਬਦ ਕੰਠਾਗਰ ਕਰ ਲਏ, ਜਿਨ੍ਹਾਂ ਦਾ ਰੋਜ਼ ਪਾਠ ਕਰਦੇ ਸਨ।

ਕੁਝ ਸਮੇਂ ਪਿਛੋਂ ਉਹ ਮਿਲਟਰੀ ਸਰਵਿਸ ਤੋਂ ਉਪਰਾਮ ਹੋ ਗਏ। ਉਹਨਾਂ ਦੇ ਵਡੇ ਭਰਾ ਕੈਪਟਨ ਪਿਆਰਾ ਸਿੰਘ ਜੀ ਨੇ ਭਾਈ ਸਾਹਿਬ ਨੂੰ ਕੋਸ਼ਿਸ਼ ਕਰਕੇ ਡਿਸਚਾਰਜ ਕਰਵਾ ਲਿਆ ਤੇ ਡਿਊਟੀ ਲਾਈ ਕਿ ਤੁਸੀਂ ਹੁਣ ਪਿੰਡ ਜਾ ਕੇ ਖੇਤੀ ਬਾੜੀ ਦਾ ਕੰਮ ਸੰਭਾਲ ਲਵੋ, ਕਿਉਂਕਿ ਪਿਛੇ ਕੰਮ ਕਰਨ ਵਾਲਾ ਕੋਈ ਨਹੀਂ ਸੀ।

ਭਾਈ ਸਾਹਿਬ ਜੀ ਨੇ ਕਿਹਾ ਕਿ ਮੈਂ ਪਿੰਡ ਨਹੀਂ ਜਾਣਾ, ਉਥੇ ਦਾ ਵਾਤਾਵਰਨ ਠੀਕ ਨਹੀਂ ਹੈ। ਘਰ ਜਾਣ ਨਾਲ ਮੇਰਾ ਸਭ ਕੁਝ ਖਤਮ ਹੋ ਜਾਏਗਾ। ਦਾਸ ਨੇ ਤੇ ਪ੍ਰੋਫੈਸਰ ਬੇਅੰਤ ਸਿੰਘ ਜੀ ਨੇ ਪਟਿਆਲੇ 'ਸੂਰਾ ਪ੍ਰਿੰਟਿੰਗ ਪ੍ਰੈਸ' ਵਿਚ ਭੇਜ ਦਿਤਾ, ਕਿਉਂਕਿ 'ਸੂਰਾ ਪ੍ਰੈਸ' ਵਿਚ ਇਕ ਕੰਪਾਜ਼ੀਟਰ ਦੀ ਲੋੜ ਸੀ।

੬੦—ਰੁਪਏ ਮਹੀਨੇ ਤੇ 'ਸੂਰਾ ਪ੍ਰਿੰਟਿੰਗ ਪ੍ਰੈਸ' ਵਿਚ ਕੰਮ ਕਰਨਾ ਅਰੰਭ ਕਰ ਦਿਤਾ। ਪ੍ਰਸ਼ਾਦਾ ਹਮੇਸ਼ਾ ਆਪ ਹੀ ਸਜਾਇਆ ਕਰਦੇ ਸਨ। ਉਸ ਦੇ ਪਿਛੋਂ 'ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ' ਵਿਚ ਵੀ ਕੰਮ ਕਰਦੇ ਰਹੇ। ਇਨ੍ਹਾਂ ਨੂੰ ਪੜ੍ਹਾਈ ਕਰਨ ਦਾ

ਪਹਿਲਾਂ ਤੋਂ ਹੀ ਬਹੁਤ ਸ਼ੌਕ ਸੀ। ਪੜ੍ਹਾਈ ਕਰਨੀ, ਪ੍ਰਸ਼ਾਦਾ ਸਜਾਉਣਾ, ਆਪਣਾ ਨਿਤਨੇਮ ਵੀ ਰੋਜ਼ਾਨਾ ਕਰਨਾ ਤੇ ਫਿਰ ਸਾਰਾ ਦਿਨ ਪ੍ਰੈਸ ਵਿਚ ਵੀ ਡਿਊਟੀ ਕਰਨੀ, ਇਹ ਸਾਰਾ ਕੰਮ ਬੜਾ ਕਠਨ ਸੀ, ਇਸ ਲਈ ਆਪ ਜੀ ਨੂੰ ਨੌਕਰੀ ਛਡਣੀ ਪਈ, ਕੇਵਲ ਨਾਮ-ਕਮਾਈ ਅਤੇ ਪੜ੍ਹਾਈ ਕਰਨ ਵਿਚ ਜੁੱਟ ਗਏ। ੧੯੬੮ ਤੋਂ ੧੯੭੩ ਤਕ ਖ਼ੂਬ ਨਾਮ-ਕਮਾਈ ਤੇ ਦੁਨਿਆਵੀ ਪੜ੍ਹਾਈ ਕੀਤੀ। ਦਾਸ ਵੀ ੭ ਫਰਵਰੀ ੧੯੭੦ ਨੂੰ ਪੈਨਸ਼ਨ ਆ ਗਿਆ ਸੀ।

ਇਸ ਸਮੇਂ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਦੀ ਅਗਵਾਈ ਵਿਚ ੯ ਅਕਤੂਬਰ ੧੯੭੦ ਤੋਂ ੧ ਨਵੰਬਰ ੧੯੭੦ ਤਕ ਗੁਰਮਤਿ ਪਰਚਾਰ ਇਲਾਕੇ ਵਿਚ ਫਿਰ ਕੇ ਕੀਤਾ ਗਿਆ। ਭਾਈ ਰਘਬੀਰ ਸਿੰਘ ਜੀ ਤੇ ਭਾਈ ਫੌਜਾ ਸਿੰਘ ਜੀ ਇਸ ਪਰਚਾਰ-ਫੇਰੀ ਸਮੇਂ ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਰਹੇ।

ਇਨ੍ਹਾਂ ਨੇ ਬਹੁਤਾ ਸਮਾਂ ਪਟਿਆਲੇ ਵਿਖੇ ਭਾਈ ਮਨੋਹਰ ਸਿੰਘ ਜੀ ਰੈਡ ਕਰਾਸ ਅਤੇ ਭਾਈ ਸੁਰਜੀਤ ਸਿੰਘ ਜੀ ਟਰੱਕਾਂ ਵਾਲਿਆਂ ਨਾਲ ਬਿਤਾਇਆ। ਕੁਝ ਸਮਾਂ ਦਾਸ ਦੇ ਪਾਸ ਲੁਧਿਆਣੇ ਰਹਿ ਕੇ ਵੀ ਪੜ੍ਹਾਈ ਕੀਤੀ। ਪੜ੍ਹਾਈ ਦਾ ਵੇਰਵਾ ਇਸ ਤਰ੍ਹਾਂ ਹੈ : ਮੈਟ੍ਰਿਕ, ਗਿਆਨੀ ਤੇ ਬੀ. ਏ.।

ਸਮਾਗਮਾਂ ਸਮੇਂ ਲੰਗਰ ਦੀ ਸੇਵਾ ਬੜੇ ਪਿਆਰ ਨਾਲ ਕਰਿਆ ਕਰਦੇ ਸਨ। ਜਦੋਂ ਦਾਸ ਨੇ ਸਮਾਗਮ ਘਰ ਵਿਚ ਰਖਵਾਉਣਾ ਤਾਂ ਇਨ੍ਹਾਂ ਨੇ ਲੰਗਰ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਨਿਭਾਉਣੀ। ਦਾਸ ਨੇ ਪੜ੍ਹਾਈ ਦੇ ਦੌਰਾਨ ਉਹਨਾਂ ਨੂੰ ਖਰਚ ਵਗੈਰਾ ਦੀ ਕੋਈ ਔਕੜ ਨਹੀਂ ਆਉਣ ਦਿਤੀ। ਇਹ ਦਾਸ ਦੀ ਸੱਚੇ ਪਾਤਸ਼ਾਹ ਨੇ ਪ੍ਰੇਰਨਾ ਕਰਕੇ ਡਿਊਟੀ ਲਾਈ ਹੋਈ ਸੀ। ਆਪ ੧-੧੧-੭੩ ਨੂੰ ਪਟਿਆਲਾ ਯੂਨੀਵਰਸਿਟੀ ਵਿਚ ਕਲਰਕ ਨਿਯੁਕਤ ਕੀਤੇ ਗਏ। ੧-੨-੭੫ ਤੋਂ ਪੰਜਾਬ ਐਂਡ ਸਿੰਧ ਬੈਂਕ ਵਿਚ ਸਰਵਿਸ ਮਿਲ ਗਈ। ਸ਼ਹੀਦ ਹੋਣ ਤਕ ਪੰਜਾਬ ਐਂਡ ਸਿੰਧ ਬੈਂਕ ਸੁਨਾਮ ਜ਼ਿਲਾ ਸੰਗਰੂਰ ਵਿਚ ਲੱਗੇ ਰਹੇ। ਦਾਸ ਨਾਲ ਆਪ ਦਾ ਬਹੁਤ ਪਿਆਰ ਸੀ ਅਤੇ ਦਾਸ ਨੂੰ ਪਿਤਾ ਸਮਾਨ ਸਮਝਦੇ ਸਨ।

ਆਪ ਬੜੇ ਮਿਠ-ਬੋਲੜੇ ਤੇ ਮਿਲਾਪੜੇ ਸੁਭਾ ਵਾਲੇ ਸਨ ਅਤੇ ਹਰਮਨ ਪਿਆਰੇ ਸਨ। ਖਿੜਿਆ ਹੋਇਆ ਹਸੂ-ਹਸੂ ਕਰਦਾ ਚਿਹਰਾ ਦੇਖਣ ਵਾਲਿਆਂ ਨੂੰ ਮੋਹ ਲੈਂਦਾ ਸੀ। ਆਪ ਬੜੇ ਬੈਰਾਗੀ ਤਿਆਗੀ ਸਨ ਅਤੇ ਬੜੀ ਬਿਹਬਲਤਾ ਵਿਚ ਸਤਿਗੁਰਾਂ ਅਗੇ ਅਰਦਾਸ ਕਰਦੇ ਹੋਇ ਅਧਾ-ਅਧਾ ਘੰਟਾ ਰੁਦਨ ਕਰਦੇ ਰਹਿੰਦੇ ਸਨ। ਅੰਮ੍ਰਿਤ ਵੇਲੇ ਘੰਟਿਆਂ ਬਧੀ ਜੁਟ ਕੇ ਨਾਮ-ਅਭਿਆਸ ਦਾ ਜ਼ੋਰੋ-ਜ਼ੋਰ ਖੰਡਾ ਖੜਕਾਉਣਾ। ਨਾਮ ਦੀ ਇਉਂ ਗੂੰਜ ਪੈਣੀ ਜਿਵੇਂ ਕਿ ਕਈ ਸਿੰਘ ਮਿਲ ਕੇ ਖੰਡਾ ਖੜਕਾ ਰਹੇ ਹੋਣ। ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੁਨਾਮ ਵਿਚ ਕਈ ਸਿੰਘ ਸਜੇ ਅਤੇ ਕਈਆਂ ਨੂੰ

ਪ੍ਰਮਾਰਥ ਦੀ ਲਾਗ ਲਗੀ। ਦਾਨੀ ਇੰਨੇ ਸਨ ਕਿ ਸ਼ਹੀਦ ਹੋਣ ਉਪਰੰਤ ਇਨ੍ਹਾਂ ਨਮਿਤ ਰਖੇ ਪਾਠ ਦੇ ਭੋਗ ਸਮੇਂ ਕਿਸੇ ਵਿਅਕਤੀ ਨੇ ਸ਼ਰਧਾਂਜਲੀ ਦਿੰਦਿਆਂ ਇਨ੍ਹਾਂ ਪ੍ਰਥਾਇ ਇਹ ਸ਼ਬਦ ਕਹੇ ਕਿ ਗੁਰਸਿੱਖ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕਢਣ ਦਾ ਹੁਕਮ ਹੈ, ਪਰ ਇਹ ਗੁਰੂ ਕੇ ਲਾਲ ਅਜਿਹੇ ਸਨ ਕਿ ਦਸਵੰਧ ਨਾਲ ਤਾਂ ਆਪਣਾ ਨਿਰਬਾਹ ਕਰਦੇ ਸਨ ਅਤੇ ਬਾਕੀ ਸਾਰੀ ਮਾਇਆ ਗੁਰੂ ਕੇ ਲੇਖੇ ਲਾ ਦਿੰਦੇ ਸਨ।

ਉਹਨਾਂ ਦਾ ਆਨੰਦ ਕਾਰਜ ੧੮-੧੦-੭੫ ਬੀਬੀ ਹਰਦੇਵ ਕੌਰ ਸਪੁਤਰੀ ਸ: ਰਾਮ ਸਿੰਘ (ਰਿਟਾਇਰਡ ਕੈਪਟਨ) ਪਿੰਡ ਬੁਤਾਲਾ ਜ਼ਿਲਾ ਕਪੂਰਥਲੇ ਨਾਲ ਹੋਇਆ। ਇਹ ਅਨੰਦ ਕਾਰਜ ਵੀ ਆਪਣੀ ਮਿਸਾਲ ਆਪ ਹੀ ਸੀ। ਆਮ ਸੰਸਾਰੀਆਂ ਵਾਂਗ ਨਾ ਕੋਈ ਜੰਞ ਸੀ ਤੇ ਨਾ ਕੋਈ ਮਨਮੁਖੀ ਵਿਆਹਾਂ ਵਾਲੇ ਅਡੰਬਰ ਸਨ। ਇਕ ਆਪ ਅਤੇ ਦੂਜੇ ਉਨ੍ਹਾਂ ਦੇ ਪਿਤਾ ਜੀ ਸਨ। ਹੋਰ ਚਾਰ ਗੁਰਸਿੱਖ ਨਾਲ ਸਨ, ਤੇ ਬਸ ਇਹੋ ਜੰਞ ਸੀ; ਨਾ ਕੋਈ ਵਾਜੇ-ਗਾਜੇ ਤੇ ਨਾ ਕੋਈ ਮਿਲਣੀ-ਗਿਲਣੀ।

ਬੀਬੀ ਜੀ ਵੀ ਆਪਣੀ ਰਹਿਤ-ਰਹਿਣੀ ਵਿਚ ਪਰਪੱਕ ਹਨ। ਭਾਈ ਸਾਹਿਬ ਦੀ ਸੰਗਤ ਨਾਲ ਸਿੱਖੀ ਦਾ ਹੋਰ ਗੂੜ੍ਹਾ ਰੰਗ ਚੜ੍ਹ ਗਿਆ। ਬੀਬੀ ਜੀ ਵੀ ਗੁਰਮੁਖੀ ਬਾਣੇ ਵਿਚ ਰਹਿਣ ਲਗ ਪਏ।

ਭਾਈ ਰਘਬੀਰ ਸਿੰਘ ਜੀ ਸੁਨਾਮ ਵਿਚ ਸਵਾ ਤਿੰਨ ਸਾਲ ਰਹੇ ਅਤੇ ਇਨ੍ਹਾਂ ਦੇ ਉਦਮ ਨਾਲ ਉਥੇ ਹਰ ਸਾਲ ਰੈਣ ਸਬਾਈ ਕੀਰਤਨ ਚੜ੍ਹਦੀਆਂ ਕਲਾਂ ਵਿਚ ਹੁੰਦੇ ਰਹੇ।

ਸ਼ਹੀਦੀ ਪਾਉਣ ਤੋਂ ਮਹੀਨਾ ਕੁ ਪਹਿਲਾਂ ਭਾਈ ਰਘਬੀਰ ਸਿੰਘ ਨੇ ਇਕ ਰਾਤ੍ਰੀ ਸੁਪਨ-ਚਮਤਕਾਰ ਦੇਖਿਆ—ਜੋ ਇਉਂ ਹੈ:

ਉਸ ਨੇ ਡਿਠਾ ਕਿ ਇਕ ਪਾਸੇ ਕੁਝ ਦੇਵਤੇ ਖੜੇ ਹਨ ਅਤੇ ਦੂਸਰੇ ਪਾਸੇ ਰਾਕਸ਼ ਖੜੇ ਹਨ, ਜੋ ਇਸ ਨੂੰ ਘੇਰੀ ਬੈਠੇ ਹਨ। ਇਸ ਦੀ ਉਨ੍ਹਾਂ ਰਾਕਸ਼ਾਂ ਨਾਲ ਬੜੀ ਜ਼ਬਰਦਸਤ ਟੱਕਰ ਇਉਂ ਹੋ ਰਹੀ ਹੈ ਕਿ ਰਾਕਸ਼ ਆਪਣੇ ਜਾਦੂ ਟੂਣੇ ਦੇ ਪਰਭਾਵ ਇਸ ਤੇ ਪਾ ਰਹੇ ਹਨ, ਜਿਸ ਨਾਲ ਇਨ੍ਹਾਂ ਦਾ ਸਰੀਰ ਭਾਰਾ ਤੇ ਸਥਿਲ ਹੁੰਦਾ ਜਾ ਰਿਹਾ ਹੈ ਅਤੇ ਲੱਤਾਂ ਅਗਾਂਹ ਤੁਰਦੀਆਂ ਨਹੀਂ। ਦੂਰ ਖੜੇ ਦੇਵਤੇ ਇਉਂ ਕਹਿੰਦੇ ਸੁਣਾਈ ਦਿੰਦੇ ਹਨ ਕਿ ਗੁਰੂ ਕੇ ਸਿੰਘ ਦਾ ਮੁਕਾਬਲਾ ਆਦਮ-ਖੋਰਾਂ ਨਾਲ ਪੈ ਗਿਆ ਹੈ, ਦੇਖੀਏ ਕੌਣ ਜਿਤਦਾ ਹੈ। ਇੰਨੇ ਨੂੰ ਭਾਈ ਰਘਬੀਰ ਸਿੰਘ ਜੀ ਉੱਚੀ ਉੱਚੀ ਨਾਮ-ਅਭਿਆਸ ਦਾ ਖ਼ੰਡਾ ਖੜਕਾਉਣ ਲਗ ਪਏ, ਜਿਸ ਨਾਲ ਉਨ੍ਹਾਂ ਦਾ ਸਰੀਰ ਹੌਲਾ ਹੋ ਗਿਆ ਤੇ ਆਪ ਛੜੱਪ ਦੇਵਤਿਆਂ ਵਿਚ ਜਾ ਰਲੇ। ਦੇਵਤਿਆਂ ਨੇ 'ਵਾਹ ਵਾਹ' ਤੇ 'ਧੰਨ ਗੁਰਸਿਖੀ' ਦੀਆਂ ਆਵਾਜ਼ਾਂ ਬੁਲੰਦ ਕੀਤੀਆਂ ਅਤੇ ਸ਼ਾਬਾਸ਼ ਦੇ ਥਾਪੜੇ ਦਿਤੇ। ਜਦੋਂ ਹੀ ਇਸ ਸੁਪਨੇ ਤੋਂ ਉਪਰੰਤ ਉਹ ਅੰਮ੍ਰਿਤ ਵੇਲੇ ਸਾਵਧਾਨ ਹੁੰਦੇ ਹਨ ਤਾਂ ਉਹ ਉਚੀ ਉਚੀ ਨਾਮ-ਖੰਡਾ ਖੜਕਾ ਰਹੇ ਹੁੰਦੇ ਹਨ।

ਆਪ ਜੀ ਸੁਨਾਮ ਤੋਂ ਹੀ ਅਖੰਡ ਕੀਰਤਨੀ ਜਥਿਆਂ ਦੇ ਵੈਸਾਖੀ ਸਮਾਗਮ ਵਿਚ ਸ਼ਾਮਲ ਹੋਣ ਲਈ ਪੁਜੇ। ਭਾਣੇ ਵਿਚ ਇਥੇ ਸ਼ਹੀਦੀ ਸਾਕੇ ਵਰਤ ਗਏ । ਸਤਿਗੁਰੂ ਦੇ ਹੁਕਮਾਂ ਤੋਂ ਘੋਲ-ਘੁਮਾਈ ਹੋਣ ਵਾਲੇ ਗੁਰ-ਚਰਨਾਂ ਦੇ ਪਤੰਗਿਆਂ ਨੇ ਜਿਉਂ ਹੀ ਇਹ ਮੰਦੀ ਸੋਇ ਸੁਣੀ ਕਿ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ਵਿਚ ਖਾਲਸੇ ਦੇ ਜਨਮ-ਦਿਵਸ ਅਵਸਰ ਸਮੇਂ ਕਈ ਪਖੰਡੀ ਤੇ ਵਿਕਾਰੀ ਪੁਰਸ਼ ਜਲੂਸ ਕਢ ਕੇ ਗੁਰੂ-ਰੀਸੇ ਪਾਲਕੀ ਵਿਚ ਬੈਠ ਕੇ ਆਪਣੀ ਮਲਮੂਤਰ ਦੀ ਦੇਹੀ ਉਪਰ ਚੌਰ ਕਰਵਾਉਂਦਾ ਹੋਇਆ, ਆਪਣੇ ਆਪ ਨੂੰ ਸਭ ਗੁਰ-ਪੀਰਾਂ ਤੋਂ ਵਡਾ ਜਣਾਉਂਦਾ ਫਿਰਦਾ ਹੈ ਅਤੇ ਇਉਂ ਕਹਿ ਕੇ ਗੁਰੂ ਘਰ ਦੀ ਘੋਰ ਨਿੰਦਾ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਪੰਜ ਪਿਆਰੇ ਸਾਜੇ ਸਨ, ਮੈਂ ਸਤ ਪਿਆਰੇ ਬਣਾਏ ਹਨ, ਤਾਂ "ਗੁਰ ਕੀ ਨਿੰਦਾ ਸੁਨਹਿ ਨ ਕਾਨ" ਦੇ ਹੁਕਮ ਅਨੁਸਾਰ ਉਨ੍ਹਾਂ ਦਾ ਖੂਨ ਖੌਲ ਉਠਿਆ ਅਤੇ ਉਹ ਨੰਗੇ ਪੈਰੀਂ ਹੀ ਉਠ ਭਜੇ । ਭਾਣੇ ਵਿਚ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ ਤਲਵਾਰਾਂ ਦੀ ਮਾਰ ਵਿਚ ਸਨਮੁਖ ਜੂਝ ਗਏ। ਛਾਤੀ ਵਿਚ ਗੋਲੀਆਂ ਖਾਧੀਆਂ, ਮੱਥਿਆਂ ਤੇ ਫਟ ਸਹੇ ਅਤੇ ਡਾਂਗਾਂ ਨਾਲ ਹੱਡ ਤੋੜੇ ਗਏ, ਪਰ ਸੀ ਨਹੀਂ ਕੀਤੀ। ਭਾਈ ਅਵਤਾਰ ਸਿੰਘ ਜੀ ਵਾਂਗ ਆਪ ਵੀ ਚੜ੍ਹਦੀ ਕਲਾ ਵਿਚ ਸ਼ਹੀਦੀ ਪ੍ਰਾਪਤ ਕਰ ਗਏ ।

ਜਿਉ ਜਲੁ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾਂ ॥

ਸੁਖਮਨੀ ਮ: ੫ ਪੰਨਾ ੨੭੮

ਆਪ ਆਪਣੇ ਪਿਛੇ ਨੌਜੁਆਨ ਸਿੰਘਣੀ ਅਤੇ ਦੋ ਬੱਚੀਆਂ, ਇਕ ਦੀ ਉਮਰ ਡੇਢ ਸਾਲ ਤੇ ਦੂਜੀ ਦੀ ਕੇਵਲ ਪੰਜ ਮਹੀਨੇ ਹੈ, ਗੁਰੂ ਆਸਰੇ ਛੱਡ ਗਏ ਹਨ। ਬੀਬੀ ਜੀ ਮੈਟ੍ਰਿਕ ਪਾਸ ਹਨ, ਇਸ ਲਈ ਪੰਜਾਬ ਐਂਡ ਸਿੰਧ ਬੈਂਕ ਨੇ ਹਮਦਰਦੀ ਵਜੋਂ ਉਨ੍ਹਾਂ ਨੂੰ ਬੈਂਕ ਵਿਚ ਸਰਵਿਸ ਦੇ ਦਿਤੀ ਹੈ ।

ਸ਼ਹੀਦ ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ

—ਹਰਿੰਦਰ ਸਿੰਘ ਹੁਸ਼ਿਆਰਪੁਰ

ਗੁਰਮੁਖ ਪਿਆਰੇ ਗੁਰੂ ਕੇ ਲਾਲ ਭਾਈ ਸਾਹਿਬ ਭਾਈ ਕੇਵਲ ਸਿੰਘ ਜੀ ਸ਼ਹੀਦ ਦਾ ਜਨਮ ੮ ਮਾਰਚ ੧੯੫੩ ਨੂੰ ਹੁਸ਼ਿਆਰਪੁਰ ਸ਼ਹਿਰ ਦੇ ਮਹੱਲਾਂ ਪ੍ਰੇਮ ਗੜ੍ਹ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ: ਅਮਰ ਸਿੰਘ ਤੇ ਮਾਤਾ ਜੀ ਦਾ ਨਾਮ ਸਤਿਆ ਕੌਰ ਹੈ। ਬਚਪਨ ਦੇ ੫-੭ ਸਾਲ ਹੁਸ਼ਿਆਰਪੁਰ ਦੀਆਂ ਗਲੀਆਂ ਵਿਚ ਗੁਜ਼ਾਰੇ

ਤੇ ਸੰਨ ੧੯੬੦ ਵਿਚ ਪਿਤਾ ਜੀ ਦੇ ਨਾਲ ਕਲਕਤੇ ਚਲੇ ਗਏ।

ਆਪ ਦੇ ਪਿਤਾ ਜੀ ਦੀ ਕਲਕਤੇ ਵਿਖੇ ਆਪਣੀ ਟਰਾਂਸਪੋਰਟ ਹੈ, ਅਤੇ ਚੰਗਾ ਕਾਰੋਬਾਰ ਹੈ। ਉਥੇ ਆਪ ਨੂੰ ਪੜ੍ਹਨ ਲਈ ਸਕੂਲ ਪਾਇਆ ਗਿਆ, ਪਰ ਆਪ ਨੇ ਸਿਰਫ਼ ਚਾਰ ਜਮਾਤਾਂ ਹੀ ਪਾਸ ਕੀਤੀਆਂ। ਘਰ ਦਿਆਂ ਨੇ ਬੜਾ ਜ਼ੋਰ ਲਾਇਆ ਕਿ ਹੋਰ ਪੜ੍ਹਾਈ ਕਰ, ਪਰ ਆਪ ਦਾ ਸ਼ੌਕ ਦਸਤਕਾਰੀ ਵਲ ਬਹੁਤਾ ਸੀ, ਇਸ ਕਰਕੇ ੧੯੬੬ ਵਿਚ ਆਪ ਜੀ ਕਿਸ਼ਨ ਗੰਜ (ਬਿਹਾਰ) ਚਲੇ ਗਏ ਤੇ ਮੋਟਰ ਇਲੈਕਟ੍ਰਿਕ ਦਾ ਕੰਮ ਸਿਖਣ ਲਗ ਪਏ। ਲਗਪਗ ਤਿੰਨ ਸਾਲ ਕੰਮ ਸਿਖਿਆ ਤੇ ਫਿਰ ਵਾਪਸ ਕਲਕਤੇ ਆ ਗਏ।

ਹੱਥੀਂ ਕੰਮ ਕਰਨ ਦੇ ਨਾਲ ਨਾਲ ਗੁਰੂ ਘਰ ਦੀ ਅਤੇ ਗੁਰਬਾਣੀ ਦੀ ਲਗਨ ਲਗੀ ਤੇ ਆਪ ਨੇ ੧੯੭੧-੭੨ ਵਿਚ ਅਖੰਡ ਕੀਰਤਨੀ ਜਥਿਆਂ ਦੇ ਸਮਾਗਮ ਵਿਚ ਅੰਮ੍ਰਿਤ ਛਕਿਆ। ਕੰਮ ਸਿਖਣ ਤੋਂ ਬਾਅਦ ਆਪ ਨੇ ਕਿਤੇ ਨੌਕਰੀ ਨਹੀਂ ਕੀਤੀ ਬਲਕਿ ਘਰ ਦਿਆਂ ਦੇ ਨਾਲ ਹੀ ਛੋਟੇ ਮੋਟੇ ਕੰਮ ਕਰਦੇ ਰਹੇ। ਵਾਹਿਗੁਰੂ ਦੀ ਕਰਨੀ ਐਸੀ ਹੋਈ ਕਿ ਆਪ ਜੀ ਉਥੇ ਸਖਤ ਬੀਮਾਰ ਹੋ ਗਏ। ਖ਼ੂਨ ਦੀਆਂ ਜ਼ਬਰਦਸਤ ਉਲਟੀਆਂ ਆਈਆਂ ਤੇ ੭੨ ਘੰਟੇ ਬੇਹੋਸ਼ ਰਹੇ। ੧੯ ਬੋਤਲਾਂ ਖ਼ੂਨ ਦੀਆਂ ਤੇ ੭ ਬੋਤਲਾਂ ਗੁਲੂਕੋਜ਼ ਦੀਆਂ ਚੜ੍ਹਾਈਆਂ ਗਈਆਂ। ਫਿਰ ਵੀ ਨਿਰਾਸਤਾ ਹੀ ਹੋਈ। ਡਾਕਟਰਾਂ ਨੇ ਜੁਆਬ ਦੇ ਦਿਤਾ। ਪਰ ਵਾਹਿਗੁਰੂ ਨੇ ਤਾਂ ਇਸ ਪਿਆਰੇ ਕੋਲੋਂ ਹੋਰ ਹੀ ਸੇਵਾ ਲੈਣੀ ਸੀ। ਆਪਣੇ ਸੇਵਕ ਨੂੰ ਹੱਥ ਦੇ ਕੇ ਰਖਿਆ। ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ ਲੁਧਿਆਣੇ ਵਾਲੇ (ਅਜ ਕਲ ਪਟਨਾ ਸਾਹਿਬ) ਜੀ ਨੇ ਆਪ ਦੇ ਨਮਿਤ ਅਰਦਾਸ ਕੀਤੀ ਤੇ ਆਪ ਅਰੋਗ ਹੋ ਗਏ। ਫਿਰ ਕਲਕਤੇ ਤੋਂ ਹੁਸ਼ਿਆਰਪੁਰ ਆਏ। ਇਥੇ ਦਾਸ ਨਾਲ ਤੇ ਹੋਰ ਸਿੰਘਾਂ ਨਾਲ ਮੇਲ-ਮਿਲਾਪ ਹੋਇਆ ਅਤੇ ਗੁਰਸਿਖ ਸੰਗਤਾਂ ਵਿਚ ਵਿਚਰਨ ਲਗੇ।

ਆਪ ਜੀ ਇਕ ਬੀਰ-ਰਸੀ ਗੁਰਮੁਖ ਰੂਹ ਸਨ। ਅਸਾਂ ਦੋਹਾਂ ਨੇ ਸ਼ਸਤਰ-ਵਿਦਿਆ ਸਿਖਣ ਦਾ ਮਨ ਬਣਾਇਆ ਤੇ ਰੋਜ਼ਾਨਾ ੭ ਮੀਲ ਦੀ ਦੂਰੀ ਤੇ ਰਹਿੰਦੇ ਇਕ ਸਿੰਘ ਪਾਸੋਂ ਸ਼ਸਤਰ-ਵਿਦਿਆ ਸਿਖਣ ਜਾਂਦੇ ਰਹੇ। ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਦਾਸਾਂ ਨੂੰ ਇਹ ਦਾਤ ਬਖਸ਼ੀ। ਕਿਉਂਕਿ ਬੀਮਾਰੀ ਵਿਚ ਆਪ ਦੇ ਪੇਟ ਦਾ ਅਪ੍ਰੇਸ਼ਨ ਹੋਇਆ ਤੇ ਰੋਮਾਂ ਦੀ ਬੇਅਦਬੀ ਵੀ ਹੋਈ ਸੀ, ਇਸ ਲਈ ਆਪ ਨੇ ੧੯੭੩ ਵਿਚ ਜਲੰਧਰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮਾਗਮ ਵਿਚ ਦੁਬਾਰਾ ਅੰਮ੍ਰਿਤ ਛਕਿਆ। ਇਸ ਤੋਂ ਬਾਅਦ ਗੁਰਸਿਖੀ ਦੀ ਤੀਬਰ ਲਗਨ ਲਗੀ। ਪੰਜ ਬਾਣੀਆਂ ਆਪ ਜੀ ਨੂੰ ਕੰਠ ਸਨ ਤੇ ਆਸਾ ਦੀ ਵਾਰ ਤੇ ਸੁਖਮਨੀ ਸਾਹਿਬ ਦਾ ਪਾਠ ਵੀ ਨਿਤ ਕਰਦੇ ਸਨ। ਹੋਰ ਵੀ ਬਾਣੀਆਂ ਦਾ ਪਾਠ ਆਪ ਕਰਿਆ ਕਰਦੇ ਸਨ। ਗੁਰਬਾਣੀ ਤੇ ਅਗਾਧ ਸ਼ਰਧਾ ਸੀ।

ਇਕ ਵਾਰ ਹੁਸ਼ਿਆਰਪੁਰ ਆਪਣੇ ਗ੍ਰਹਿ ਵਿਖੇ ਬੀਮਾਰ ਹੋ ਗਏ। ਪੇਟ ਵਿਚ ਸਖਤ ਦਰਦ ਸ਼ੁਰੂ ਹੋ ਗਿਆ। ਮਾਤਾ ਜੀ ਨੇ ਕਿਹਾ ਕਿ ਕਾਕਾ ਮੈਂ ਡਾਕਟਰ ਨੂੰ ਬੁਲਾ ਲਿਆਂਦੀ ਹਾਂ। ਪਰ ਆਪ ਨੇ ਛੋਟੀ ਭੈਣ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਕਿਹਾ। ਦੋ ਤਿੰਨ ਘੰਟੇ ਗੁਰਬਾਣੀ ਦੀ ਮਧੁਰ ਧੁਨੀ ਆਪਦੇ ਕੰਨਾਂ ਵਿਚ ਪਈ ਤੇ ਆਪ ਨੂੰ ਨੀਂਦ ਆ ਗਈ। ਸਵੇਰੇ ਉਠੇ ਤਾਂ ਬਿਲਕੁਲ ਨੌ-ਬਰ-ਨੌ ਸਨ। ਬਾਣੀ ਨਾਲ ਐਸਾ ਗੂੜ੍ਹਾ ਪਿਆਰ ਸੀ।

ਇਸੇ ਤਰ੍ਹਾਂ ਪਿਤਾ ਜੀ ਦੇ ਕਹਿਣ ਤੇ ਫਿਰ ਕਲਕਤੇ ਚਲੇ ਗਏ ਤੇ ਘਰੇਲੂ ਕੰਮਾਂ ਵਿਚ ਸੀ ਹੱਥ ਵਟਾਣ ਲਗੇ। ਉਥੇ ਵੀ ਬਾਣੀ ਪੜ੍ਹਦਿਆਂ ਤੇ ਗੁਰਸਿਖਾਂ ਵਿਚ ਵਿਚਰਦਿਆਂ ਸਮਾਂ ਬਤੀਤ ਕੀਤਾ। ਭਾਣੇ ਅੰਦਰ ਹੀ ਆਪ ਫਿਰ ਸਖ਼ਤ ਬੀਮਾਰ ਹੋ ਗਏ। ਦੁਬਾਰਾ ਖ਼ੂਨ ਦੀਆਂ ਉਲਟੀਆਂ ਆਣੀਆਂ ਸ਼ੁਰੂ ਹੋ ਗਈਆਂ। ਸਰੀਰ ਤੇ ਬੜਾ ਕਸ਼ਟ ਆਇਆ। ਬਚਣ ਦੀ ਬਿਲਕੁਲ ਹੀ ਆਸ ਨਾ ਰਹੀ। ਭਾ: ਕੇਵਲ ਸਿੰਘ ਜੀ ਨੇ ਦਾਸ ਨੂੰ ਆਪ ਦਸਿਆ ਸੀ ਕਿ ਜਦੋਂ ਮੇਰੀ ਐਸੀ ਹਾਲਤ ਹੋ ਗਈ ਕਿ ਮੈਨੂੰ ਪਰਤੱਖ ਮੌਤ ਸਾਹਮਣੇ ਖੜੀ ਦਿਸਣ ਲਗੀ ਤਾਂ ਮੈਂ ਗੁਰੂ ਚਰਨਾਂ ਵਿਚ ਇਹ ਅਰਜ਼ੋਈ ਕੀਤੀ, ਕਿ "ਹੇ ਸੱਚੇ ਪਾਤਸ਼ਾਹ ਜੀਓ! ਮਰਨਾ ਤਾਂ ਇਕ ਦਿਨ ਹੈ ਹੀ, ਪਰ ਪਿਤਾ ਜੀ! ਮੈਨੂੰ, ਇਸ ਮੌਤੇ ਨਾ ਮਾਰੋ। ਇਹ ਤਾਂ ਕੁੱਤਿਆਂ ਬਿਲਿਆਂ ਵਾਲੀ ਮੌਤ ਹੈ। ਪਿਤਾ ਜੀਓ! ਮੈਨੂੰ ਰਣ-ਤਤੇ ਵਿਚ ਸ਼ਹੀਦੀਆਂ ਬਖਸ਼ ਕੇ ਜਨਮ ਮਰਨ ਮੁਕਤ ਕਰਨਾ ਜੀ। ਮੇਰਾ ਸਰੀਰ ਆਪ ਦੀ ਸੇਵਾ ਕਰਦਿਆਂ ਲੇਖੇ ਲਗੇ।" ਕਿਤਨਾ ਚਿਰ ਉਹਨਾਂ ਇਹ ਅਰਦਾਸ ਵੈਰਾਗ ਵਿਚ ਕੀਤੀ ਤੇ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਸੁਣ ਲਈ। ਆਪ ਫਿਰ ਰਾਜ਼ੀ ਹੋ ਗਏ।

ਆਪ ਜੀ ਨੂੰ ਸ਼ਸਤਰ-ਵਿਦਿਆ ਤੇ ਸ਼ਸਤਰਾਂ ਦਾ ਬਹੁਤ ਹੀ ਸ਼ੌਕ ਸੀ। ਇਸਦੀ ਮਿਸਾਲ ਇਹ ਹੈ ਕਿ ਜਿਹੜਾ ਵੀ ਸ਼ਸਤਰ ਚੰਗਾ ਇਹਨਾਂ ਦੀ ਨਿਗਾਹ ਵਿਚ ਆਣਾ, ਇਹਨਾਂ ਉਹ ਲੈ ਲੈਣਾ, ਭਾਵੇਂ ਕਿੰਨੀ ਵੀ ਕੀਮਤ ਦੇਣੀ ਪਵੇ ਤੇ ਇਉਂ ਇਹ ਬੀਰ-ਰਸੀ ਦੋਹਿਰਾ ਪੜ੍ਹਨਾ—

ਅਸ ਕ੍ਰਿਪਾਨ ਖੰਡੋ ਖੜਗ, ਤੁਬਕ ਤਪਰ ਅਰੁ ਤੀਰ ॥
ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ ॥੩॥
ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ, ਭਯੇ ਸਿੰਧ ਭਵ ਪਾਰ ॥੪॥
ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰ ਤੀਰ ॥
ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗ ਬੀਰ ॥੫॥

[ਸ਼ਸਤਰ ਮਾਲਾ ਪਾ: ੧੦

ਜਿਥੇ ਆਪ ਜੀ ਵਿਚ ਇਤਨਾ ਬੀਰ-ਰਸੀ ਪਿਆਰ ਸੀ ਉਥੇ ਆਪ ਜੀ ਵਿਚ ਨਾਮ

ਬਾਣੀ ਦਾ ਪਿਆਰ ਵੀ ਰੱਜ ਰੱਜ ਕੇ ਸੀ। ਜੇ ਕਿਸੇ ਵੇਲੇ ਸਿੰਘਾਂ ਨੂੰ ਗੁੱਸੇ ਵਿਚ ਕੋਈ ਗੱਲ ਕਹਿ ਵੀ ਦੇਣੀ ਤਾਂ ਝਟ ਹੀ ਪਿੱਛੋਂ ਹੱਥ ਜੋੜ ਕੇ ਨਿੰਮਰਤਾ ਵਿਚ ਆ ਜਾਣਾ ਤੇ ਮੁਆਫ਼ੀ ਮੰਗ ਲੈਣੀ। ਗੁਰਸਿੱਖਾਂ ਨੂੰ ਰੱਜ ਰੱਜ ਪਿਆਰ ਕਰਨਾ ਤੇ ਦੇਖ ਦੇਖ ਜੀਣਾ। ਘਰ ਦੇ ਜੀਆਂ ਨਾਲ ਬਹੁਤਾ ਲਗਾਓ ਨਹੀਂ ਸੀ, ਬਸ ਲੋੜ ਜੋਗਾ ਹੀ ਸੀ। ਕਿਸੇ ਵੇਲੇ ਘਰ ਦਿਆਂ ਨੇ ਕਹਿਣਾ ਕਿ ਤੂੰ ਹਰ ਵੇਲੇ ਸਿੰਘਾਂ ਵਿਚ ਹੀ ਘੁੰਮਦਾ ਰਹਿੰਦਾ ਹੈਂ ਤੇ ਹੋਰ ਤੈਨੂੰ ਕੋਈ ਕੰਮ ਨਹੀਂ। ਤਾਂ ਕਹਿਣਾ ਕਿ ਬਸ ਸਿੰਘ ਮੇਰੇ ਆਪਣੇ ਹਨ ਤੇ ਮੈਂ ਸਿੰਘਾਂ ਜੋਗਾ ਹੀ ਹਾਂ। ਮੈਨੂੰ ਕੁਝ ਨਾ ਕਿਹਾ ਕਰੋ।

ਘਰ ਵਿਚ ਲਖਾਂ ਦੀ ਜਾਇਦਾਦ ਹੈ, ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ, ਪਰ ਆਪ ਬਿਲਕੁਲ ਬੇ-ਪ੍ਰਵਾਹ ਸਨ ਤੇ ਫ਼ਕੀਰਾਂ ਵਾਲਾ ਜੀਵਨ ਸੀ। ਪੈਸੇ ਦਾ ਰਤੀ ਭਰ ਵੀ ਲਾਲਚ ਨਹੀਂ ਸੀ। ਇਕ ਵਾਰ ਮੈਂ ਸਹਿਜ ਸੁਭਾ ਹੀ ਕਿਹਾ ਕਿ ਕੇਵਲ ਸਿੰਘ ਤੂੰ ਕੋਈ ਕੰਮ ਤਾਂ ਕਰਦਾ ਨਹੀਂ, ਨਾ ਹੀ ਘਰ ਦਿਆਂ ਦਾ ਕਹਿਣਾ ਮੰਨਦਾ ਹੈਂ, ਇਸ ਕਰਕੇ ਤੈਨੂੰ ਉਹਨਾਂ ਆਪਣੀ ਜਾਇਦਾਦ ਵਿਚੋਂ ਕੁਝ ਨਹੀਂ ਦੇਣਾ। ਤਾਂ ਉਤਰ ਦਿਤਾ ਕਿ ਭਾਈ ਸਾਹਿਬ, ਮੈਨੂੰ ਕੋਈ ਲੋੜ ਹੀ ਨਹੀਂ, ਮੈਂ ਜੜੀ ਜਾਇਦਾਦ ਕੀ ਕਰਨੀ ਹੈ। ਮੈਂ ਤਾਂ ਸਾਰੀ ਉਮਰ ਗੁਰਸਿਖਾਂ ਵਿਚ ਹੀ ਵਿਹਾਣੀ ਹੈ, ਸਿੰਘਾਂ ਨੂੰ ਦੇਖ ਦੇਖ ਹੀ ਜੀਣਾ ਹੈ। ਆਪ ਜੀ ਝੂਠ ਬਿਲਕੁਲ ਹੀ ਨਹੀਂ ਸਨ ਬੋਲਦੇ ਤੇ ਝੂਠ ਬੋਲਣ ਦੇ ਸਖਤ ਖ਼ਿਲਾਫ਼ ਸਨ।

ਨਵਬਰ ੧੯੭੭ ਵਿਚ ਹੁਸ਼ਿਆਰਪੁਰ ਫਿਰ ਆ ਗਏ ਤੇ ਘਰੇਲੂ ਕੰਮਾਂ ਵਿਚ ਹੀ ਰੁਚੀ ਰਹੀ। ਪਰ ਸਿੰਘਾਂ ਨੇ ਕਹਿਣਾ ਕਿ ਭਾਈ ਕੇਵਲ ਸਿੰਘ! ਬਿਲਕੁਲ ਵਿਹਲਾ ਨਾ ਰਹੋ ਤੇ ਕੋਈ ਛੋਟਾ ਮੋਟਾ ਕੰਮ ਆਪ ਵੀ ਕਰ। ਤਾਂ ਆਪ ਨੇ ਇਸ ਘਟਨਾ ਤੋਂ ਦੋ ਮਹੀਨੇ ਪਹਿਲਾਂ ਇਕ ਦੁਕਾਨ ਤੇ ਸਰਵਿਸ ਕਰ ਲਈ। ਸਿੰਘਾਂ ਨੂੰ ਕਹਿਣ ਲਗੇ ਕਿ ਪਹਿਲੀ ਤਨਖਾਹ ਵਿਚੋਂ ਸਿੰਘਾਂ ਨੂੰ ਲੰਗਰ ਤੇ ਆਈਸ ਕਰੀਮ ਖੁਆਣੀ ਹੈ। ਪਰ ਅਫਸੋਸ! ਕਿ ਉਹ ਆਪਣੇ ਹਥੀਂ ਇਹ ਸੇਵਾ ਨਹੀਂ ਕਰ ਸਕੇ ਤੇ ਸ਼ਹੀਦੀ ਬਾਟੇ ਪੀ ਗਏ। ਪਿਛੋਂ ਪਰਵਾਰ ਨੇ ਉਹਨਾਂ ਦੀ ਇਹ ਇੱਛਾ ਪੂਰੀ ਕੀਤੀ ਹੈ ਤੇ ਸਿੰਘਾਂ ਨੇ ਵੈਰਾਗ ਵਿਚ ਲੰਗਰ ਪਾਣੀ ਛਕਿਆ ਹੈ।

ਆਪ ਜੀ ਨੂੰ ਤਬਲੇ ਦਾ ਵੀ ਸ਼ੌਕ ਸੀ ਤੇ ਕੀਰਤਨ ਵੀ ਕਰ ਲੈਂਦੇ ਸਨ। ਵਾਹਿਗੁਰੂ ਤੇ ਅਟੱਲ ਭਰੋਸਾ ਸੀ। ਕੀਰਤਨ ਵੀ ਪਿਆਰ ਨਾਲ ਕਰਿਆ ਕਰਦੇ ਸਨ। ਇਸ ਘਟਨਾ ਤੋਂ ੧੦ ਮਿੰਟ ਪਹਿਲਾਂ ਵੀ ਮੈਂ ਆਪ ਨੂੰ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਦੇਖਿਆ। ਭਾਈ ਫੌਜਾ ਸਿੰਘ ਜੀ ਤੇ ਕੇਵਲ ਸਿੰਘ ਜੀ ਇਕੱਠੇ ਹੀ ਸਨ, ਗੋਲੀਆਂ ਖਾਂਦੇ ਖਾਂਦੇ ਭਾਈ ਫੌਜਾ ਸਿੰਘ ਜੀ ਡਿਗ ਪਏ ਤਾਂ ਵੀਰ ਕੇਵਲ ਸਿੰਘ ਜੀ ਉਨ੍ਹਾਂ ਉਪਰ ਹੀ ਲੇਟ ਗਏ ਕਿ ਹੁਣ ਜ਼ਾਲਮ ਹੋਰ ਡਾਂਗ ਸੋਟੇ ਨਾ ਮਾਰ ਸਕਣ। ਪਰ ਜ਼ਾਲਮ ਨਕਲੀ ਨਿਰੰਕਾਰੀਆਂ

ਨਰਕਧਾਰੀਆਂ ਨੇ ਵੀਰ ਕੇਵਲ ਸਿੰਘ ਜੀ ਨੂੰ ਵੀ ਗੋਲੀਆਂ ਨਾਲ ਭੁੰਨ ਦਿਤਾ ਅਤੇ ਆਪ ਸ਼ਹੀਦੀ ਪਾ ਗਏ ।

ਆਪ ਜੀ ਦਾ ਇਕ ਵਡਾ ਭਾਈ ਜਗਜੀਤ ਸਿੰਘ ਹੈ ਜੋ ਕਿ ਪੂਰਨ ਗੁਰਸਿਖ ਅਤੇ ਨਿਤਨੇਮੀ ਹੈ । ਆਪ ਜੀ ਦੀਆਂ ਤਿੰਨ ਭੈਣਾਂ ਹਨ, ਜੋ ਕਿ ਵਿਆਹੀਆਂ ਹੋਈਆਂ ਹਨ । ਭਾਵੇਂ ਆਪ ਦਾ ਵਿਛੋੜਾ ਪਰਵਾਰ ਲਈ ਅਸਹਿ ਹੈ, ਪਰ ਆਪ ਦੀ ਕੁਰਬਾਨੀ ਬੇ-ਮਿਸਾਲ ਹੈ ਤੇ ਆਣ ਵਾਲੀਆਂ ਨਸਲਾਂ ਲਈ ਚਾਨਣ-ਮੁਨਾਰਾ ਹੈ । ਚਾਰ ਲਾਈਨਾਂ ਲਿਖ ਕੇ ਸਮਾਪਤ ਕਰਦਾ ਹਾਂ ।

ਧਰਮ ਦੀ ਖ਼ਾਤਰ ਕੇਵਲ ਸਿੰਘ ਜੀ ਗਏ ਸ਼ਹੀਦੀ ਪਾ ।
ਖ਼ੂਨ ਆਪਣਾ ਡੋਲ੍ਹ ਕੇ ਸੁੱਤੀ ਕੌਮ ਨੂੰ ਗਏ ਜਗਾ ।
ਅਦਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਇੰਜ ਰਖੀਦੈ ਕਾਇਮ,
ਪੁਰਜ਼ਾ ਪੁਰਜ਼ਾ ਕਟ ਮਰਨੇ ਦੇ, ਗਏ ਪੂਰਨੇ ਪਾ ।

ਸ਼ਹੀਦ ਭਾਈ ਪਿਆਰਾ ਸਿੰਘ ਜੀ, ਭੁੰਗਰਨੀ

ਭਾਈ ਪਿਆਰਾ ਸਿੰਘ, ਜੋ ੧੩ ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਹੋਏ ਖ਼ੂਨੀ ਸਾਕੇ ਵਿਚ ਸ਼ਹੀਦ ਹੋ ਗਏ, ਦਾ ਜਨਮ ੨ ਫ਼ਰਵਰੀ ੧੯੫੪ ਨੂੰ ਸਰਦਾਰ ਕਿਸ਼ਨ ਸਿੰਘ ਦੇ ਗ੍ਰਹਿ ਵਿਖੇ ਹੋਇਆ । ਆਪ ਦੀ ਮਾਤਾ ਦਾ ਨਾਮ ਮਾਈ ਭਾਗੋ ਹੈ । ਆਪ ਦੀਆਂ ਦੋ ਭੈਣਾਂ ਅਤੇ ਦੋ ਭਰਾ ਪਿਛੇ ਹਨ । ਇਹਨਾਂ ਭੈਣਾਂ ਵਿਚੋਂ ਇਕ ਭੈਣ ਵਿਆਹੀ ਹੋਈ ਹੈ ਅਤੇ ਇਕ ਭੈਣ ਅਮਰੀਕਾ ਵਿਚ ਏਅਰ ਫ਼ੋਰਸ ਵਲੋਂ ਚੁਣ ਹੋ ਕੇ ਨਰਸ ਦਾ ਕੋਰਸ ਕਰ ਰਹੀ ਹੈ । ਆਪ ਦਾ ਇਕ ਭਰਾ ਤਕਰੀਬਨ ਇਕ ਮਹੀਨਾ ਹੋਇਆ, ਏਅਰ ਫ਼ੋਰਸ ਵਿਚ ਭਰਤੀ ਹੋਇਆ, ਜੋ ਹੁਣ ਤਾਈਂ ਪਿੰਡ ਭੁੰਗਰਨੀ ਨਹੀਂ ਪਹੁੰਚ ਸਕਿਆ । ਆਪ ਦੇ ਪਿਤਾ ਘਰ ਵਿਚ ਕ੍ਰਿਸਾਣੀ ਦਾ ਕੰਮ ਕਰਦੇ ਹਨ ।

ਆਪ ਦਸਵੀਂ ਪਾਸ ਕਰ ਕੇ ਜੂਨ ੧੯੭੧ ਵਿਚ ਏਅਰ ਫ਼ੋਰਸ ਵਿਚ ਭਰਤੀ ਹੋ ਗਏ । ਆਪ ਇਕ ਹੋਣਹਾਰ ਨੌਜਵਾਨ ਸਨ । ਆਪ ਜਿੰਨਾ ਚਿਰ ਏਅਰ ਫ਼ੋਰਸ ਵਿਚ ਰਹੇ, ਆਪਣੇ ਅਫ਼ਸਰਾਂ ਨਾਲ ਬੜੇ ਮਿਲਣਸਾਰ ਅਤੇ ਬਹੁਤ ਮਿਲਾਪ ਵਾਲੇ ਸਨ । ਆਪ ਜਦੋਂ ਵੀ ਪਿੰਡ ਭੁੰਗਰਨੀ ਛੁਟੀ ਆਉਂਦੇ ਸਨ, ਕੀਰਤਨ ਦੀਆਂ ਰਸਭਿੰਨੀਆਂ ਛੁਣਕਾਰਾਂ ਪੈਂਦੀਆਂ ਹੀ ਰਹਿੰਦੀਆਂ ਸਨ । ਆਪ ਨੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ, ਜੋ ਸਿੱਖ ਕੌਮ ਦੇ ਪਰਖੇ ਹੋਏ ਹੀਰੇ ਸਨ, ਦੇ ਜਥੇ ਪਾਸੋਂ ਅੰਮ੍ਰਿਤ ਛਕਿਆ ਸੀ । ਆਪ ਸਦਾ ਹੀ ਨਾਮ ਅਭਿਆਸ ਵਿਚ ਰੁਝੇ ਰਹਿੰਦੇ ਸਨ, ਕਦੀ ਕਿਸੇ ਨਾਲ ਲੜਦੇ ਝਗੜਦੇ ਨਹੀਂ ਸੀ । ਬੜੇ ਹੀ ਧੀਰਜ ਵਾਲੇ ਵਿਅਕਤੀ ਸਨ । ਭਾਈ ਸਾਹਿਬ ਕੌਮ ਦੇ ਛੁਪੇ ਹੋਏ ਹੀਰਿਆਂ ਵਿਚੋਂ ਇਕ ਸਨ । ਉਹਨਾਂ ਦੀ ਸ਼ਹੀਦੀ ਉਸ ਸਮੇਂ ਹੋਈ ਜਦੋਂ

ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨਰੈਣੂ ਨੇ ਸ੍ਰੀ ਗੁਰੂ ਗਰੰਥ ਸਾਹਿਬ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਿਲਾਫ਼ ਖੁਲ੍ਹਮ ਖੁਲ੍ਹਾ ਪ੍ਰਚਾਰ ਵਿਸਾਖੀ ਤੇ ਸਿੱਖਾਂ ਦੇ ਕੇਂਦਰ ਅੰਮ੍ਰਿਤਸਰ ਵਿਖੇ ਕਰਨਾ ਸੁਰੂ ਕੀਤਾ। ਇਹ ਪ੍ਰਚਾਰ ਸਿੱਖ ਕੌਮ ਲਈ ਖੁਲ੍ਹਾ ਚੈਲੰਜ ਸੀ।

ਆਪ ਜੀ ਦੀ ਸ਼ਹੀਦੀ ਸਿੱਖ ਕੌਮ, ਜੋ ਸੁਤੀ ਤੇ ਅਵੇਸਲੀ ਹੋਈ ਪਈ ਹੈ, ਨੂੰ ਸਾਵਧਾਨ ਕਰਨ ਅਤੇ ਹਲੂਣਾ ਦੇਣ ਲਈ ਹੋਈ ਹੈ।

ਇਹ ਗੁਰੂ ਕੇ ਬੜੇ ਗੁਝੇ ਲਾਲ ਸਨ। ਆਪ ਸੰਗਤਾਂ ਵਿਚ ਲੁਕ ਛਿਪ ਕੇ ਹੀ ਰਹਿੰਦੇ ਸਨ। ਆਪਾ ਬਿਲਕੁਲ ਨਹੀਂ ਜਣਾਉਂਦੇ ਸਨ। ਆਪ ਜੀ ਅਖੰਡ ਕੀਰਤਨੀ ਜੱਥਿਆਂ ਦੇ ਸਮਾਗਮ ਵਿਚ ਬੜੇ ਉਤਸ਼ਾਹ ਨਾਲ ਪੁਜਦੇ ਸਨ; ਜਿਥੋਂ ਨਾਮ ਸਿਮਰਨ ਦੀ ਸਿਕ ਦਿਨੋਂ ਦਿਨ ਵਧਦੀ ਗਈ ਅਤੇ ਆਪ ਸਾਦ-ਮੁਰਾਦੀ ਗੁਪਤ ਦਸ਼ਾ ਵਿਚ ਵਿਚਰਨ ਲਗੇ। ਜਿਥੇ ਕਿਤੇ ਅਖੰਡ ਕੀਰਤਨ ਸਮਾਗਮ ਦੀ ਸੋਅ ਸੁਣਨੀ ਉਥੇ ਧਾਹ ਕੇ ਪੁਜਣਾ। ਆਮ ਤੌਰ ਤੇ ਇਕਾਂਤ ਵਿਚ ਹੀ ਵਿਚਰਦੇ ਸਨ ਅਤੇ ਘਟ ਹੀ ਬੋਲਦੇ ਚਾਲਦੇ ਸਨ। ਹਰ ਵੇਲੇ ਨਾਮ-ਸਿਮਰਨ ਵਿਚ ਮਗਨ ਰਹਿੰਦੇ ਸਨ।

ਆਪਣੇ ਦਸਵੰਧ ਨੂੰ ਵਧ ਤੋਂ ਵਧ ਸਫਲ ਕਰਦੇ ਰਹਿੰਦੇ ਸਨ ਅਤੇ ਗੁਰਮਤਿ ਪਰਚਾਰ ਹਿਤ ਹਰ ਮਹੀਨੇ 'ਸੂਰਾ' ਮਾਸਕ ਪੱਤਰ ਨਵੇਂ ਨਵੇਂ ਪ੍ਰਾਣੀਆਂ ਨੂੰ ਪ੍ਰੇਰਨ ਲਈ ਆਪਣੇ ਕੋਲੋਂ ਚੰਦੇ ਭੇਜ ਕੇ, ਪਰਚਾ ਉਨ੍ਹਾਂ ਦੇ ਨਾਂ ਜਾਰੀ ਕਰਵਾਂਦੇ ਰਹਿੰਦੇ ਸਨ। ਆਪਣੇ ਨਗਰ ਵਿਚ ਵੀ ਇਸ ਵੀਰ ਨੇ 'ਸੂਰਾ' ਮਾਸਕ ਪੱਤਰ ਕਈਆਂ ਦੇ ਨਾਂ ਜਾਰੀ ਕਰਵਾਇਆ ਅਤੇ ਆਪਣੀ ਹੈਦਰਾਬਾਦ ਯੂਨਿਟ ਵਿਚ ਵੀ ਕਈਆਂ ਦੇ ਨਾਂ ਪਰਚਾ ਜਾਰੀ ਕਰਵਾਇਆ।

ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਥੋੜੇ ਨਿਕਟਵਰਤੀ ਸਜਣ ਹੀ ਜਾਣਦੇ ਹਨ ਕਿ ਇਹ ਵੀਰ ਇਕ ਚੰਗਾ ਰਸੀਲਾ ਕੀਰਤਨੀਆ ਵੀ ਸੀ, ਪਰ ਉਸ ਵੀਰ ਨੇ ਆਪਣਾ ਆਪ ਕਦੀ ਕਿਸੇ ਨੂੰ ਨਹੀਂ ਜਣਾਇਆ ਸੀ। ਭਾਈ ਸਾਹਿਬ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਇਹ ਵੀਰ ਪੂਰਾ ਉਤਰਿਆ—

ਮੇਰੀ ਛੁਪੇ ਰਹਿਣ ਦੀ ਚਾਹ,
ਤੇ ਛੁਪ ਟੁਰ ਜਾਣ ਦੀ।

ਇਸ ਪਿਆਰੇ ਦੇ ਵਿਛੋੜੇ ਦਾ ਵੈਰਾਗਮਈ ਅਸਰ ਇਸ ਦੇ ਮਾਤਾ ਪਿਤਾ ਤੇ ਇੰਨਾ ਡੂੰਘਾ ਹੋਇਆ ਹੈ ਕਿ ਉਨ੍ਹਾਂ ਨੇ ੨੩ ਅਪ੍ਰੈਲ ੧੯੭੮ ਨੂੰ ਸ੍ਰੀ ਅਕਾਲ ਤਖ਼ਤ ਸਾਹਬ ਦੀ ਹਜ਼ੂਰੀ ਵਿਚ ਸ਼ਹੀਦਾਂ ਦੇ ਪਰਵਾਰਾਂ ਦੇ ਸਨਮਾਨ-ਸਮਾਗਮ ਦੇ ਸੰਬੰਧ ਵਿਚ ਜੁੜੇ ਪੰਥਕ ਇਕੱਠ ਵਿਖੇ, ਆਪਣੇ ਸਪੁੱਤਰ ਵਾਂਗ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਦਾ ਪ੍ਰਣ ਕੀਤਾ ਹੈ।

ਸ਼ਹੀਦ ਭਾਈ ਪਿਆਰਾ ਸਿੰਘ ਦੀ ਸ਼ਹੀਦੀ ਯਾਦ ਵਿਚ ਪਿੰਡ ਭੁੰਗਰਨੀ ਦੇ ਨਗਰ-

ਨਿਵਾਸੀਆਂ ਵਲੋਂ ਭੀ ਬੜਾ ਭਾਰੀ ਸਮਾਗਮ ਹੋਇਆ ਅਤੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਹ ਸਮਾਗਮ ਪਿੰਡ ਭੁੰਗਰਨੀ ਵਿਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਦੇ ਇਤਿਹਾਸਕ ਅਸਥਾਨ ਵਿਖੇ ਹੋਇਆ, ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਪੁਜ ਕੇ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਪਿਆਰਾ ਸਿੰਘ ਜੀ ਦੀ ਸ਼ਹੀਦੀ ਨੇ ਇਸ ਇਲਾਕੇ ਵਿਚ ਗੁਰਸਿਖੀ ਲਈ ਨਵੀਂ ਜਾਗ੍ਰਤੀ ਪੈਦਾ ਕੀਤੀ ਹੈ ਅਤੇ ਅਜਿਹੀ ਨਿਰਭੈਤਾ ਪ੍ਰਦਾਨ ਕਰਨ ਵਾਲੀ ਗੁਰਸਿਖੀ ਲਈ ਉਤਸ਼ਾਹ ਅਤੇ ਮਰ ਮਿਟਣ ਦੀ ਸਪਿਰਿਟ ਭਰ ਦਿਤੀ ਹੈ।

ਸ਼ਹੀਦ ਗਿ: ਹਰੀ ਸਿੰਘ ਜੀ. ਸ੍ਰੀ ਅੰਮ੍ਰਿਤਸਰ

—ਰਾਹੀਂ ਭਾਈ ਜਸਬੀਰ ਸਿੰਘ ਸਪੁਤਰ ਸ਼ਹੀਦ ਭਾਈ ਹਰੀ ਸਿੰਘ ਜੀ

ਗਿ: ਹਰੀ ਸਿੰਘ ਜੀ ਦਾ ਜਨਮ ੧੭ ਜੂਨ ੧੯੨੩ ਨੂੰ ਪਿੰਡ ਜੰਡਾਂ ਵਾਲੇ, ਤਸੀਲ ਖਾਰੀਆਂ, ਜ਼ਿਲਾ ਗੁਜਰਾਤ ਵਿਖੇ ਮਾਤਾ ਭਾਗ ਕੌਰ ਜੀ ਦੀ ਕੁਖੋਂ ਹੋਇਆ। ਇਸੇ ਭਾਗਾਂ ਭਰੇ ਦਿਹਾੜੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਅਰੰਭ ਹੋਈ ਸੀ, ਆਪ ਦੇ ਪਿਤਾ ਗਿ: ਗੁਰਚਰਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ਆਪਣਾ ਕਾਰੋਬਾਰ ਕਰਦੇ ਸਨ। ਆਪ ਨੇ ਆਪਣੀ ਮੁਢਲੀ ਵਿਦਿਆ ਪ੍ਰਾਇਮਰੀ ਤੋਂ ਮੈਟ੍ਰਿਕ ਤਕ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਸ੍ਰੀ ਅੰਮ੍ਰਿਤਸਰ ਵਿਖੇ ਹੀ ਪ੍ਰਾਪਤ ਕੀਤੀ। "ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ" ਦੇ ਹੁਕਮ ਅਨੁਸਾਰ ਆਪ ਆਪਣੀ ਛੋਟੀ ਜਿਹੀ ਉਮਰ (੧੧ ਸਾਲ ਦੇ ਕਰੀਬ) ਵਿਚ ਹੀ ਅੰਮ੍ਰਿਤ ਪਾਨ ਕਰਕੇ ਤਿਆਰ-ਬਰ-ਤਿਆਰ ਸਿੰਘ ਸਜੇ।

ਆਪ ਦੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਇਕ ਮਹਾਨ ਆਦਰਸ਼ਵਾਦੀ ਗੁਰਸਿਖ, ਨਿਤਨੇਮੀ ਤੇ ਗੁਰਬਾਣੀ-ਕੀਰਤਨ ਦੇ ਰਸੀਏ ਸਨ ਅਤੇ ਪਿੰਡ ਪਿੰਡ ਜਾ ਕੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਨਾਲ ਗੁਰਬਾਣੀ ਦਾ ਪਰਚਾਰ ਕਰਦੇ ਅਤੇ ਅੰਮ੍ਰਿਤ ਛਕਾਣ ਸਮੇਂ ਪੰਜਾਂ ਦੀ ਸੇਵਾ ਵਿਚ ਹਿੱਸਾ ਪਾਉਂਦੇ ਸਨ।

ਗਿ: ਹਰੀ ਸਿੰਘ ਜੀ ਆਪਣੀ ਆਯੂ ਦੇ ਕੁਛ ਸਮੇਂ ਵਿਚ ੧੯੬੯ ਤਕ ਮੁਨਿਆਰੀ ਤੇ ਕਰਿਆਨੇ ਦਾ ਕਾਰੋਬਾਰ ਕਰਦੇ ਰਹੇ। ਉਪਰੰਤ ਇਸ ਸਮੇਂ ੧੯੬੯ ਤੋਂ ੧੯੭੮ ਤਕ ਇੰਡਸਟ੍ਰੀ ਦੇ ਕਾਰੋਬਾਰ ਵਿਚ ਆਪਣਾ ਉੱਘਾ ਸਥਾਨ ਰਖਦੇ ਸਨ। ਆਪ ਨੂੰ ਵੀ ਗੁਰਬਾਣੀ ਪੜ੍ਹਨ ਸੁਣਨ ਦੀ ਦਾਤਿ ਗੁਰੂ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਦੁਆਰਾ ਆਪਣੇ ਪਿਤਾ ਜੀ ਪਾਸੋਂ ਬਚਪਨ ਵਿਚ ਹੀ ਪ੍ਰਾਪਤ ਹੋਈ। ਆਪ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਾਜ਼ਰੀ ਭਰਦੇ ਤਾਂ ਅਡੋਲਤਾ ਸਹਿਤ ਕੀਰਤਨ ਵਿਚ ਜੁੜ ਕੇ, ਆਤਮਿਕ ਭੁੱਖ ਦੀ ਤ੍ਰਿਪਤੀ ਕਿੰਨਾ ਕਿੰਨਾ ਚਿਰ ਕਰਦੇ ਰਹਿੰਦੇ। ਆਪ ਰੋਜ਼ਾਨਾ

ਨਿਤਨੇਮ ਕਰਨ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਦਸਮ ਪਾਤਸ਼ਾਹ ਜੀ ਦੀ ਬਾਣੀ ਦੇ ਕੰਠ ਕੀਤੇ ਸ਼ਬਦ ਪੜ੍ਹਦੇ ਸਨ। ਆਪ ਆਪਣਾ ਕਾਰੋਬਾਰ ਕਰਦੇ ਸਮੇਂ ਵੀ ਆਪਣੀ ਸੁਰਤੀ ਉਸ ਅਰਸ਼ੀ ਪ੍ਰੀਤਮ ਦੇ ਨਾਲ ਜੋੜ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ ਸਨ।

ਆਪ ਦੇ ਪਿਤਾ ਗਿ: ਗੁਰਚਰਨ ਸਿੰਘ ਜੀ ਗੁਰੂ ਕੇ ਬਾਗ ਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪ ਨੇ ਬੋਸਟਲ ਜੇਲ੍ਹ ਵਿਚ ਢਾਈ ਸਾਲ ਦੀ ਸਖ਼ਤ ਸਜ਼ਾ ਕਟੀ ਸੀ।

ਆਪਣੇ ਪਿਤਾ ਗਿ: ਗੁਰਚਰਨ ਸਿੰਘ ਜੀ ਵਲੋਂ ਇਹ ਕੁਰਬਾਨੀ ਦਾ ਜਜ਼ਬਾ ਵੇਖ ਕੇ ਇਸ ਮਹਾਨ ਪੰਥਕ ਕਾਰਜ ਲਈ ਆਪ ਦੇ ਮਨ ਵਿਚ ਵੀ ਪੰਥ ਲਈ ਜਜ਼ਬਾ ਪੈਦਾ ਹੋਇਆ ਤੇ ਆਪ ਦੋ ਵਾਰ ੧੯੫੫ ਤੇ ੧੯੬੦ ਦੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਸਾਢੇ ਸਤ ਮਹੀਨੇ ਦੀ ਸਖ਼ਤ ਸਜ਼ਾ ਕਟਣ ਉਪ੍ਰੰਤ ਰਿਹਾ ਹੋ ਕੇ ਆਏ।

ਆਪ ਆਪਣੇ ਪ੍ਰੀਵਾਰ ਨੂੰ ਸਦਾ ਇਹੋ ਹੀ ਸਿਖਿਆ ਦਿੰਦੇ ਸਨ ਕਿ ਆਪਣਾ ਕਾਰ ਵਿਹਾਰ ਈਮਾਨਦਾਰੀ ਨਾਲ ਕਰੋ। ਇਸ ਧਨ ਦੌਲਤ, ਦੁਨਿਆਵੀ ਵਡਿਆਈਆਂ ਤੇ ਕੂੜਾਵੇ ਫ਼ੈਸ਼ਨਾਂ ਦੇ ਜੰਜਾਲ ਤੋਂ ਬਚੋ, ਇਕ ਵਾਹਿਗੁਰੂ ਦੇ ਨਾਂ ਦਾ ਸੱਚਾ ਧਨ ਇਕੱਤਰ ਕਰੋ ਜਿਸ ਨੇ ਕਿ ਤੁਹਾਡਾ ਅੱਗਾ ਸਵਾਰਨਾ ਹੈ। ਆਪਣੀ ਪ੍ਰੀਤ ਉਸ ਦੋਜੀ ਪ੍ਰੀਤਮ ਦੋ ਜਹਾਨਾਂ ਦੇ ਵਾਲੀ ਨਾਲ ਜੋੜੋ, ਜਿਸ ਨੇ ਇਸ ਭਵ-ਸਾਗਰ ਤੋਂ ਆਪਣੀ ਕਿਰਪਾ-ਦ੍ਰਿਸ਼ਟੀ ਦੁਆਰਾ ਸਾਡਾ ਬੇੜਾ ਪਾਰ ਕਰਨਾ ਹੈ।

ਆਪ ਕਥਨੀ ਤੇ ਕਰਨੀ ਦੇ ਸੂਰੇ ਸਨ, ਉੱਚੇ ਸੁੱਚੇ ਆਚਰਣ ਵਾਲੇ ਨਾਮ ਅਭਿਆਸੀ ਪੁਰਖ ਸਨ। ਆਪ ਨੇ ਆਪਣੀ ਘਰੇਲੂ ਜ਼ਿੰਦਗੀ ਵਿਚ ਅਨੇਕਾਂ ਉਤਰਾ ਚੜ੍ਹਾ ਦੇਖੇ, ਪ੍ਰੰਤੂ ਆਪਣੇ ਸਿਖੀ ਸਿਦਕ ਤੇ ਧਰਮ ਤੋਂ ਨਾ ਡੋਲੇ ਤੇ ਗੁਰਬਾਣੀ ਦੀ ਇਹੋ ਤੁਕ—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥੨॥

ਸੂਹੀ ਅਸਟ: ਮ: ੪, ਪੰਨਾ ੭੫੭

ਅਨੁਸਾਰ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਸਮਾਂ ਬਤੀਤ ਕਰਦੇ ਰਹਿੰਦੇ। ਆਪ ਨੂੰ ਜਿਥੇ ਵੀ ਗੁਰਬਾਣੀ ਦੇ ਰਸਭਿੰਨੇ ਕੀਰਤਨ ਸਮਾਗਮ ਦੀ ਸੂਚਨਾ ਮਿਲਦੀ, ਆਪ ਹਾਜ਼ਰੀ ਭਰਨ ਦੀ ਕੋਸ਼ਿਸ਼ ਕਰਦੇ ਸਨ।

ਆਪ ਬੜੇ ਮਿਠ-ਬੋਲੜੇ, ਹਸਮੁਖ ਤੇ ਮਿਲਣ ਸਾਰ ਸਨ ਆਪ ਦੇ ਮਨ ਵਿਚ ਕਿਸੇ ਲਈ ਵੀ ਭੇਦ-ਭਾਵ, ਵੈਰ ਵਿਰੋਧ ਨਹੀਂ ਸੀ। ਆਪ ਦੇ ਦਿਲ ਵਿਚ ਵਡੇ ਛੋਟੇ ਲਈ ਇਕੋ ਜਿਹਾ ਸਤਿਕਾਰ ਸੀ। ਆਪ ਦਾ ਮਨ ਸਦਾ ਹੀ "ਆਇ ਮਿਲੁ ਗੁਰਸਿਖ

ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ''* ਦੇ ਮਹਾਂਵਾਕ ਅਨੁਸਾਰ ਗੁਰਸਿਖਾਂ ਦੇ ਦਰਸ਼ਨ ਕਰਕੇ ਅਤੇ ਸੇਵਾ ਕਰ ਕੇ ਪ੍ਰਸੰਨ ਰਹਿੰਦਾ ਸੀ।

ਆਪ ਵਿਸਾਖੀ ਵਾਲੇ ਦਿਨ ਮਿਤੀ ੧੩ ਅਪ੍ਰੈਲ ੧੯੭੮ ਵੀਰਵਾਰ ਨੂੰ ਅਜੀਤ ਨਗਰ ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਦੇ ਸਾਲਾਨਾ ਵੈਸਾਖੀ ਸਮਾਗਮ ਵਿਚ ਕੀਰਤਨ ਸਰਵਣ ਕਰਨ ਲਈ ਪੁਜੇ ਹੋਏ ਸਨ। ਅਤੇ ਉਥੋਂ ਹੀ ਜਦੋਂ ਸਮਾਗਮ ਵਿਚ ਇਹ ਖ਼ਬਰ ਪੁਜੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਸ੍ਰੀ ਅੰਮ੍ਰਿਤਸਰ ਗੁਰੂ ਦੀ ਪਵਿਤਰ ਨਗਰੀ ਵਿਚੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਾਰੇ ਘੋਰ ਬੇਅਦਬੀ ਤੇ ਨਿੰਦਾ ਭਰੇ ਲਫ਼ਜ਼ ਵਰਤ ਰਿਹਾ ਹੈ ਤਾਂ ਸਿੰਘਾਂ ਨੇ ਨਕਲੀ ਨਿਰੰਕਾਰੀਆਂ ਕੋਲ ਜਾ ਕੇ ਸ਼ਾਂਤਮਈ ਪ੍ਰੋਟੈਸਟ ਕਰਨ ਦਾ ਪ੍ਰਣ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਇਹ ਕੋਝੇ ਤੇ ਭੈੜੇ ਲਫ਼ਜ਼ ਨਾ ਵਰਤੇ ਜਾਣ। ਸਾਰੇ ਸਿੰਘਾਂ ਨੇ ਕਿਲ੍ਹਾ ਗੋਬਿੰਦਗੜ੍ਹ ਦੇ ਪੰਡਾਲ ਵਿਚ, ਜਿਥੇ ਕਿ ਨਕਲੀ ਨਿਰੰਕਾਰੀ ਆਪਣਾ ਸੰਮੇਲਨ ਕਰ ਰਹੇ ਸਨ, ਵਲ ਚਾਲੇ ਪਾ ਦਿਤੇ, ਜਿਸ ਵਿਚ ਆਪ ਅਤੇ ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ ਸਿੰਘ ਵੀ ਸਿੰਘਾਂ ਦੇ ਜੱਥੇ ਨਾਲ ਸ਼ਾਮਲ ਸੀ। ਜਦ ਸਿੰਘ ਪੰਡਾਲ ਤੋਂ ਤਕਰੀਬਨ ੩੦੦ ਗਜ਼ ਦੀ ਦੂਰੀ ਤੇ ਸਨ ਤਾਂ ਪੁਲੀਸ ਨੇ ਰੋਕਿਆ। ਸਿੰਘਾਂ ਨੇ ਕਿਹਾ ਕਿ ਅਸੀਂ ਪ੍ਰੋਟੈਸਟ ਕਰਨ ਆਏ ਹਾਂ, ਕਿ ਇਹ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰੁਧ ਅਜਿਹੇ ਭੈੜੇ ਲਫ਼ਜ਼ ਤੇ ਕੋਝੀਆਂ ਹਰਕਤਾਂ ਨਾ ਕਰਨ। ਪ੍ਰੰਤੂ ਕੁਛ ਮਿੰਟਾਂ ਵਿਚ ਹੀ ਇਕ-ਦਮ ਨਕਲੀ ਨਿਰੰਕਾਰੀਆਂ ਨੇ ਭਰੇ ਪੰਡਾਲ ਵਿਚੋਂ ਆ ਕੇ; ਜੋ ਕਿ ਤਲਵਾਰਾਂ, ਗੰਡਾਸਿਆਂ, ਬੰਦੂਕਾਂ ਤੇ ਤੀਰਾਂ ਨਾਲ ਲੈਸ ਸਨ, ਅਚਾਨਕ ਸਿੰਘਾਂ ਤੇ ਹਮਲਾ ਕਰ ਦਿਤਾ, ਜਿਸ ਕਾਰਨ ਅਨੇਕਾਂ ਸਿੰਘ ਸ਼ਹੀਦ ਤੇ ਜ਼ਖ਼ਮੀ ਹੋਏ। ਉਨ੍ਹਾਂ ਉਪਰੋਕਤ ੧੩ ਸ਼ਹੀਦ ਸਿੰਘਾਂ ਵਿਚ ਗਿਆਨੀ ਹਰੀ ਸਿੰਘ ਜੀ ਵੀ ਇਕ ਸ਼ਹੀਦ ਸਿੰਘ ਸਨ। ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ ਸਿੰਘ ਵੀ ਸਖ਼ਤ ਜ਼ਖ਼ਮੀ ਹੋਇਆ।

ਗਿ: ਹਰੀ ਸਿੰਘ ਜੀ ਦਾ ਅੰਤਮ ਸੰਸਕਾਰ ੧੫ ਅਪ੍ਰੈਲ ੧੯੭੮ ਨੂੰ ਬਾਕੀ ਦੇ ੧੨ ਸ਼ਹੀਦ ਸਿੰਘ ਦੇ ਨਾਲ ਹੀ, ਇਕੋ ਚਿਖਾ ਵਿਚ, ਪੂਰਨ ਖ਼ਾਲਸਈ ਸ਼ਾਨ ਅਤੇ ਗੁਰ-ਮਰਯਾਦਾ ਅਨੁਸਾਰ ਸ੍ਰੀ ਰਾਮਸਰ ਸਾਹਿਬ ਜੀ ਦੇ ਸਾਹਮਣੇ ਵਾਲੀ ਗਰਾਊਂਡ ਵਿਚ ਕੀਤਾ ਗਿਆ।

ਆਪ ਆਪਣੇ ਭਰਾਵਾਂ ਵਿਚੋਂ ਸਭ ਤੋਂ ਵਡੇ ਸਨ। ਆਪ ਆਪਣੇ ਪਿਛੇ ਪਤਨੀ, ਤਿੰਨ ਲੜਕੇ ਤੇ ਇਕ ਲੜਕੀ ਛਡ ਗਏ ਹਨ। ਆਪ ਦੀ ਇਸ ਸ਼ਹੀਦੀ 'ਤੇ ਪਰਵਾਰ ਨੇ ਸ਼ੋਕ ਨਹੀਂ ਕੀਤਾ, ਸਗੋਂ ਸਤਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਸੇਵਕ ਨੂੰ ਆਪਣੇ ਲੇਖੇ ਲਾਇਆ ਹੈ ਅਤੇ ਇਹੋ ਹੀ ਜੋਦੜੀ ਕੀਤੀ

*ਤਿਲੰਗ ਮਹਲਾ ੪, ਪੰਨਾ ੭੨੫

ਕਿ ਹੇ ਗੁਰੂ ਗ਼ਰੀਬ ਨਿਵਾਜ਼ ! ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਉ ! ਜਿਸ ਤਰ੍ਹਾਂ ਉਨ੍ਹਾਂ ਸਿਰਲੱਥ ਸੂਰਬੀਰਾਂ ਤੇ ਮਰਜੀਵੜਿਆਂ ਨੇ ਆਪ ਜੀ ਦਾ ਪੂਰਨ ਸਤਿਕਾਰ ਤੇ ਅਦਬ ਕਾਇਮ ਰਖਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ, ਉਸੇ ਤਰ੍ਹਾਂ ਦਾਤਾਰ ਪਿਤਾ ਜੀਉ ! ਉਨ੍ਹਾਂ ਅਣਖੀਲੇ ਤੇ ਮਹਾਨ ਸ਼ਹੀਦਾਂ ਦੇ ਦਰਸਾਏ ਮਾਰਗ ਤੇ ਚਲਣ ਦਾ ਬਲ ਬਖ਼ਸ਼ੋ ਤਾਂ ਜੁ ਅਸੀਂ ਆਪਣਾ ਆਪ ਕੁਰਬਾਨ ਕਰਦੇ ਹੋਏ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਹੋ ਸਕੀਏ :

ਸੰਪਾਦਕ ਵਲੋਂ :—

ਸ਼ਹੀਦ ਦੇ ਸਾਰੇ ਪਰਵਾਰ ਨੇ ਅਖੰਡ ਕੀਰਤਨੀ ਜੱਥਿਆਂ ਦੇ ਸਾਲਾਨਾ ਸਮਾਗਮ ਵਿਚ ਕਈ ਵਰ੍ਹੇ ਪਹਿਲਾਂ ਪਰਵਾਰ ਸਮੇਤ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ਪੇਸ਼ ਹੋ ਕੇ ਸੁਧਾਈ ਕਰਵਾਈ ਅਤੇ ਨਾਮ ਦ੍ਰਿੜ੍ਹ ਕਰਵਾਇਆ । ਜਿਸ ਦਾ ਅਸਰ ਸ਼ਹੀਦ ਦੇ ਜੀਵਨ ਵਿਚ ਬਹੁਤ ਡੂੰਘਾ ਪਿਆ ਤੇ ਆਪ ਪਹਿਲਾਂ ਨਾਲੋਂ ਵੀ ਵਧ ਗੰਭੀਰ ਹੋ ਗਏ ਅਤੇ ਗੁਪਤੀ ਸੇਵਾ-ਸਿਮਰਨ ਵਿਚ ਨਿਮਗਨ ਰਹਿੰਦੇ ।

ਆਪ ਦੀ ਕਿਰਤ-ਕਮਾਈ ਸੰਕੋਚਵੀਂ ਹੀ ਸੀ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਦੇ ਖ਼ਰਚ ਹੀ ਖ਼ਰਚ ਸਨ, ਪਰ ਆਪ ਸਤ ਸੰਤੋਖ ਵਿਚ ਰਹਿੰਦੇ ਹੋਏ ਸੰਕੋਚਵਾਂ ਜੀਵਨ-ਨਿਰਬਾਹ ਕਰਦੇ ਰਹੇ ਅਤੇ ਆਪਣੀ ਤੰਗ-ਦਸਤੀ ਦੀ ਦਸ਼ਾ ਕਦੇ ਕਿਸੇ ਨੂੰ ਨਹੀਂ ਸੀ ਜਣਾਈ । ਬੜੀ ਸਿੱਧੀ-ਸਾਦੀ ਤੇ ਭੋਲੀ-ਭਾਲੀ ਰੂਹ ਸੀ । ਆਪ ਜੀ ਸ਼ਹੀਦੀ ਪਾ ਕੇ ਆਪਣੇ ਪਿਤਾ ਦੀਆਂ ਪੰਥਕ ਕੁਰਬਾਨੀਆਂ ਵਾਂਗ ਇਕ ਨਜ਼ੀਰ ਪੈਦਾ ਕਰ ਗਏ ਹਨ ।

੨੩-੪-੭੮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਜੇ ਪੰਥਕ ਦੀਵਾਨ ਵਿਚ ਸ਼ਹੀਦ ਦੀ ਸੁਭਾਗ ਸੁਪਤਨੀ ਨੇ, ਤਖ਼ਤ ਸਾਹਿਬ ਵਲੋਂ ਸਨਮਾਨਤ ਕੀਤੇ ਜਾਣ ਸਮੇਂ ਵੈਰਾਗ ਵਿਚ ਪੰਥ ਨੂੰ ਸੁਨੇਹਾ ਦਿਤਾ—

"ਮੇਰੇ ਪਤੀ ਜੀ ਗੁਰੂ ਕੇ ਲੇਖੇ ਲਗੇ ਹਨ ਅਤੇ ਜਦੋਂ ਪੰਥ ਨੂੰ ਲੋੜ ਪਵੇ ਤਾਂ ਮੇਰੇ ਇਹ ਤਿੰਨੇ ਪੁੱਤਰ ਵੀ ਹਾਜ਼ਰ ਹਨ ।"

ਸ਼ਹੀਦ ਭਾਈ ਫ਼ੌਜਾ ਸਿੰਘ ਜੀ, ਅੰਮ੍ਰਿਤਸਰ

—ਰਾਹੀਂ ਪ੍ਰੋ: ਗੁਰਮੁਖ ਸਿੰਘ ਜੀ ਕਪੂਰਥਲਾ

ਭਾਈ ਫ਼ੌਜਾ ਸਿੰਘ ਜੀ ੧੭ ਮਈ ੧੯੩੬ ਨੂੰ ਰਾਵੀ ਪਾਰ ਖਾਲਸਾ ਫਾਰਮ ਜ਼ਿਲਾ ਗੁਰਦਾਸਪੁਰ ਵਿਖੇ ਸ: ਸੁਰੈਣ ਸਿੰਘ ਜੀ ਦੇ ਘਰ ਪੈਦਾ ਹੋਏ । ਆਪ ਜੀ ਦੇ ਪਿਤਾ ਜੀ ਦਰਮਿਆਨੇ ਦਰਜੇ ਦੇ ਜੱਟ ਜ਼ਿਮੀਂਦਾਰ ਹਨ । ਪਾਕਿਸਤਾਨ ਬਣਨ ਤੋਂ ਪਿਛੋਂ ਇਨ੍ਹਾਂ ਦਾ ਪਿੰਡ ਬਾਰਡਰ ਤੇ ਹੋਣ ਕਾਰਨ, ਪਰਿਵਾਰ ਪਿੰਡ ਗ਼ਜ਼ਨੀਪੁਰ ਜੋ

ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਵਾਲੀ ਸੜਕ ਤੇ ੬ ਮੀਲ ਤੇ ਹੈ, ਆ ਕੇ ਵਸੇ ਹਨ ।

ਫੌਜਾ ਸਿੰਘ ਜੀ ਛੋਟੀ ਉਮਰ ਵਿਚ ਹੀ ਪਿੰਡ ਦੇ ਹਾਣ ਦੇ ਮੁੰਡਿਆਂ ਦੇ ਲੀਡਰ ਹੁੰਦੇ ਸਨ। ਜਥੇਦਾਰੀ ਜਿਵੇਂ ਧੁਰੋਂ ਹੀ ਮਿਲੀ ਹੋਈ ਸੀ। ਬਚਪਨ ਤੋਂ ਹੀ ਨੈਤਿਕ ਸੋਧ-ਸੁਧਾਈ ਦੇ ਕੰਮ ਵਿਚ ਕਾਫ਼ੀ ਉਤਸ਼ਾਹ ਦਿਖਾਂਦੇ ਸਨ ।

ਦਸਵੀਂ ਜਮਾਤ ਪੜ੍ਹਦੇ ਸਮੇਂ ਅੰਮ੍ਰਿਤ ਪਾਨ ਕਰ ਲਿਆ ਸੀ। ਵੈਰਾਗੀ ਸੁਭਾਅ ਹੋਣ ਕਰਕੇ, ਆਪ ਇਸ ਛੋਟੀ ਉਮਰ ਵਿਚ ਹੀ ਇਕ ਮਹੀਨਾ ਘਰੋਂ ਅਲੋਪ ਰਹੇ। ਇਹ ਸਮਾਂ ਉਹਨਾਂ ਨੇ ਸੰਤਾਂ ਸਾਧਾਂ ਦੀ ਸੰਗਤ ਵਿਚ ਹੀ ਬਤੀਤ ਕੀਤਾ। ਪੂਰਬਲੇ ਸੰਸਕਾਰ ਅਜੇ ਪੂਰੀ ਤਰ੍ਹਾਂ ਅੰਕੁਰ ਨਹੀਂ ਸਨ ਹੋਏ। ਦਸਵੀਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐਫ. ਐਸ. ਸੀ. ਵਿਚ ਦਾਖਲ ਹੋਏ, ਪਰ ਅੰਦਰੋਂ ਬੈਰਾਗ ਫੁਰਾਟੇ ਮਾਰਦਾ ਸੀ। ਕਹਿੰਦੇ ਹਨ ਕਿ ਇਥੋਂ ਉਨ੍ਹਾਂ ਨੇ ਫਿਰ ਅਗਿਆਤ-ਵਾਸ ਲੈਣ ਦਾ ਫੈਸਲਾ ਕਰ ਲਿਆ। ਭਾਈ ਫੌਜਾ ਸਿੰਘ ਘਰ-ਦਿਆਂ ਅਤੇ ਹੋਰ ਦੁਨੀਆਦਾਰਾਂ ਦੇ ਭਾਣੇ ਗੁਆਚ ਗਏ। ਬੜੀ ਭਾਲ ਕੀਤੀ, ਅਖਬਾਰਾਂ ਵਿਚ ਕਢਵਾਇਆ, ਪਰ ਕਿਥੋਂ ਲਭਣ ? ਉਹ ਆਪਣੀ ਆਤਮਕ ਭੁੱਖ ਦੀ ਤ੍ਰਿਪਤੀ ਲਈ ਦੋ ਸਾਲ ਘਰੋਂ ਅਲੋਪ ਰਹੇ, ਅਤੇ ਸਾਧਾਂ ਸੰਤਾਂ ਦੇ ਡੇਰੇ ਗਾਹੁੰਦੇ ਰਹੇ। ਕਿਸੇ ਭੇਖੀ ਸਾਧ ਨੇ ਆਪ ਨੂੰ ਸੋਹੰ ਦਾ ਮੰਤਰ ਦਿਤਾ ਤੇ ਭਾਈ ਫੌਜਾ ਸਿੰਘ ਦੋ ਸਾਲ ਸੋਹੰ ਦਾ ਜਾਪ ਕਰਦੇ ਰਹੇ। ਫਿਰ ਗੁਆਚੇ ਲਭ ਪਏ ਤੇ ਘਰ ਲਿਆਂਦੇ ਗਏ। ਪਰ ਅਜੇ ਗੁਰੂ ਘਰ ਬਾਰੇ ਸੋਝੀ ਨਹੀਂ ਸੀ ਮਿਲੀ। ਘਰ-ਦਿਆਂ ਨੇ ਫਿਰ ਐਫ. ਐਸ. ਸੀ. ਪੜ੍ਹਨੇ ਪਾ ਦਿਤਾ। ਬੈਰਾਗੀ ਰੂਹਾਂ ਨੂੰ ਜਦੋਂ ਕਦੀ ਵੀ ਸੰਸਾਰੀ ਮਾਪੇ ਮਿਲਦੇ ਹਨ, ਤਾਂ ਅਜੀਬ ਕਸ਼-ਮਕਸ਼ ਹੁੰਦੀ ਹੈ। ਬੈਰਾਗੀ ਰੂਹ ਸੰਸਾਰੀ ਵਸਤੂਆਂ ਦਾ ਤਿਆਗ ਕਰਨਾ ਚਾਹੁੰਦੀ ਹੈ, ਪਰ ਸੰਸਾਰੀ ਉਸ ਨੂੰ ਮਲੋ-ਮਲੀ ਸੰਸਾਰ ਵਿਚ ਆਪਣੇ ਵਰਗਾ ਸਾਧਾਰਨ ਸੰਸਾਰੀ ਬਣ ਕੇ ਜੀਉਣ ਲਈ ਜੋਰਦਾਰ ਪ੍ਰੇਰਨਾ ਕਰਦੇ ਹਨ। ਉਨ੍ਹਾਂ ਲਈ ਜੀਵਨ ਇਕ ਸੰਘਰਸ਼ ਜਿਹਾ ਬਣ ਜਾਂਦਾ ਹੈ।

ਬੀ. ਐਸ. ਸੀ. ਵਿਚ ਪੜ੍ਹਦੇ ਸਮੇਂ ਭਾਈ ਫੌਜਾ ਸਿੰਘ ਜੀ ਕੁਸੰਗਤ ਵਿਚ ਪੈ ਗਏ। ਪਰ ਫਿਰ ਛੇਤੀ ਗੁਰੂ ਮਹਾਰਾਜ ਨੇ ਸੁਚੇਤ ਕਰਕੇ ਸਾਵਧਾਨ ਕਰ ਦਿਤਾ। ੧੯੬੪ ਵਿਚ ਅਖੰਡ ਕੀਰਤਨੀ ਜੱਥੇ ਵਿਚੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ। ਵੈਸਾਖ ੧੯੬੫ ਵਿਚ ਆਪ ਜੀ ਦਾ ਆਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ ਤੇ ਇਸ ਸਮੇਂ ਭਾਈ ਜੀਵਨ ਸਿੰਘ ਜੀ ਨੇ ਕੀਰਤਨ ਅਸੀਸੜੀਆਂ ਦਿਤੀਆਂ :

"ਮਿਲਿਆ ਹੋਇ ਨ ਵੀਛੁੜੇ ਜਿ ਮਿਲਿਆ ਹੋਈ ॥"

ਸੂਹੀ ਮ: ੧, ਪੰਨਾ ੭੨੯

ਗੁਰਬਾਣੀ ਦਾ ਕਥਨ ਹੈ ਕਿ ਇਸ ਮਾਤ ਲੋਕ ਉਤੇ ਭੀ ਉਹ ਜੀਵ-ਆਤਮਾ ਪ੍ਰਭੂ

ਤੋਂ ਵਿਛੁੜਦੀ ਨਹੀਂ, ਜਾਂ ਪ੍ਰਭੂ-ਪਿਤਾ ਉਸ ਨੂੰ ਗੁਆਚਣ ਜਾਂ ਵਿਛੁੜਨ ਨਹੀਂ ਦਿੰਦਾ, ਜੇਕਰ ਉਹ ਜੀਵ ਪਹਿਲਾਂ ਤੋਂ ਹੀ ਪ੍ਰਭੂ-ਚਰਨਾਂ ਨਾਲ ਜੁੜ ਚੁਕਾ ਹੋਵੇ। ਭਾਈ ਫੌਜਾ ਸਿੰਘ ਜੀ ਨੇ ੨੮ ਸਾਲ ਦੀ ਉਮਰ ਵਿਚ ਮੁੜ ਕੇ ਉਹੀ ਸਰੂਪ ਧਾਰਨ ਕਰ ਲਿਆ ਜੋ ਸਰੂਪ ਦਸਮੇਸ਼ ਪਿਤਾ ਜੀ ਨੂੰ ਅਤਿ ਪਿਆਰਾ ਸੀ। ਨਹੀਂ-ਨਹੀਂ, ਪਿਤਾ ਦਸਮੇਸ਼ ਜੀ ਜਿਸ ਉਤੇ ਆਪ ਕਿਰਪਾਲ ਹੁੰਦੇ ਹਨ, ਉਸ ਨੂੰ "ਅਕਾਲ ਪੁਰਖ ਕੀ ਫੌਜ" ਵਾਲੀ ਖਾਲਸਈ ਵਰਦੀ ਪਹਿਨਣ ਦੀ ਸੁਧ-ਬੁਧ ਬਖਸ਼ਦੇ ਹਨ, ਉਸ ਨੂੰ ਸਿੰਘਾਂ ਦੇ ਮੰਡਲ ਵਿਚ ਲੈ ਆਉਂਦੇ ਹਨ ਅਤੇ ਆਪਣਾ ਬਣਾਈ ਰਖਦੇ ਹਨ।

੧੯੬੪ ਤੋਂ ੧੯੭੮ ਦੇ ਸਮੇਂ ਵਿਚ ਭਾਈ ਫੌਜਾ ਸਿੰਘ ਦੇ ਜੀਵਨ ਵਿਚ ਹੌਲੀ-ਹੌਲੀ ਪਰੀਵਰਤਨ ਆਉਂਦੇ ਗਏ। ਗਤਕਾ ਸਿਖਿਆ ਅਤੇ ਇਸ ਵਿਚ ਇਸ ਇਲਾਕੇ ਵਿਚ ਕੋਈ ਵਿਰਲਾ ਹੀ ਉਨ੍ਹਾਂ ਦਾ ਮੁਕਾਬਲਾ ਕਰ ਸਕਦਾ ਹੋਵੇਗਾ। ਇਸ ਹੁਨਰ ਨੂੰ ਵਿਸ਼ੇਸ਼ ਤੌਰ ਤੇ ਆਪਣੇ ਨੌਜਵਾਨ ਸਾਥੀਆਂ ਵਿਚ ਪਰਚਾਰਿਆ। ਕਈਆਂ ਨੂੰ ਇਹ ਹੁਨਰ ਸਿਖਣ ਦੀ ਜ਼ੋਰਦਾਰ ਪ੍ਰੇਰਨਾ ਦਿੰਦੇ ਰਹੇ।

ਜੱਥੇ ਵਿਚ ਦਾਸ ਕਾਫੀ ਸਮੇਂ ਤੋਂ ਵਿਚਰ ਰਿਹਾ ਹੈ ਅਤੇ ਅਨੇਕਾਂ ਗੁਰੂ ਕੇ ਸੋਹਣੇ-ਸੋਹਣੇ ਲਾਲਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਗੁਰੂ ਕੇ ਲਾਲਾਂ ਅੰਦਰ ਜੋ ਰੱਬੀ ਰੰਗਾਂ ਦੇ ਦੀਦਾਰੇ ਹੁੰਦੇ ਸਨ, ਉਹ ਨਾਮ-ਰਸ ਅਤੇ ਭਗਤੀ ਰੰਗ ਦੇ ਸ਼ਾਂਤਮਈ ਦੀਦਾਰੇ ਹੁੰਦੇ ਸਨ, ਜਿਨ੍ਹਾਂ ਤੋਂ ਆਪ-ਮੁਹਾਰੇ ਇਹੋ ਪ੍ਰੇਰਨਾ ਮਿਲਦੀ ਸੀ ਕਿ ਇਹ ਜੀਵਨ "ਮਿਲ ਸਾਧ ਸੰਗਤਿ ਭਜੁ ਕੇਵਲ ਨਾਮੁ"* ਲਈ ਹੈ। ਭਾਈ ਫੌਜਾ ਸਿੰਘ ਦੇ ਦਰਸ਼ਨ ਕੀਤਿਆਂ ਕਿਸੇ ਹੋਰ ਰੰਗ ਦੀ ਝਲਕ ਭੀ ਪੈਂਦੀ ਸੀ। ਨਾਮ-ਰਸ ਤੋਂ ਬਿਨਾ ਬੀਰ-ਰਸ ਵੀ ਉਨ੍ਹਾਂ ਦੇ ਦੀਦਾਰ ਤੋਂ ਡੁਲ੍ਹ-ਡੁਲ੍ਹ ਪੈਂਦਾ ਸੀ। ਭਾਈ ਫੌਜਾ ਸਿੰਘ ਜੀ ਕਿਸੇ ਭੀ ਵਿਅਕਤੀ ਉਤੇ ਵਧੀਕੀ ਹੁੰਦੀ ਵੇਖ ਕੇ ਸਹਾਰ ਨਹੀਂ ਸੀ ਸਕਦੇ। ਜੱਥੇ ਦੇ ਕਈ ਵੀਰ ਜੋ ਭਗਤੀ-ਰਸ ਦੇ ਰਸੀਏ ਹਨ, ਉਨ੍ਹਾਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਕੇਵਲ ਨਾਮ ਜਪਣ ਲਈ ਕਹਿੰਦੇ, ਇਸ ਦਾ ਉਨ੍ਹਾਂ ਉਤੇ ਸੁਖਾਵਾਂ ਪ੍ਰਭਾਵ ਪੈਂਦਾ ਰਿਹਾ ; ਪਰ ਉਨ੍ਹਾਂ ਦੇ ਅੰਦਰ ਸ਼ਕਤੀ-ਰਸ ਦੀ ਧਾਰਾ ਦਾ ਚਸ਼ਮਾ ਫੁਟ ਰਿਹਾ ਸੀ। ਉਨ੍ਹਾਂ ਦੇ ਗੁਰ-ਭਾਈਆਂ ਨੂੰ ਅਨੁਮਾਨ ਨਹੀਂ ਸੀ ਕਿ ਇਹ ਚਸ਼ਮਾ ਕਿਤਨਾ ਤੇਜ਼ ਵਗ ਟੁਰੇਗਾ। ਉਨ੍ਹਾਂ ਲਈ ਤਾਂ ਇਹ ਇਕ ਨਵੀਂ ਗੱਲ ਹੈ ਕਿ ਵਰਤਮਾਨ ਅਮਨ-ਅਮਾਨ ਦੇ ਸਮੇਂ ਵਿਚ ਭੀ, ਜਦੋਂ ਰਾਜ ਭੀ ਆਪਣੇ ਹੀ ਲੋਕਾਂ ਦਾ ਹੋਵੇ, ਸ਼ਹੀਦੀਆਂ ਪਾਉਣਾ ਸੰਭਵ ਹੋਵੇ। ਪੁਰਾਤਨ ਸਿੰਘਾਂ ਨੂੰ ਤਾਂ ਸ਼ਹੀਦੀਆਂ ਇਸ ਲਈ ਪਾਉਣੀਆਂ ਪਈਆਂ ਕਿਉਂਕਿ ਰਾਜ ਜਰਵਾਣਿਆਂ ਮੁਗਲਾਂ ਅਤੇ ਪਠਾਣਾਂ ਦਾ ਸੀ, ਜੋ ਧਰਮ ਦੇ ਦੋਖੀ ਸਨ। ਪਰ ਹੁਣ ਤਾਂ ਉਹੋ ਜਿਹੀ ਹਾਲਤ ਨਹੀਂ ਹੈ। ਇਸ ਲਈ

---

*ਆਸਾ ਮ: ੫, ਪੰਨਾ ੩੭੮

ਉਨ੍ਹਾਂ ਦੇ ਕਈ ਆਲੋਚਕ ਵੀਰ, ਉਨ੍ਹਾਂ ਦੇ ਬੀਰ-ਰਸ ਨੂੰ ਮਖੌਲਾਂ ਕਰਦੇ ਸਨ ਅਤੇ ਉਨ੍ਹਾਂ ਅਗੇ ਕਈ ਵਾਰੀ ਹੱਸ ਕੇ ਕਹਿ ਦਿੰਦੇ ਕਿ ਤੂੰ ਹੋਰਨਾਂ ਨੂੰ ਭੀ ਸ਼ਹੀਦੀਆਂ ਦੇ ਜਾਮ ਪਿਆਵੇਂਗਾ।

ਪਤਾ ਨਹੀਂ ਉਨ੍ਹਾਂ ਆਲੋਚਕ ਗੁਰਸਿੱਖਾਂ ਦੇ ਵਚਨ ਸਤ ਹੋਣੇ ਸਨ, ਜਾਂ ਗੁਰੂ ਕਰਤਾਰ ਨੂੰ ਹੀ ਇੰਜ ਭਾਉਂਦਾ ਸੀ, ਭਾਈ ਫੌਜਾ ਸਿੰਘ ੧੯੭੦ ਤੋਂ ਪਿਛੋਂ ਗੁਰਸਿੱਖਾਂ ਦੀ ਤਨੋਂ, ਮਨੋਂ, ਧਨੋਂ ਸੇਵਾ ਕਰਨ ਵਿਚ ਲਗ ਗਏ। ਗੁਰੂ ਨੇਤ ਹੀ ਉਨ੍ਹਾਂ ਦੀ ਨੌਕਰੀ ਦਾ ਸਿਲਸਿਲਾ ਅੰਮਿਤਸਰ ਦੇ ਆਲੇ-ਦੁਆਲੇ ਹੀ ਰਿਹਾ। ਆਪਣੀ ਅਤੇ ਆਪਣੀ ਸਿੰਘਣੀ ਦੀ ਜੋ ਤਨਖਾਹ ਆਉਂਦੀ, ਉਹ ਸਿੰਘਾਂ ਦੀ ਸੇਵਾ ਉਤੇ ਖਰਚ ਕਰ ਦਿੰਦੇ। ਬੀਬੀ ਅਮਰਜੀਤ ਕੌਰ ਜੀ ਦਸਦੇ ਹਨ ਕਿ ਉਹ ਕਈ ਵਾਰੀ ਕਹਿੰਦੇ ਹੁੰਦੇ ਸਨ, "ਜੋ ਮਾਇਆ ਅਸੀਂ ਆਪਣੇ ਉਪਰ ਖਰਚ ਕਰਦੇ ਹਾਂ, ਉਹ ਸਭ ਵਿਅਰਥ ਹੈ, ਪਰ ਜੋ ਗੁਰਸਿੱਖਾਂ ਦੀ ਟਹਿਲ ਸੇਵਾ ਲਈ ਖਰਚ ਕਰਦੇ ਹਾਂ, ਉਹ ਸਫਲ ਹੈ ਅਤੇ ਉਹੀ ਸਾਡੀ ਬੈਂਕ ਵਿਚ ਜਮ੍ਹਾ ਰਾਸਿ ਹੈ। ਫਿਰ ਕਹਿਣਾ—"ਖਾਲਸਾ ਪੰਥ ਨੂੰ ਦਸਮੇਸ਼ ਪਿਤਾ ਨੇ ਖੂਨ ਦੇ ਕੇ ਸਿੰਜਿਆ ਹੈ। ਜਦੋਂ-ਜਦੋਂ ਇਸ ਬੂਟੇ ਨੂੰ ਔੜ ਪੈਂਦੀ ਹੈ, ਇਸ ਨੂੰ ਖੂਨ ਨਾਲ ਹੀ ਸਿੰਜਣਾ ਪੈਂਦਾ ਹੈ। ਫਿਰ ਪਰਵਾਨੇ, ਗੁਰੂ ਪਿਆਰੇ ਇਸ ਦੇ ਨਿਸ਼ਾਨ ਝੂਲਦੇ ਰਖਣ ਲਈ ਆਪਣਾ ਲਹੂ ਡੋਲ੍ਹਦੇ ਹਨ। ਅਤੇ ਇਹ ਔੜ-ਚੱਕਰ ੫੦ ਕੁ ਵਰ੍ਹਿਆਂ ਪਿਛੋਂ ਜ਼ਰੂਰ ਚਲਦਾ ਹੈ। ਉਨ੍ਹਾਂ ਦੀਆਂ ਅੰਤ੍ਰੀਵ ਅੱਖਾਂ ਸਾਹਵੇਂ ਖਾਲਸਾ ਪੰਥ ਦਾ ਬੂਟਾ ਔੜ-ਚੱਕਰ ਦੇ ਕਾਰਨ ਸੁਕ ਰਿਹਾ ਸੀ, ਸੜ ਰਿਹਾ ਸੀ ਅਤੇ ਉਨ੍ਹਾਂ ਨੂੰ 'ਕੋਈ ਹਰਿਆ ਬੂਟ ਰਹਿਓ ਰੀ, ਵਾਲੀ ਦਸ਼ਾ ਦਿਸਦੀ ਸੀ, ਜਿਸ ਨੂੰ ਉਨ੍ਹਾਂ ਦੇ ਆਲੋਚਕ ਅਨੁਭਵ ਨਹੀਂ ਕਰ ਸਕੇ। ਉਹ ਆਪਣੇ ਸੰਗੀ-ਸਾਥੀਆਂ ਨੂੰ ਇਹੋ ਕਹਿੰਦੇ ਸਨ ਕਿ ਇਤਨੀ ਘੋਰ ਬੇ-ਅਦਬੀ ਹੋ ਰਹੀ ਹੈ ਕਿ ਆਉਣ ਵਾਲੀਆਂ ਪੀਹੜੀਆਂ ਕੀ ਆਖਣਗੀਆਂ ਕਿ ਸਾਡੇ ਬਜ਼ੁਰਗ ਕਿਹੋ ਜਿਹੇ ਸਨ, ਜੋ ਸਭ ਕੁਝ ਅੱਖੀਂ ਦੇਖ ਕੇ ਬਰਦਾਸ਼ਤ ਕਰਦੇ ਰਹੇ ? ਇਹ ਸਭ ਕੁਝ ਦੇਖ ਕੇ ਸਹਿਨ ਕਰੀ ਜਾਣਾ ਉਨ੍ਹਾਂ ਦੇ ਸੁਭਾ, ਉਨਾਂ ਦੇ ਚਰਿਤਰ ਅਤੇ ਉਨ੍ਹਾਂ ਦੀ ਬਣਤਰ ਤੋਂ ਬਾਹਰ ਸੀ।

ਅਖੰਡ ਕੀਰਤਨੀ ਜੱਥਾ ਤਕਰੀਬਨ ੭੦-੭੫ ਸਾਲਾਂ ਤੋਂ ਪੰਥ ਦੀ ਕੀਰਤਨ ਰਾਹੀਂ, ਗੁਰਬਾਣੀ ਰਾਹੀਂ ਅਤੇ ਤੱਤ ਗੁਰਮਤਿ ਰਹਿਤ-ਰਹਿਣੀ ਦੇ ਆਸਰੇ ਸੇਵਾ ਕਰਦਾ ਆ ਰਿਹਾ ਹੈ। ਜੱਥੇ ਵਿਚ ਅਨੇਕਾਂ ਗੁਰੂ ਕੇ ਲਾਲ ਆਏ, ਜੋ ਸਫਲ ਕਮਾਈਆਂ ਘਾਲ ਕੇ ਗੁਰਪੁਰੀ ਪਧਾਰ ਗਏ, ਅਜੇ ਤਕ ਉਨ੍ਹਾਂ ਵਿਚੋਂ ਕਿਸੇ ਨੇ ਭੀ ਜੱਥੇ ਨੂੰ ਜਾਂ ਪੰਥਕ ਸੇਵਾ ਕਰਨ ਵਿਚ ਸ਼ਹੀਦੀ ਪਾਉਣ ਦੀ ਪ੍ਰੇਰਨਾ ਨਹੀਂ ਸੀ ਕੀਤੀ। ਭਾਵੇਂ ਅੰਮ੍ਰਿਤ ਛਕਾਣ ਵੇਲੇ ਰਸਮੀ ਤੌਰ ਤੇ ਅਸੀਂ ਸਾਰੇ ਇਹੋ ਪਰਵਾਨ ਕਰਕੇ ਅੰਮ੍ਰਿਤ ਦੇ ਅਧਿਕਾਰੀ ਬਣਦੇ ਹਾਂ ਕਿ ਇਸ ਦਿਨ ਤੋਂ ਮਗਰੋਂ ਸਾਡਾ ਸੀਸ ਗੁਰੂ ਕਾ ਹੈ, ਅਤੇ ਜਦੋਂ ਲੋੜ ਪਵੇ ਅਸੀਂ ਸੀਸ ਭੇਟ ਕਰਨ ਤੋਂ ਨਾਂਹ ਨਹੀਂ ਕਰਾਂਗੇ। ਪਰ ਜੱਥੇ ਦੀ ਬਹੁਤੀ

ਸੇਵਾ ਕੀਰਤਨ ਕਰਨਾ, ਅਤੇ ਸੰਗਤਾਂ ਨੂੰ ਨਾਮ ਬਾਣੀ ਵਲ ਪ੍ਰੇਰਨਾ ਹੀ ਹੈ । ਅਸੀਂ ਅਰਦਾਸ ਵਿਚ ਤਾਂ ਨਿਤ ਸੁਣਦੇ ਪੜ੍ਹਦੇ ਹਾਂ ਕਿ ਕਿਵੇਂ ਸਾਡੇ ਬਜ਼ੁਰਗਾਂ ਨੇ ਧਰਮ ਪਿਛੇ ਜਾਨਾਂ ਵਾਰੀਆਂ, ਬੰਦ-ਬੰਦ ਕਟਵਾਏ, ਅਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਪਰ ਸਾਨੂੰ ਇਹ ਸਾਰੇ ਸਾਕੇ ਬੀਤੇ ਸਮੇਂ ਦੇ ਇਤਿਹਾਸ ਹੀ ਲਗਦੇ ਰਹੇ, ਸ਼ਹੀਦ ਸਾਡੇ ਲਈ ਕਾਫੀ ਦੂਰ-ਦੂਰ ਚਾਨਣ-ਮੁਨਾਰੇ ਸਨ, ਪਰ ਵਰਤਮਾਨ ਖ਼ੂਨੀ ਸਾਕੇ ਨੇ ਪਿਛਲੇ ਹੋਏ ਸ਼ਹੀਦਾਂ ਨੂੰ ਭੀ ਸਾਡੀ ਚੇਤਨ-ਸਤਾ ਵਿਚ ਜੀਉਂਦਾ ਕਰ ਦਿਤਾ ਹੈ ।

ਸ਼ਹੀਦਾਂ ਦੀਆਂ ਗੱਲਾਂ ਨਿਰਾਲੀਆਂ ਹੀ ਹੁੰਦੀਆਂ ਹਨ । ਉਹਨਾਂ ਨੂੰ "ਪੁਰਜ਼ਾ ਪੁਰਜ਼ਾ ਕਟਿ ਮਰੈ ਕਬਹੂ ਨ ਛਾਡੈ ਖੇਤੁ"* ਵਰਗੀਆਂ ਤੁਕਾਂ ਪੜ੍ਹ ਕੇ ਜਾਂ ਗਾ ਕੇ, ਜੋ ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸ ਦਾ ਅੰਦਾਜ਼ਾ ਉਹੀ ਲਗਾ ਸਕਦੇ ਹਨ । ਅਤੇ ਇਹੋ ਜਿਹੇ ਸਜਨ ਆਪਣੇ ਘਰ ਵਿਚ ਕਈ ਵਾਰੀ ਅਜੀਬ-ਅਜੀਬ ਬਚਨ ਕਰਦੇ ਸੁਣੇ ਜਾਂਦੇ ਹਨ । ਬੀਬੀ ਅਮਰਜੀਤ ਕੌਰ ਜੀ ਦਸਦੇ ਹਨ ਕਿ ਪਿਛਲੇ ਛੇ ਕੁ ਮਹੀਨਿਆਂ ਤੋਂ ਹੀ ਇਸ ਤਰ੍ਹਾਂ ਦੇ ਬਚਨ ਗਾਹੇ-ਬ-ਗਾਹੇ ਕਹਿੰਦੇ ਸਨ, "ਤੁਸੀਂ ਮੇਰੇ ਮਰੇ ਹੋਏ ਸਰੀਰ ਦੀ ਤਸਵੀਰ ਆਪਣੇ ਸਾਹਮਣੇ ਲਿਆਓ । ਕੀ ਤੁਸੀਂ ਬਰਦਾਸ਼ਤ ਕਰ ਲਓਗੇ ? ਤਕੜੇ ਹੋਵੋ, ਘਬਰਾਣਾ ਨਹੀਂ ।" ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ ਦੀ ਕਹਾਵਤ ਅਨੁਸਾਰ, ਬੀਬੀ ਜੀ ਨੂੰ ਇਹ ਪਤਾ ਹੀ ਸੀ ਕਿ ਇਹ ਇਕ ਸ਼ਹੀਦ ਰੂਹ ਹੈ ਅਤੇ ਇਸ ਨੇ ਕਿਸੇ ਨਾ ਕਿਸੇ ਦਿਨ ਗੁਰੂ ਪੰਥ ਉਤੋਂ ਕੁਰਬਾਨ ਹੋ ਜਾਣਾ ਹੈ ।

ਭਾਈ ਫੌਜਾ ਸਿੰਘ ਕਈ ਵਾਰੀ ਬੜੇ ਅਨਮੋਲ ਬਚਨ ਕਹਿ ਜਾਂਦੇ ਸਨ ਅਤੇ ਸੁਣਨ ਵਾਲਾ ਇਹ ਸੋਚਦਾ ਹੀ ਰਹਿੰਦਾ ਸੀ ਕਿ ਇਹ ਸਚਾਈਆਂ ਉਨ੍ਹਾਂ ਕਿਥੋਂ ਕਢ ਕੇ ਸੰਗਤਾਂ ਦੇ ਭੇਟਾ ਕੀਤੀਆਂ । ਉਹ ਕਹਿੰਦੇ ਹੁੰਦੇ ਸਨ ਕਿ ਲੋਭੀ ਜਾਂ ਖ਼ੁਦਗਰਜ਼ ਵਿਅਕਤੀ ਕਦੇ ਧਰਮੀ ਨਹੀਂ ਬਣ ਸਕਦਾ । ਧਰਮੀ ਬਣਨ ਲਈ ਸਤਿ, ਸੰਤੋਖ, ਅਤੇ ਰਜ਼ਾ ਵਿਚ ਰਹਿਣ ਦੀ ਲੋੜ ਪੈਂਦੀ ਹੈ । ਅਤੇ ਉਨ੍ਹਾਂ ਪਾਸ ਸਤਿ ਭੀ ਸੀ, ਨਾਮ ਅਭਿਆਸ ਭੀ ਸੀ, ਸੰਤੋਖ ਭੀ ਸੀ, ਜੋ ਮਿਲਿਆ ਸੋ ਸ਼ੁਕਰ ਕਰਕੇ ਛਕ ਲਿਆ, ਕਦੀ ਲਾਲਚ ਨਹੀਂ ਕੀਤਾ । ਅਤੇ ਨਿਰੰਕਾਰ ਦੇ ਭਾਣੇ ਵਿਚ ਮਸਤ ਰਹਿਣ ਵਾਲੀ ਮੂਰਤ ਸਨ ।

ਮੈਂ ਭਾਈ ਫੌਜਾ ਸਿੰਘ ਦੇ ਦਰਸ਼ਨ ਪਹਿਲੀ ਵਾਰ ੧੯੭੨ ਵਿਚ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕੀਤੇ । ਮੈਨੂੰ ਉਹ ਜਾਣਦੇ ਭੀ ਨਹੀਂ ਸਨ, ਪਰ ਫਤਹ ਬੁਲਾਉਣ ਤੋਂ ਬਾਅਦ ਐਸੇ ਘੁਲ ਮਿਲ ਗਏ, ਜਿਵੇਂ ਬਰਸਾਂ ਪੁਰਾਣੀ ਮਿਤ੍ਰਤਾ ਹੁੰਦੀ ਹੈ । ਬੜੇ ਪਿਆਰ ਨਾਲ ਦਰਬਾਰ ਸਾਹਿਬ ਦੇ ਲਾਗੇ ਆਪਣੇ ਬੁੰਗੇ ਲੈ ਗਏ । ਦੋ ਤਿੰਨ ਦਿਨ ਆਪਣੇ ਪਾਸ ਰਖਿਆ । ਇਸ ਪਹਿਲੀ ਮੁਲਾਕਾਤ ਵਿਚ ਹੀ ਮੇਰੇ ਪੁਛਣ

*ਮਾਰੂ ਸਲੋਕ ਕਬੀਰ, ਪੰਨਾ ੧੧੦੫

ਤੇ ਉਨ੍ਹਾਂ ਇਕ ਬੜੀ ਭੇਦ-ਭਰੀ ਗੱਲ ਮੇਰੇ ਨਾਲ ਸਾਂਝੀ ਕੀਤੀ, ਜਿਸ ਨੂੰ ਮੈਂ ਉਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ ਹੀ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਇਹ ਰਾਜ਼ ਜੱਥ ਦੇ ਥੋੜੇ ਹੀ ਸਿੰਘਾਂ ਪਾਸ ਉਨ੍ਹਾਂ ਦੀ ਅਮਾਨਤ ਸੀ, ਜਿਸ ਦਾ ਮੈਨੂੰ ਇਸ ਖੂਨੀ ਸਾਕੇ ਤੋਂ ਬਾਅਦ ਹੀ ਪਤਾ ਲਗਾ। ਉਨ੍ਹਾਂ ਦਸਿਆ ਕਿ ਉਹ ਪਿਛਲੇ ਜਨਮ ਵਿਚ ਬਾਬਾ ਦੀਪ ਸਿੰਘ ਜੀ ਦੇ ਜੱਥੇ ਵਿਚ ਸਨ ਅਤੇ ਉਨ੍ਹਾਂ ਲੋਹਗੜ੍ਹ ਲਾਗੇ ਸ਼ਹੀਦੀ ਪਾਈ ਸੀ। ਪਰਤੱਖ ਨੂੰ ਪਰਮਾਣ ਦੀ ਕੀ ਲੋੜ ? ਉਨ੍ਹਾਂ ਹੁਣ ਭੀ ਸ਼ਹੀਦੀ ਖਾਲਸੇ ਪੰਥ ਲਈ, ਗੁਰੂ ਘਰ ਦੀ ਆਨ-ਸ਼ਾਨ ਕਇਮ ਰਖਣ ਲਈ, ਸ੍ਰੀ ਅੰਮ੍ਰਿਤਸਰ ਦੀ ਪਵਿਤਰ ਧਰਤੀ ਤੇ ਲੋਹਗੜ੍ਹ ਦੇ ਲਾਗੇ ਹੀ ਪਾਈ ਹੈ। ਦੂਜੇ ਸ਼ਬਦਾਂ ਵਿਚ, ਜਿਵੇਂ ਅਸੀਂ ਕਹਿੰਦੇ ਹਾਂ ਕਿ ਪੂਰਬਲੇ ਕਰਮ ਸਾਡੇ ਨਾਲ ਹੀ ਤੁਰੇ ਰਹਿੰਦੇ ਹਨ, ਜਿਨ੍ਹਾਂ ਨੇ ਭਾਈ ਫੌਜਾ ਸਿੰਘ ਨੂੰ ਨੇੜਿਓਂ ਵੇਖਿਆ ਅਤੇ ਉਨ੍ਹਾਂ ਨਾਲ ਵਰਤਿਆ ਹੈ ਉਹ ਇਸ ਗੱਲ ਦਾ ਹੁੰਗਾਰਾ ਭਰਦੇ ਹਨ ਕਿ ਉਨ੍ਹਾਂ ਵਿਚ "ਮੁਹਿ ਮਰਨੇ ਕਾ ਚਾਉ ਹੈ"* ਦੀ ਸਪਿਰਿਟ ਕੁਟ-ਕੁਟ ਕੇ ਭਰੀ ਹੋਈ ਸੀ।

ਸ਼ੈਕਸਪੀਅਰ ਕਹਿੰਦਾ ਸੀ "ਨਾਂ ਵਿਚ ਕੀ ਪਿਆ ਹੈ ?" ਪਰ ਭਾਈ ਫੌਜਾ ਸਿੰਘ ਦਾ ਜੋ ਨਾਮ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ-ਨਾਮੇ ਅਨੁਸਾਰ ਮਾਪਿਆਂ ਨੇ ਰਖਿਆ ਸੀ, ਉਹ ਸੱਚ-ਮੁੱਚ ਹੀ ਉਸ ਦੇ ਅੰਦਰਲੇ ਦੀ ਹੂਬਹੂ ਤਸਵੀਰ ਸੀ। ਫੌਜਾ ਸਿੰਘ ਵਾਕਈ ਪਿਛਲੇ ਜਨਮ ਦਾ ਭੀ ਗੁਰੂ ਦੁਲਾਰਿਆਂ ਦੀ ਫੌਜ ਦਾ ਫੌਜੀ ਸੀ। ਅਤੇ ਕੁਰਬਾਨੀ ਦਾ ਜਜ਼ਬਾ ਉਨ੍ਹਾਂ ਨੇ ਇਸ ਜਨਮ ਤੋਂ ਨਹੀਂ ਸੀ ਲਿਆ, ਇਹ ਪਤਾ ਨਹੀਂ ਕਦੋਂ ਦਾ ਇਨ੍ਹਾਂ ਵਿਚ ਭਰਿਆ ਹੋਇਆ ਸੀ।

ਅਗਸਤ-ਸਤੰਬਰ ੧੯੭੭ ਵਿਚ (ਗੁਰਦਾਸਪੁਰ ਜੇਲ੍ਹ ਵਿਚ) ਉਨ੍ਹਾਂ ਨੇ "ਕੁਰਬਾਨੀ" ਦੇ ਸਿਰਲੇਖ ਹੇਠ ਇਕ ਕਵਿਤਾ ਲਿਖੀ ਹੈ। ਇਹ ਸ਼ਾਇਦ ਉਨ੍ਹਾਂ ਦੀ ਪਹਿਲੀ ਅਤੇ ਅੰਤਮ ਕਵਿਤਾ ਹੈ, ਕਿਉਂਕਿ ਜਿਥੋਂ ਤਕ ਦਾਸ ਦੀ ਜਾਣਕਾਰੀ ਹੈ, ਉਹ ਕਵੀ ਨਹੀਂ ਸਨ। ਪਰ ਹੇਠ ਲਿਖੀ ਕਵਿਤਾ ਤੋਂ ਉਨ੍ਹਾਂ ਦੇ ਮਨ ਦੇ ਉਬਾਲ, ਵਲਵਲੇ ਅਤੇ ਗੁਰੂ ਪੰਥ ਨਾਲ ਅਥਾਹ ਪਿਆਰ ਦੇ ਦਰਸ਼ਨ ਹੁੰਦੇ ਹਨ।

ਕੁਰਬਾਨੀ

ਤੇਰੀ ਅਮਰ ਸਿੱਖੀ ਨੂੰ ਸਤਿਗੁਰੂ, ਮਨ ਬਚਨ ਕ੍ਰਮ ਦੇ ਨਾਲ ਨਿਭਾ ਦਿਆਂਗੇ।
ਧਨ, ਧਾਮ, ਜਵਾਨੀ, ਜਾਇਦਾਦ ਸਭ ਕੁਝ, ਲੇਖੇ ਪੰਥ ਦੇ ਅਸੀਂ ਲਗਾ ਦਿਆਂਗੇ।
ਬਾਲ-ਬਿਵਸਥਾ ਤੋਂ ਦੇਹ ਸੰਭਾਲ ਰਖੀ, ਹੁਣ ਤਾਂ ਲੋੜ ਹੈ ਘੋਲ ਘੁਮਾ ਦਿਆਂਗੇ।
ਤੇਰੀ ਬਾਣੀ ਨੂੰ ਰਿਦੇ ਨਿਵਾਸ ਦੇ ਕੇ, ਅਵਗਨ ਆਪਣੇ ਸਾਰੇ ਗਵਾ ਦਿਆਂਗੇ।
ਜੇ ਤੂੰ ਮੇਹਰ ਰਖੀ, ਮਿਹਰਬਾਨ ਮੇਰੇ, ਬੰਦੋਂ ਬੰਦ ਭੀ ਅਸੀਂ ਕਟਾ ਦਿਆਂਗੇ।
ਤੇਰਾ ਨਾਮ ਨਿਧਾਨੀ ਸੋਹਣਾ ਨਿਸ਼ਾਨ ਸਾਹਿਬ, ਦਸੋ ਦਿਸ਼ਾਂ ਵਿਚ ਅਸੀਂ ਝੁਲਾ ਦਿਆਂਗੇ।

---

*ਸਲੋਕ ਕਬੀਰ ਜੀ, ਪੰਨਾ ੧੩੬੭

ਬੁੱਝ ਰਹੀ ਜੋਤ ਜੋ ਅਸਾਂ ਨੂੰ ਜਾਪਦੀ ਏ, ਖ਼ੂਨ ਆਪਣੇ ਨਾਲ ਜਗਾ ਦਿਆਂਗੇ।
ਮਨ ਕੀ ਮਤਿ ਨੂੰ ਮੇਟ ਕੇ ਮੇਰੇ ਦਾਤਾ, ਤੇਰੀ ਜੋਤ ਵਿਚ ਜੋਤ ਮਿਲਾ ਦਿਆਂਗੇ।
ਧੁਰੋਂ ਧੁਰੰਧਰੀ ਅਵਤਰੀ ਰੀਤ ਸੁੰਦਰ, ਰਾਹੂ ਕੇਤੂ ਨੂੰ ਰੋਕ ਚਮਨਾ ਦਿਆਂਗੇ।
ਮਿੱਟ ਰਹੇ ਨਿਸ਼ਾਨ ਜੋ ਧਰਮ ਵਾਲੇ, ਲੁਕ ਛੁਪ ਕੇ ਅਸੀਂ ਪ੍ਰਗਟਾ ਦਿਆਂਗੇ।
ਮਿਹਰ ਤੇਰੀ ਨਾਲ ਖਾਲਸਾ ਬੋਲਦਾ ਏ, ਆਵਾਜ਼ ਅੰਦਰਲੀ ਬਾਹਰ ਸੁਣਾ ਦਿਆਂਗੇ।
ਅੰਮ੍ਰਿਤ-ਰੂਪ ਸਿੱਖੀ ਹੈ ਅਮਰ ਕਰਦੀ, ਕੇਸਾਂ ਸੁਆਸਾਂ ਦੇ ਨਾਲ ਨਭਾ ਦਿਆਂਗੇ।
ਜਬ ਆਵ ਕੀ ਅਉਧ ਨਿਧਾਨ ਬਣਸੀ, ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।

ਇਹ ਕਵਿਤਾ ਸ਼ਹੀਦੀ ਪਾਉਣ ਤੋਂ ਕੇਵਲ ੭-੮ ਮਹੀਨੇ ਪਹਿਲਾਂ ਦੀ ਲਿਖੀ ਹੋਈ ਹੈ। ਇਸ ਵਿਚ ਦੋ ਚੀਜ਼ਾਂ ਬੜੀਆਂ ਉਘੜ ਕੇ ਸਾਹਮਣੇ ਆਉਂਦੀਆਂ ਹਨ। ਇਕ ਤਾਂ ਖਾਲਸੇ ਪੰਥ ਦੀ ਨਿਘਰਦੀ ਹੋਈ ਦਸ਼ਾ, "ਬੁਝ ਰਹੀ ਜੋਤਿ ਅਸਾਂ ਨੂੰ ਜਾਪਦੀ ਹੈ" ਰਾਹੀਂ ਵਲ ਪਰਤੱਖ ਸੰਕੇਤ ਹੈ। ਜਿਸ ਰੂਹ ਨੇ ਪਿਛਲੇ ਜਨਮ ਵਿਚ ਖਾਲਸੇ ਦੇ ਤੇਜਮਈ ਰੂਪ ਦੇ ਦਰਸ਼ਨ ਕੀਤੇ ਹੋਣ, ਅਤੇ ਉਸ ਦੇ ਉਸਰਦੇ ਮਹੱਲਾਂ ਨੂੰ ਆਪਣੇ ਖ਼ੂਨ ਦੇ ਗਾਰੇ ਨਾਲ ਉਸਾਰਿਆ ਹੋਵੇ, ਉਹ ਕਿੰਜ ਇਸ ਦਸ਼ਾ ਨੂੰ ਦੇਖ ਕੇ ਬਰਦਾਸ਼ਤ ਕਰ ਸਕਦੀ ਹੈ ? ਉਹਨਾਂ ਦਾ ਸਿਖੀ ਵਲਵਲਾ, ਪੰਥਕ ਦਰਦ ਚਿਰੰਕਾਲੀ ਸੀ। ਭਾਵੇਂ ਉਮਰ ਕਰ ਕੇ ਅਜੇ ੪੨ ਸਾਲ ਦੇ ਹੀ ਸਨ, ਪਰ ਖਾਲਸੇ ਪੰਥ ਦੀ ਸੇਵਾ ਚਿਰਾਂ ਤੋਂ ਕਰਦੇ ਆਏ ਹੋਣ ਕਰ ਕੇ, ਉਨ੍ਹਾਂ ਲਈ ਇਕਾ-ਦੁਕਾ ਘਟਨਾਵਾਂ, ਜੋ ਸ੍ਰੀ ਅੰਮ੍ਰਿਤਸਰ ਵਿਚ ਵਾਪਰੀਆਂ, ਬਰਦਾਸ਼ਤ ਤੋਂ ਬਾਹਰ ਸਨ । ਮਿਸ਼ਰੀ ਬਾਜ਼ਾਰ ਵਿਚ ੧੯੭੨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਅਪਮਾਨ ਕੀਤਾ ਗਿਆ ਸੀ, ਉਸ ਸਾਕੇ ਨੇ ਮਾਨੋਂ ਫੌਜਾ ਸਿੰਘ ਦੀ ਸਮੁਚੀ ਵਿਅੱਕਤੀ (Personality) ਨੂੰ ਫੜ ਕੇ ਹਲੂਣ ਸੁਟਿਆ ਸੀ। ਜਿਨ੍ਹਾਂ ਵੀਰਾਂ ਨੇ ਉਨ੍ਹਾਂ ਨੂੰ ਉਸ ਵੇਲੇ ਦੇਖਿਆ ਹੈ ਅਤੇ ਸ਼ਾਨਾ-ਬ-ਸ਼ਾਨਾ ਉਨ੍ਹਾਂ ਨਾਲ ਰਹੇ ਹਨ, ਉਹ ਦਸਦੇ ਸਨ, ਕਿ ਭਾਈ ਫੌਜਾ ਸਿੰਘ ਖੇਤੀ ਇਨਸਪੈਕਟਰ ਜਾਂ ਮਾਮੂਲੀ ਸਰਕਾਰੀ ਕਰਮਚਾਰੀ ਵਾਂਗ ਪੁਲਸ ਅਫਸਰਾਂ ਦੀਆਂ ਲੇਲ੍ਹੜੀਆਂ ਨਹੀਂ ਸੀ ਕਢਦੇ, ਬਲਕਿ ਮੌਕੇ ਦੇ ਸਰਕਾਰੀ ਕਰਮਚਾਰੀਆਂ ਤੋਂ ਨਿਆਂ ਅਤੇ ਹੱਕ ਦੀ ਮੰਗ ਵਜ-ਵਜਾ ਕੇ ਕਰ ਰਹੇ ਸਨ। ਦੋਸ਼ੀਆਂ ਨੂੰ ਪੁਲਸ ਭੀ ਹੱਥ ਪਾਉਣ ਤੋਂ ਡਰਦੀ ਸੀ, ਪਰ ਭਾਈ ਫੌਜਾ ਸਿੰਘ ਦੀ ਖਾਲਸਈ ਭਬਕ ਅਗੇ ਉਨ੍ਹਾਂ ਨੂੰ ਨਿਵਣਾ ਪਿਆ ਅਤੇ ਉਨ੍ਹਾਂ ਨੇ ਦੋਸ਼ੀਆਂ ਨੂੰ ਫੜ ਕੇ ਯੋਗ ਸਜ਼ਾਵਾਂ ਦਿਤੀਆਂ। ਪਰ ਉਨ੍ਹਾਂ ਨੂੰ ਅਫ਼ਸੋਸ ਇਹ ਸੀ ਕਿ ਸਾਡੇ ਪੰਥਕ ਜਥੇਦਾਰ ਅਤੇ ਆਗੂ ਇਸ ਡਰ ਤੋਂ ਮਾਮਲਾ ਹਸ਼ਅਪ ਕਰਨ ਦੇ ਜਤਨਾਂ ਵਿਚ ਰੁਝੇ ਹੋਏ ਸਨ ਕਿ ਕਿਤੇ ਹਿੰਦੂ ਸਿਖ ਫਸਾਦ ਨਾ ਖੜਾ ਹੋ ਜਾਏ ਅਤੇ ਇਹ ਹਊਆ ਸਾਡੇ ਅਜ ਦੇ ਲੀਡਰਾਂ ਲਈ ਭੀ ਬਣਿਆ ਹੋਇਆ ਹੈ, ਜਿਸ ਤੋਂ ਭਾਈ ਫੌਜਾ ਸਿੰਘ ਬੜੇ ਦੁਖੀ ਸਨ। ਇਹ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਸੀ ਕਿ ਕੋਈ ਸਜਣ ਸ੍ਰੀ ਗੁਰੂ ਗ੍ਰੰਥ ਸਾਹਿਬ

ਤ੍ਰਿਲੋਕੀ ਦੇ ਮਾਲਕ ਦਾ ਅਪਮਾਨ ਕਰੇ, ਅਤੇ ਸਿਖ ਨਿਪੁੰਸਕ ਬਣ ਕੇ ਵੇਖੀ ਜਾਣ। ਉਨ੍ਹਾਂ ਦੇ ਦਿਲੋ-ਦਿਮਾਗ਼ ਵਿਚ ਇਕੋ ਹੀ ਸਵਾਲ ਬਣਿਆ ਰਹਿੰਦਾ ਸੀ ਕਿ ਆਖ਼ਰ ਖ਼ਾਲਸੇ ਪੰਥ ਨੂੰ ਹੋ ਕੀ ਗਿਆ ਹੈ ?

ਇਹੀ ਪ੍ਰਸ਼ਨ ਹੋਰ ਭੀ ਪ੍ਰਚੰਡ ਰੂਪ ਵਿਚ ੧੭ ਅਕਤੂਬਰ ੧੯੭੫ ਨੂੰ ਸਾਹਮਣੇ ਆਣ ਖਲੋਤਾ। ਗੁਰਦਵਾਰਾ ਭਾਈ ਸਾਲ੍ਹੋ ਜੀ ਵਿਚ ਸਦਾ ਵਾਂਗ ਸੰਗਤਾਂ ਸੰਗਰਾਂਦ ਮਨਾ ਰਹੀਆਂ ਹਨ । ਲੰਗਰ ਸਜਾਏ ਯਾ ਰਹੇ ਹਨ । ਕੁਝ ਸ਼ਰਾਰਤੀ ਮਹੱਲੇਦਾਰਾਂ ਨੇ ਗੁੰਡੇ ਲਿਆ ਕੇ ਧਾਵਾ ਬੋਲ ਦਿਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇ-ਅਦਬੀ ਕੀਤੀ ਗਈ। ੧੯੭੨ ਤੋਂ ਪਿਛੋਂ ਸਿਖਾਂ ਦੇ ਹੈਡਕੁਆਰਟਰ ਸ੍ਰੀ ਅੰਮ੍ਰਿਤਸਰ ਵਿਖੇ ਇਹ ਦੂਜੀ ਦਰਦਨਾਕ ਅਤੇ ਸ਼ਰਮਨਾਕ ਘਟਨਾ ਸੀ, ਜਿਸਦਾ ਐਮਰਜੈਂਸੀ ਦੀ ਡਾਇਣ ਨੇ ਪੰਥ ਨੂੰ ਪਤਾ ਤਕ ਨਹੀਂ ਲਗਣ ਦਿਤਾ।

ਜਦੋਂ ਉਹ ਅਕਾਲ ਤਖ਼ਤ ਦੀਆਂ ਸੇਫ ਕੋਠੜੀਆਂ ਵਿਚੋਂ ਇਸ ਘੋਰ ਬੇਅਦਬੀ ਵੇਲੇ ਭੀ ਜਾਨ ਬਚਾਈ, ਲੁਕ ਕੇ ਬੈਠੇ ਰਹੇ ਅਤੇ ਨਗਰ ਦੀਆਂ ਸੰਗਤਾਂ ਦੀ ਜ਼ੋਰਦਾਰ ਮੰਗ ਦੇ ਬਾਵਜੂਦ ਭੀ ਕੁਝ ਕਰਨ ਤੋਂ ਕਤਰਾਂਦੇ ਦੇਖੇ ਤਾਂ ਉਹ ਖ਼ੁਦ ੧੦ ਕੁ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਕੇ ਮਹੱਲਾਂ ਦੀ ਸੁਰਖਿਅਤਾ ਤੇ ਅਦਬ ਸਤਿਕਾਰ ਲਈ ਨਿੱਤਰ ਪਏ। ਬਰਦਾਸ਼ਤ ਨਹੀਂ ਕੀਤਾ। ਉਦੋਂ ਭੀ ਆਪ ਨਾਲ ਦਸ ਹੀ ਸਿੰਘ ਕੈਦ ਹੋਏ ਸਨ ਅਤੇ ਹੁਣ ਵੀ ਦਸ ਹੀ ਸਿੰਘ ਸ਼ਹੀਦ ਹੋਏ ਹਨ—ਪੰਜ ਪੰਜ ਸਿੰਘਾਂ ਦੇ ਦੋ ਦਲ ਆਪ ਦੀ ਕਮਾਨ ਹੇਠ ਸਨ। ਇਸ ਰੋਸ ਪ੍ਰਗਟਾਵੇ ਦਾ ਅਸਰ ਇਹ ਹੋਇਆ ਹੈ ਕਿ ਸ਼ਹਿਰ ਦੇ ਸ਼ਰਾਰਤੀ ਅਨਸਰ ਨੂੰ ਇਹ ਪਤਾ ਲਗ ਗਿਆ ਕਿ ਬਕਰੀਆਂ ਵਿਚ ਸ਼ੇਰ ਤਾਂ ਇਕੋ ਹੀ ਬਥੇਰਾ ਹੁੰਦਾ ਹੈ। ਵੋਟਾਂ ਦੇ ਲਾਲਚੀ ਲੀਡਰ ਵੋਟਾਂ ਨੂੰ ਤਕੜ ਵਿਚ ਪਾ ਕੇ ਆਪਣੇ ਗੁਰੂ ਦੇ ਅਪਮਾਨ ਨੂੰ ਤੋਲਦੇ ਰਹੇ ਅਤੇ ਕੁਝ ਨਾ ਕੀਤਾ। ਅਡੋਲ ਰਹੇ, ਤਿਨ੍ਹਾਂ ਦੀਆਂ ਧੰਨ ਕਮਾਈਆਂ। ੧੯੭੫ ਦੇ 'ਦੂਜੇ ਬੇਅਦਬੀ ਸਾਕੇ' ਨਾਲ ਤਾਂ ਭਾਈ ਫੌਜਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਫਿਰ ਉਹ ਆਰਾਮ ਨਾਲ ਨਹੀਂ ਬੈਠੇ। ਜੇਲ੍ਹ ਤੋਂ ਰਿਹਾਈ ਦੇ ਬਾਅਦ ਆਪ ਇਸੇ ਮੁਕਦਮੇ ਦੇ ਦੌਰਾਨ ਮੁਅਤਲ ਕਰਮਚਾਰੀ ਹੋਣ ਕਰ ਕੇ ਆਜ਼ਾਦ ਸਨ। ਦਫਤਰ ਦੀ ਨਿਤ ਦੀ ਹਾਜ਼ਰੀ ਤਾਂ ਗੁਰੂ ਮਹਾਰਾਜ ਨੇ ਅਕਤੂਬਰ ੧੯੭੫ ਦੇ ਅੰਤਲੇ ਦਿਨਾਂ ਤੋਂ ਹੀ ਖਤਮ ਕਰ ਦਿਤੀ ਸੀ। ਮੁਅੱਤਲੀ ਭਤਾ ਉਨ੍ਹਾਂ ਨੂੰ ਘਰ ਬੈਠਿਆਂ ਮਿਲ ਜਾਂਦਾ ਸੀ, ਅਤੇ ਉਹ ਇਸ ਨੂੰ ਰੱਬੀ ਦੇਣ ਸਮਝਦੇ ਸਨ, ਜਿਸ ਬਾਰੇ ਉਹਨਾਂ ਨੇ ਜਨਵਰੀ ੧੯੭੮ ਵਿਚ ਹਸਦਿਆਂ ਕਿਹਾ ਸੀ ਕਿ ਸਤਿਗੁਰੂ ਜੀ ਸੇਵਾ ਆਪਣੀ ਲਈ ਜਾਂਦੇ ਹਨ, ਤੇ ਤਨਖ਼ਾਹ ਪੰਜਾਬ ਸਰਕਾਰ ਤੋਂ ਦਿਵਾਈ ਜਾਂਦੇ ਹਨ, ਇਹ ਉਸ ਮਾਲਕ ਦੇ ਨਿਰਾਲੇ ਚੋਜ ਹਨ।

ਖ਼ੈਰ ੧੯੭੫ ਤੇ ਉਪਰੋਕਤ ਸਾਕੇ ਤੋਂ ਬਾਅਦ ਭਾਈ ਫੌਜਾ ਸਿਘ ਨੇ ਇਕ

ਪ੍ਰੋਗਰਾਮ ਉਲੀਕਿਆ। ਉਨ੍ਹਾਂ ਨੇ ਕਵਿਤਾ ਵਿਚ ਭੀ ਜ਼ਿਕਰ ਕੀਤਾ ਹੈ ਕਿ ਖਾਲਸੇ ਅੰਦਰ ਜੋ ਜੋਤਿ ਬੁਝਦੀ ਜਾ ਰਹੀ ਹੈ, ਉਸ ਨੂੰ ਫਿਰ ਜਗਾ ਦਿਆਂਗੇ। ਵਾਕਈ ਉਨ੍ਹਾਂ ਨੂੰ ਦਿਸਦਾ ਪਿਆ ਸੀ ਕਿ ਸਿੱਖਾਂ ਅੰਦਰ ਮਾੜੀਆਂ ਵਾਦੀਆਂ ਪੱਤਰ-ਘੁਣੇ ਦੀਆਂ ਪੈ ਗਈਆਂ ਹਨ, ਇਹ ਘੁਣ ਵਾਂਗ ਖਾਲਸਾ ਪੰਥ ਨੂੰ ਖਾ ਰਹੀਆਂ ਹਨ। ਜੂਨ-ਜੁਲਾਈ ਵਿਚ ੧੦ ਦਿਨਾਂ ਦੀ ਵਹੀਰ ਨੇ ਗੁਰਦਾਸਪੁਰ ਦੇ ੧੦ ਪਿੰਡਾਂ ਵਿਚ ਧਰਮ ਪ੍ਰਚਾਰ ਦੀ ਸੇਵਾ ਕੀਤੀ। ਇਸ ਵਹੀਰ ਨਾਲ ਦਾਸ ਨੂੰ ਵੀ ਜਾਣ ਦਾ ਸੁਭਾਗ ਪ੍ਰਾਪਤ ਸੀ। ਭਾਈ ਫੌਜਾ ਸਿੰਘ ਦੇ ਮਨ ਉਤੇ ਇਕ ਬਹੁਤ ਹੀ ਮਾੜਾ ਪ੍ਰਭਾਵ, ਜੋ ਉਪਰੋਕਤ ਦੋਹਾਂ ਘਟਨਾਵਾਂ ਨੇ ਛਡਿਆ ਸੀ, ਉਹ ਇਹ ਸੀ ਕਿ ਸ਼ਹਿਰਾਂ ਦੇ ਸਿੱਖ, ਖਾਸ ਕਰ ਕੇ ਅੰਮ੍ਰਿਤਸਰ ਦੇ, ਕੁਰਬਾਨੀ ਦੇਣ ਵਾਲੇ ਸਿੱਖ ਨਹੀਂ ਹਨ। ਪਤਾ ਨਹੀਂ ਇਨ੍ਹਾਂ ਦੇ ਖ਼ੂਨ ਵਿਚੋਂ ਕੁਰਬਾਨੀ ਦਾ ਮਾਦਾ ਕਦੋਂ ਅਤੇ ਕਿਵੇਂ ਅਲੋਪ ਹੋ ਗਿਆ ਹੈ। ਇਸ ਲਈ ਉਹਨਾਂ ਨੇ ਪਿੰਡਾਂ ਵਲ ਮੂੰਹ ਕੀਤਾ ਕਿ ਸ਼ਾਇਦ ਸੁਤੀ ਪਈ ਕੌਮ, ਜੋ ਅਸਲ ਰੂਪ ਵਿਚ ਪਿੰਡਾਂ ਦੇ ਸਵੱਛ ਮਾਹੌਲ ਵਿਚ ਸੁਤੀ ਪਈ ਹੈ, ਨੂੰ ਹਲੂਣਾ ਦੇ ਕੇ ਜਗਾਇਆ ਜਾਵੇ। ਉਹਨਾਂ ਨੂੰ ਸਤਿਗੁਰਾਂ ਦਾ ਇਤਿਹਾਸ, ਗੁਰਬਾਣੀ ਦਾ ਕੀਰਤਨ ਸੁਣਾ ਕੇ ਅੰਮ੍ਰਿਤ ਛਕਾ ਕੇ ਮੁੜ ਸੁਰਜੀਤ ਕੀਤਾ ਜਾਏ। ਇਸ ਵਹੀਰ ਵਿਚ ਗਤਕੇ ਦੇ ਹੁਨਰ ਦਾ ਭੀ ਸੋਹਣਾ ਪ੍ਰਦਰਸ਼ਨ ਕੀਤਾ ਗਿਆ। ਰਾਤ ਦੇ ਦੀਵਾਨਾਂ ਵਿਚ ਕੀਰਤਨ ਤੋਂ ਬਾਅਦ ਪ੍ਰੇਰਨਾ ਕਰਦੇ ਸਨ। ਭਾਈ ਫੌਜਾ ਸਿੰਘ ਜੀ ਦੀ ਪ੍ਰੇਰਨਾ ਵਿਚ ਕੋਈ ਮਿਕਨਾਤੀਸੀ ਕਸ਼ਸ਼ ਸੀ, ਜਿਸਦਾ ਸੰਗਤਾਂ ਤੇ ਬਹੁਤ ਹੀ ਚੰਗਾ ਪ੍ਰਭਾਵ ਪੈਂਦਾ ਸੀ। ਇਸ ਕਿਸਮ ਦਾ ਇਕ ਸਮਾਗਮ ਮਾਰਚ ੧੯੭੭ ਵਿਚ ਭੀ ਪੰਦਰ੍ਹਾਂ ਦਿਨਾਂ ਦਾ ਪ੍ਰੋਗਰਾਮ ਖਾਲਸਾ ਫ਼ਾਰਮ ਤੇ ਰਖਿਆ ਗਿਆ, ਜਿਸ ਵਿਚ ਭਾਈ ਫੌਜਾ ਸਿੰਘ ਨੇ ਨੌਜਵਾਨ ਸਿੰਘਾਂ ਵਿਚ ਗਤਕੇ ਦੀ ਸਿਖਲਾਈ ਤੇ ਜ਼ੋਰ ਦਿਤਾ, ਸਿਖ ਪੰਥ ਦੀਆਂ ਅਜ ਦੀਆਂ ਸਮੱਸਿਆਵਾਂ ਦਸੀਆਂ। ਨਾਮ ਅਭਿਆਸ ਅਤੇ ਕੀਰਤਨ ਦੀ ਲਹਿਰ ਨੂੰ ਪ੍ਰਫੁਲਤ ਕੀਤਾ।

'ਕੁਰਬਾਨੀ' ਦੀ ਉਪਰੋਕਤ ਕਵਿਤਾ ਵਿਚ ਜਿਥੇ ਭਾਈ ਸਾਹਿਬ ਦਾ ਖਾਲਸਾ ਪੰਥ ਦੀ ਘੋਰ ਨਿੰਦ੍ਰਾ ਬਾਰੇ ਪੂਰਨ ਚੇਤੰਨਤਾ ਦਾ ਸੰਕੇਤ ਮਿਲਦਾ ਹੈ, ਉਥੇ ਇਹ ਚੇਤੰਨਤਾ ਸਾਡੇ ਵਰਗੇ ਬੁਧੀ-ਜੀਵੀਆਂ ਵਾਲੀ ਚੇਤੰਨਤਾ ਨਹੀਂ ਸੀ। ਉਹਨਾਂ ਤੋਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਥਾਂ ਘੋਰ ਨਿਰਾਦਰੀ ਬਰਦਾਸ਼ਤ ਨਹੀਂ ਸੀ ਹੁੰਦੀ। ਚੇਤੰਨਤਾ ਦੇ ਨਾਲ ਨਾਲ ਹੁਣ ਗੁਰੂ ਮਹਾਰਾਜ ਜੀ ਦੇ ਆਦਰ ਸਤਿਕਾਰ ਨੂੰ ਕਾਇਮ ਰਖਣ ਲਈ ਦੰਭੀ ਗੁਰੂਆਂ ਨਕਲੀ ਨਿਰੰਕਾਰੀਆਂ ਵਲੋਂ ਗੁਰੂ ਮਹਾਰਾਜ ਜੀ ਦੀ 'ਖੁਲ੍ਹਮ ਖੁਲ੍ਹੀ ਨਿੰਦਿਆ' ਉਨ੍ਹਾਂ ਤੋਂ ਬਰਦਾਸ਼ਤ ਨਹੀਂ ਸੀ ਹੁੰਦੀ। ਉਪਰੋਕਤ ਕਵਿਤਾ ਵਿਚ ਅੰਤਮ ਸਤਰਾਂ ਵਿਚ ਭਾਈ ਸਾਹਿਬ ਦੇ ਆਖ਼ਰੀ ਫ਼ੈਸਲੇ ਦੀ ਝਲਕ ਪੈਂਦੀ ਹੈ—"ਜਬ ਆਵ ਕੀ ਅਉਧ ਨਿਧਾਨ ਬਣਸੀ, ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।" ਅਤੇ ਅਪ੍ਰੈਲ

੧੯੭੮ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਦੇ ਜਲੂਸ ਅਤੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦਾ ਗੁਰੂ-ਨਿੰਦਾ-ਹਿਤ ਕੀਤੇ ਇਕੱਠ ਨੂੰ ਸ਼ਾਂਤਮਈ ਤਰੀਕੇ ਨਾਲ ੧੨੫ ਸਿੰਘਾਂ ਦੇ ਸੰਗ ਸਾਥ ਨੰਗੇ ਪੈਰੀਂ ਇਕ ਸ਼ਾਂਤਮਈ ਜਥੇ ਦੀ ਸ਼ਕਲ ਵਿਚ ਬਾਣੀ ਪੜ੍ਹ ਕੇ ਰੋਕਣ ਲਈ ਜਾ ਰਹੇ ਸਨ, ਕਿ ਉਧਰੋਂ ਨਿਹੱਥੇ ਸਿੰਘਾਂ ਨੂੰ ਨਕਲੀ ਨਿਰੰਕਾਰੀਆਂ ਦੀ ਫੌਜ ਨੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਅਤੇ ਭਾਈ ਸਾਹਿਬ ੧੨ ਹੋਰ ਸਿੰਘਾਂ ਸਮੇਤ ਸ਼ਹੀਦੀਆਂ ਪਾ ਗਏ, ੭੦-੭੫ ਸਿੰਘ ਜ਼ਖਮੀ ਹੋਏ। ਇਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ ਪੰਥ ਦੇ ਵਡੇ ਵਡੇ ਲੀਡਰਾਂ ਅਤੇ ਜਥੇਦਾਰਾਂ ਨੇ ਇਹ ਆਪਣੇ ਮੂਹੋਂ ਮੰਨਿਆ ਕਿ ਜਿਸ ਮਹਾਨ ਕੰਮ ਤੋਂ ਅਸੀਂ ਸਿਰ ਲੁਕਾਂਦੇ ਰਹੇ, ਉਸ ਲਈ ਭਾਈ ਫੌਜਾ ਸਿੰਘ ਅਤੇ ਹੋਰ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਨਾ ਕੇਵਲ ਪੰਥ ਨੂੰ ਹਲੂਣਿਆਂ ਹੈ, ਸਗੋਂ ਸਾਨੂੰ ਵੀ ਮਜਬੂਰ ਕਰ ਦਿਤਾ ਹੈ ਕਿ ਅਸੀਂ ਵੀ ਇਸ ਪਾਸੇ ਵਲ ਧਿਆਨ ਦੇਈਏ।

ਸ਼ਹੀਦ ਭਾਈ ਹਰਭਜਨ ਸਿੰਘ ਜੀ, ਭੱਟੀਆਂ

ਭਾਈ ਬਲਦੇਵ ਸਿੰਘ ਜੀ ਬੀ. ਏ., ਐਲ. ਐਲ. ਬੀ.

ਵੀਰ ਹਰਭਜਨ ਸਿੰਘ ਅੱਜ ਸਾਡੇ ਪਾਸ ਨਹੀਂ ਹਨ। ਉਹਨਾਂ ਦਾ ਛਾਨਣੀ ਛਾਨਣੀ ਹੋਇਆ ਮਿਰਤਕ ਸਰੀਰ ਇਕ ਦੋ ਦਿਨ ਤਾਂ ਸਾਡੇ ਪਾਸ ਰਿਹਾ ਅਤੇ ਆਖ਼ਿਰ ਅਸੀਂ ਉਸ ਨੂੰ ਕਿੰਨੀ ਕੁ ਦੇਰ ਆਪਣੇ ਪਾਸ ਰੱਖਣਾ ਸੀ। ਅੰਤ ਨੂੰ ਆਪਣੇ ਹੱਥੀਂ ਮੋਢਾ ਦੇ ਕੇ ਅੱਖਾਂ ਵਿਚ ਰੋਸ ਅਤੇ ਜੋਸ਼ ਦੇ ਹੰਝੂ ਵਹਾਂਦਿਆਂ ਹੋਇਆਂ ਸਾਨੂੰ ਉਹਨਾਂ ਦਾ ਸਸਕਾਰ ਕਰਨਾ ਹੀ ਪਿਆ।

ਉਹਨਾਂ ਦਾ ਤਨ ਮਨ ਧਨ ਤਾਂ ਲੇਖੇ ਲਗ ਹੀ ਗਿਆ ਏ, ਪਰ ਉਹਨਾਂ ਦੀਆਂ ਕੁਝ ਅਭੁੱਲ ਯਾਦਾਂ ਸਾਡੇ ਵਾਸਤੇ ਇਕ ਚਾਨਣ-ਮੁਨਾਰੇ ਦੀ ਨਿਆਈਂ ਹਨ। ਮੇਰੇ ਪਰਮ ਸਨੇਹੀ ਵੀਰ ਹਰਭਜਨ ਸਿੰਘ ਜੀ, ਜੋ ਕਿ ੧੩ ਅਪ੍ਰੈਲ ੧੯੭੮ ਦੇ ਖ਼ੂੰਖਾਰ ਸਾਕੇ ਵਿਚ ਸ਼ਹੀਦ ਹੋ ਗਏ ਹਨ, ਪੰਥ ਦੇ ਇਕ ਅਨਮੋਲ ਮੋਤੀ ਸਨ। ਉਹ ਇਕ ਸੱਚੇ ਅਤੇ ਸੁੱਚੇ ਹੀਰੇ ਦੀ ਨਿਆਈਂ ਜੀਵੇ ਅਤੇ ਜਦੋਂ ਉਹਨਾਂ ਦੀ ਗੁਰਮਤਿ ਕਸਵੱਟੀ ਤੇ ਪਰਖ ਹੋਈ ਤਾਂ ਦੂਣੀ ਚੋਣੀ ਚਮਕ ਦੇ ਕੇ ਆਪਣੇ ਸੱਚੇ ਅਤੇ ਸੁੱਚੇਪਨ ਦਾ ਸਬੂਤ ਦਿਤਾ।

ਇਸ ਮਰਜੀਵੜੇ ਦਾ ਜਨਮ ਇਕ ਵਾਹੀ-ਜੋਤੀ ਕਰਨ ਵਾਲੇ ਪਰਿਵਾਰ, ਪਿੰਡ ਭੱਟੀਆਂ ਜ਼ਿਲਾ ਗੁਰਦਾਸਪੁਰ ਵਿਚ ੧੭ ਵੈਸਾਖ (ਅਪ੍ਰੈਲ) ੧੯੪੭ ਈ: ਨੂੰ ਹੋਇਆ। ਆਪ ਦੇ ਪਿਤਾ ਸ: ਜਗਤ ਸਿੰਘ ਜੀ ਬਹੁਤ ਗੁਰਮੁਖ ਹਨ। ਸੰਨ ੧੯੨੩-੨੪ ਤੋਂ

ਲੈ ਕੇ ਅੱਜ ਤਕ ਤਿਆਰ-ਬਰ-ਤਿਆਰ ਖ਼ਾਲਸੇ ਹਨ। ਉਹ ਬਹੁਤ ਉਘੇ ਅਤੇ ਪੁਰਾਣੇ ਅਕਾਲੀ ਵਰਕਰ ਹਨ। ਖ਼ਾਸ ਕਰਕੇ ਭੱਟੀਆਂ ਵਰਗੇ ਪਿੰਡ ਵਿਚ, ਜਿਥੇ ਕਿ ਆਮ ਲੋਕ ਕਮਿਊਨਿਸਟ ਖ਼ਿਆਲਾਂ ਦੇ ਹਨ, ਇਸ ਦੇ ਬਾਵਜੂਦ ਵੀ ਭਾਈ ਜਗਤ ਸਿੰਘ ਜੀ ਆਪਣੇ ਕੱਟੜ ਖ਼ਿਆਲਾਂ ਵਿਚ ਅਟੰਕ ਵਿਚਰਦੇ ਹਨ। ਹਰਭਜਨ ਸਿੰਘ ਦੀ ਸ਼ਹੀਦੀ ਬਾਰੇ ਦਾਸ ਉਹਨਾਂ ਨਾਲ ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਉਹਨਾਂ ਦੀਆਂ ਅੱਖਾਂ ਵਿਚ ਅਲੌਕਿਕ ਚਮਕ ਹੁੰਦੀ ਹੈ ਅਤੇ ਆਪਣੇ ਜੋਸ਼ੀਲੇ ਨੇਤਰਾਂ ਨੂੰ ਉਪਰ ਚੁਕ ਕੇ ਬੜੇ ਹੀ ਠੰਡੇ ਮਿਜ਼ਾਜ ਨਾਲ ਇਉਂ ਕਹਿੰਦੇ ਹਨ ਕਿ ਮੇਰਾ ਪੁੱਤਰ ੩੧ ਸਾਲ ਦੀ ਨਿੱਕੀ ਜਿੰਨੀ ਉਮਰ ਵਿਚ ਬਹੁਤ ਕੁਝ ਕਰਕੇ ਦਿਖਾ ਗਿਆ ਅਤੇ ਸਾਡੇ ਤੋਂ ਬਹੁਤ ਅੱਗੇ ਨਿਕਲ ਗਿਆ ਏ। ਉਹ ਇਹ ਵੀ ਬੜੀ ਨਿਮਰਤਾ ਸਹਿਤ ਕਹਿ ਦਿਆ ਕਰਦੇ ਹਨ ਕਿ ਮੈਨੂੰ ਬੜਾ ਮਾਣ ਹੈ, ਮੇਰਾ ਪੁੱਤਰ ਗੁਰੂ ਪੰਥ ਖ਼ਾਲਸੇ ਦੀ ਸ਼ਾਨ ਨੂੰ ਕਾਇਮ ਰੱਖਣ ਵਾਸਤੇ ਅਤੇ ਗੁਰੂ ਸਾਹਿਬਾਂ ਦੀ ਨਿੰਦਾ ਨੂੰ ਨਾ ਸਹਾਰਦਾ ਹੋਇਆ ਸ਼ਹੀਦੀ ਪਾ ਗਿਆ ਏ।

ਭਾਈ ਹਰਭਜਨ ਸਿੰਘ ਦੇ ਮਾਤਾ ਜੀ ਵੀ ਅੰਮ੍ਰਿਤਧਾਰੀ ਬੀਬੀ ਜੀ ਹਨ। ਪੁੱਤਰ ਦੀ ਸ਼ਹੀਦੀ ਤੇ ਉਹਨਾਂ ਨੇ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ, ਜਿਵੇਂ ਕਿ ਗੁਰੂ ਸਾਹਿਬ ਦਾ ਹੁਕਮ ਹੈ—

"ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥"

ਪਰ ਅੱਖਾਂ ਵਿਚੋਂ ਇਕ ਅੱਥਰ ਤਕ ਨਹੀਂ ਕੇਰੀ। ਬਲਕਿ ਜੇ ਕੋਈ ਹੋਰ ਰੋਂਦਾ ਰਿਹਾ ਤਾਂ ਉਸ ਨੂੰ ਰੋਣ ਤੋਂ ਬੰਦ ਹੋਣ ਵਾਸਤੇ ਕਹਿੰਦੇ ਰਹੇ। ਆਪ ਦੇ ਮਾਤਾ ਹਰਬੰਸ ਕੌਰ ਜੀ ਬਹੁਤ ਧੀਮੇ ਅਤੇ ਨੇਕ ਸੁਭਾਅ ਦੇ ਹਨ। ਉਹਨਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਪਈ ਏ ਅਤੇ ਘਰ ਵਿਚ ਵਿਚਰਦਿਆਂ ਕਦੀ ਵੀ ਕਿਸੇ ਨਾਲ ਉੱਚੀ ਨਹੀਂ ਬੋਲਦੇ। ਹਰਭਜਨ ਸਿੰਘ ਨੂੰ ਇਹ ਸਭ ਕੁਝ ਜੋ ਪ੍ਰਾਪਤ ਹੋਇਆ, ਇਹ ਬਹੁਤ ਕੁਝ, ਉਸ ਦੇ ਗੁਰਮੁਖ ਮਾਤਾ ਪਿਤਾ ਦੀ ਦੇਣ ਹੈ।

ਹਰਭਜਨ ਸਿੰਘ ਜੀ ਆਪਣੇ ਪਿਛੇ ਪਤਨੀ ਜੋਗਿੰਦਰ ਕੌਰ ਜੀ, ਜੋ ਕਿ ਕੇਸਕੀ ਸਹਿਤ ਤਿਆਰ-ਬਰ-ਤਿਆਰ ਹਨ ਅਤੇ ਤਿੰਨ ਬੱਚੇ : ਬਲਜਿੰਦਰ ਸਿੰਘ ੧੧ ਸਾਲ, ਕੁਲਵੰਤ ਕੌਰ ੮ ਸਾਲ ਅਤੇ ਕਾਕਾ ਬਲਕਾਰ ਸਿੰਘ ੮ ਮਹੀਨੇ, ਛੱਡ ਗਏ ਹਨ। ਆਪ ਜੀ ਦੀ ਸਿੰਘਣੀ ਵੀ ਭਾਣੇ ਵਿਚ ਵਿਚਰਦੇ ਹੋਏ ਜਿਉਂ ਦੇ ਤਿਉਂ ਚੜ੍ਹਦੀਆਂ ਕਲਾਂ ਵਿਚ ਹਨ। ਤਿੰਨਾਂ ਬੱਚਿਆਂ ਦੀ ਵੀ ਰਹਿਤ ਬਹਿਤ ਦਾ ਪੂਰਾ ਖ਼ਿਆਲ ਰੱਖਦੇ ਹਨ। ਇਹਨਾਂ ਬੱਚਿਆਂ ਵਲ ਦੇਖ ਕੇ ਮਨ ਬਹੁਤ ਖਿੜਦਾ ਹੈ, ਜਦੋਂ ਕਿ ਤਿੰਨਾਂ ਬੱਚਿਆਂ ਦੇ ਕੇਸਾਂ ਤੇ ਕੇਸਕੀ, ਗਲ ਵਿਚ ਕਿਰਪਾਨਾਂ, ਤੇੜ ਕਛਹਿਰੇ, ਹੱਥਾਂ ਵਿਚ ਕੜੇ ਸੁਸ਼ੋਭਤ ਨਜ਼ਰੀ ਆਂਵਦੇ ਹਨ। ਗੁਰੂ ਵਾਹਿਗੁਰੂ ਪਿਤਾ, ਭੈਣ ਜੋਗਿੰਦਰ ਕੌਰ ਜੀ

ਹੋਰਾਂ ਨੂੰ ਹੋਰ ਵੀ ਭਾਣੇ ਵਿਚ ਵਿਚਰਨ ਦੀ ਸਾਮਰੱਥਾ ਬਖ਼ਸ਼ਣ ਅਤੇ ਪਤੀ ਜੀ ਦੇ ਸਦੀਵੀ ਵਿਛੋੜੇ ਨੂੰ ਅੰਦਰੇ ਅੰਦਰ ਹੀ ਜਰਨ ਦਾ ਬਲ ਬਖ਼ਸ਼ਣ। ਹਰਭਜਨ ਸਿੰਘ ਜੀ ਕਦੀ ਉਹਨਾਂ ਪਾਸੋਂ ਦੂਰ ਨਹੀਂ ਹਨ, ਉਹ ਸਦਾ ਹੀ ਉਹਨਾਂ ਦੇ ਅੰਗ ਸੰਗ ਹਨ।

ਹਰਭਜਨ ਸਿੰਘ ਜੀ ਦੇ ਤਿੰਨ ਭਾਈ ਹਨ—ਸਰਦਾਰ ਨਿਰੰਜਨ ਸਿੰਘ, ਜੋ ਕਿ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਹਨ; ਸ: ਗੁਰਮੀਤ ਸਿੰਘ ਜੋ ਕਿ ਬੀ. ਐਸ. ਐਫ. ਵਿਚ ਭਰਤੀ ਹਨ ਅਤੇ ਸ: ਹਰਦੇਵ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ। ਆਪ ਦੀਆਂ ਦੋ ਭੈਣਾਂ ਵੀ ਹਨ, ਜਿਹੜੀਆਂ ਆਪਣੇ ਆਪਣੇ ਘਰਿ ਸੁਖੀ ਜੀਵਨ ਬਤੀਤ ਕਰ ਰਹੀਆਂ ਹਨ।

ਆਪਣੇ ਸਾਰੇ ਭੈਣ-ਭਰਾਵਾਂ ਵਿਚ ਸਿਰਫ਼ ਆਪ ਹੀ ਅੰਮ੍ਰਿਤਧਾਰੀ ਸਨ। ਪਰ ਉਹ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਲਗਾਤਾਰ ਅੰਮ੍ਰਿਤ ਪਾਨ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਸਾਨੂੰ ਇਹ ਆਸ ਹੈ ਕਿ ਹੁਣ ਸ਼ਹੀਦ ਹਰਭਜਨ ਸਿੰਘ ਦੀ ਸ਼ਹਾਦਤ ਪੂਰੇ ਪਰੀਵਾਰ ਨੂੰ ਕੀ, ਪੂਰੇ ਗੁਰਦਾਸਪੁਰ ਜ਼ਿਲੇ ਨੂੰ ਗੁਰਸਿਖੀ ਰੰਗਣ ਵਿਚ ਰੰਗ ਦਏਗੀ। ਆਪ ਦੇ ਸਾਰੇ ਭੈਣ ਭਰਾ ਬਹੁਤ ਨੇਕ, ਪੜ੍ਹੇ ਲਿਖੇ ਅਤੇ ਰੱਬ ਦਾ ਭਉ ਰੱਖ ਕੇ ਜੀਉਣ ਵਾਲੇ ਹਨ।

ਭਾਈ ਹਰਭਜਨ ਸਿੰਘ ਨੇ ਆਪਣੀ ਮੁਢਲੀ ਵਿਦਿਆ ਪਿੰਡ ਭੱਟੀਆਂ ਵਿਖੇ ਅਤੇ ਦਸਵੀਂ ਤਕ ਦੀ ਪੜ੍ਹਾਈ ਸਰਕਾਰੀ ਸਕੂਲ ਕਾਨੂੰਵਾਨ ਛੰਭ ਵਿਖੇ ਸੰਪੂਰਨ ਕੀਤੀ। ਆਪ ਪੜ੍ਹਾਈ ਵਿਚ ਬਹੁਤ ਲਾਇਕ ਸਨ। ਇਹੀ ਕਾਰਨ ਸੀ ਕਿ ਉਹ ਪਹਿਲੀ ਤੋਂ ਲੈ ਕੇ ਦਸਵੀਂ ਤਕ ਕਦੀ ਫ਼ੇਲ੍ਹ ਨਹੀਂ ਸਨ ਹੋਏ। ਮੈਟ੍ਰਿਕ ਤੋਂ ਬਾਅਦ ਕੁਝ ਦੇਰ ਆਪ ਜੀ ਨੇ ਕਾਲਜ ਵਿਚ ਪੜ੍ਹਾਈ ਅਰੰਭ ਕੀਤੀ, ਪਰ ਪੜ੍ਹਾਈ ਵਿਚੇ ਹੀ ਛੱਡ ਕੇ ਲੁਧਿਆਣੇ ਯੂਨੀਵਰਸਿਟੀ ਵਿਚ ਐਗੀਰੀਕਲਚਰ ਦਾ ਕੋਰਸ ਕਰਨ ਲਈ ਦਾਖ਼ਲ ਹੋ ਗਏ। ਕੋਰਸ ਕਰਨ ਤੋਂ ਕੁਝ ਕੁ ਦੇਰ ਬਾਅਦ ਆਪ ਇੰਸਪੈਕਟਰ ਦੇ ਤੌਰ ਤੇ ਕੰਮ ਕਰਨ ਲਗ ਪਏ ਅਤੇ ਇਸ ਸਮੇਂ ਆਪ ਸ੍ਰੀ ਹਰਗੋਬਿੰਦਪੁਰ ਬਲਾਕ ਵਿਚ ਕੰਮ ਕਰ ਰਹੇ ਸਨ। ਆਪ ਦੀ ਨੌਕਰੀ ਦਾ ਸਥਾਨ ਕਾਦੀਆਂ ਜ਼ਿਲਾ ਗੁਰਦਾਸਪੁਰ ਸੀ। ਆਪ ਨੇ ਨੌਕਰੀ ਵਿਚ ਵੀ ਬਹੁਤ ਹੀ ਨੇਕ-ਦਿਲੀ ਤੋਂ ਕੰਮ ਲਿਆ ਅਤੇ ਜਿਥੇ ਵੀ ਜਾ ਕੇ ਅਸੀਂ ਆਪ ਜੀ ਦੇ ਬਾਰੇ ਵਿਚ ਗਲਬਾਤ ਕੀਤੀ ਤਾਂ ਉਹਨਾਂ ਨੇ ਬਹੁਤ ਹੀ ਡੂੰਘਾ ਸਦਮਾ ਮਹਿਸੂਸ ਕੀਤਾ।

ਪਹਿਲੇ ਜੀਵਨ ਵਿਚ ਆਪ ਬਹੁਤ ਹੀ ਸ਼ੌਕੀਨ ਸੁਭਾ ਦੇ ਸਨ। ਨੈਕਟਾਈ, ਪੈਂਟ, ਕੋਟ, ਬੁਸ਼ਰਟ ਆਦਿ ਪਹਿਨ ਕੇ ਅਪ-ਟੂ-ਡੇਟ ਰਹਿੰਦੇ ਸਨ। ਅੱਜ ਤੋਂ ਤਿੰਨ ਕੁ ਸਾਲ ਪਹਿਲਾਂ ਆਪ ਜੀ ਨੇ ਬਟਾਲੇ ਦੇ ਗੁਰੂ ਨਾਨਕ ਦੇਵ ਜੀ ਵਿਆਹ ਪੂਰਬ ਜੋੜ ਮੇਲੇ ਸਮੇਂ ਅਖੰਡ ਕੀਰਤਨ ਜਥੇ ਦੇ ਸਮਾਗਮਾਂ ਤੇ ਪੂਰੇ ਪਰਿਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਅੰਮ੍ਰਿਤ ਪਾਨ ਕਰਨ ਤੋਂ ਬਾਅਦ ਕੁਝ ਦੇਰ ਤਾਂ ਆਪ ਪੈਂਟਾਂ ਬੁਸ਼ਰਟਾਂ

ਦੇ ਚੱਕਰ ਵਿਚ ਮਸਤ ਰਹੇ, ਪਰ ਇਕ ਦਿਨ ਇਕ ਘਟਨਾ ਅਜਿਹੀ ਵਾਪਰੀ ਜੋ ਕਿ ਹਰਭਜਨ ਸਿੰਘ ਜੀ ਦਾ ਜੀਵਨ ਪਲਟਾ ਗਈ। ਉਹ ਘਟਨਾ ਇਵੇਂ ਹੈ ਕਿ ਆਪ ਆਪਣੇ ਪਿੰਡ ਦੇ ਬਸ ਅੱਡਾ ਤੁਗਲ ਵਾਲੇ ਤੋਂ ਮਹਿਤੇ ਨੂੰ ਜਾਣ ਵਾਲੀ ਬੱਸ ਵਿਚ ਸਫ਼ਰ ਕਰ ਰਹੇ ਸਨ ਕਿ ਇਕ ਨੌਜਵਾਨ ਔਰਤ ਨੇ ਆਪ ਜੀ ਦੇ ਪੈਰ ਤੇ ਪੈਰ ਰੱਖ ਕੇ ਦਬਾਇਆ। ਆਪ ਬੱਸ ਵਿਚ ਸ਼ਾਂਤ ਬੈਠੇ ਰਹੇ, ਪਰ ਜਦੋਂ ਬੱਸ ਵਿਚੋਂ ਬਾਹਰ ਨਿਕਲੇ ਤਾਂ ਉਹਨਾਂ ਨੇ ਆਪਣੇ ਮੂੰਹ ਤੇ ਲਗਾਤਾਰ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਆਪਣੇ ਮਨ ਨੂੰ ਇਉਂ ਫਿਟਕਾਰਾਂ ਪਾਈਆਂ ਕਿ "ਕੁਤਿਆ, ਜੇ ਤੂੰ ਪੈਂਟ ਬੁਸ਼ਰਟ ਨਾ ਪਾਈ ਹੁੰਦੀ, ਨਾ ਟਾਈ ਲਾਈ ਹੁੰਦੀ ਅਤੇ ਨਾ ਹੀ ਘੋਟਵੀਂ ਪੱਗ ਬੰਨ੍ਹੀ ਹੁੰਦੀ ਤਾਂ ਉਹ ਬਦਚਲਨ ਔਰਤ ਕਦੀ ਵੀ ਅਜਿਹੀ ਖਰਮਸਤੀ ਕਰਨ ਦੀ ਜੁਰਅਤ ਨਾ ਕਰਦੀ।" ਬਸ ਉਹ ਦਿਨ ਜਾਏ, ਭਾਈ ਹਰਭਜਨ ਸਿੰਘ ਜੀ ਨੇ ਗੁਰਮੁਖੀ ਬਾਣੀ "ਸੀਸ ਤੇ ਦੁਮਾਲੜਾ ਅਤੇ ਨੀਲਾ ਚੋਲਾ" ਪਾਉਣਾ ਅਰੰਭ ਕਰ ਦਿਤਾ ਅਤੇ ਉਸ ਦਿਨ ਤੋਂ ਬਾਅਦ ਆਪ ਜੀ ਨੀਲੇ ਬਾਣੇ ਅਤੇ ਦੁਮਾਲੜੇ ਨਾਲ ਹੀ ਵਿਚਰਦੇ ਰਹੇ। ਆਪ ਨੂੰ ਇਹ ਬਾਣਾ ਇਤਨਾ ਸੱਜਦਾ ਸੀ ਕਿ ਪ੍ਰਕਾਸ਼ਮਾਨ ਚਾੜ੍ਹੇ ਵਿਚ ਆਪ ਦੇ ਚੇਹਰੇ ਦੀ ਚਮਕ ਡੁਲ੍ਹ ਡੁਲ੍ਹ ਪੈਂਦੀ ਸੀ। ਲਾਲ ਸੁਰਖ਼ ਚੇਹਰਾ, ਅੱਖਾਂ ਵਿਚ ਕੋਈ ਅਲੌਕਿਕ ਚਮਕ ਅਤੇ ਹਰ ਵਕਤ ਚੜ੍ਹਦੀ ਕਲਾ ਵਿਚ ਹੀ ਵਿਚਰਦੇ ਸਨ।

ਆਪ ਦੇ ਹਸੂੰ ਹਸੂੰ ਕਰਦੇ ਚਿਹਰੇ ਤੇ ਕਦੀ ਵੀ ਤਿਊੜੀ ਪਈ ਹੋਈ ਨਜ਼ਰ ਨਹੀਂ ਸੀ ਆਈ। ਗੁਰਮਤਿ ਦੇ ਬਹੁਤ ਵੱਡੇ ਰਸੀਏ ਸਨ। ਆਪ ਸੱਚੀ ਗੱਲ ਅਗਲੇ ਦੇ ਮੂੰਹ ਤੇ ਕਹਿ ਦੇਣ ਦੀ ਜੁਰਅਤ ਦੇ ਮਾਲਕ ਸਨ। ਗੁਰਮਤਿ ਤੋਂ ਹੋਲੀ ਗੱਲ ਦੇ ਉਹ ਕਦੀ ਵੀ ਹਾਮੀ ਨਹੀਂ ਸਨ ਬਣਦੇ। ਜਿਸ ਦਿਨ ਤੋਂ ਅੰਮ੍ਰਿਤ ਪਾਨ ਕੀਤਾ ਸੀ, ਉਸ ਦਿਨ ਤੋਂ ਹੀ ਆਪ ਪੂਰਨ ਬਿਬੇਕੀ ਸਨ। ਇਥੋਂ ਤਕ ਸਮੁੰਦਰ (ਦੁੱਧ) ਵੀ ਅੰਮ੍ਰਿਤਧਾਰੀ ਬੀਬੀ ਦੇ ਹੱਥ ਦਾ ਚੋਇਆ ਹੀ ਛਕਦੇ ਸਨ।

ਕੁਝ ਦੇਰ ਆਪ ਜੀ ਨੂੰ ਹਸਪਤਾਲ ਵਿਚ ਦਾਖ਼ਲ ਰਹਿਣਾ ਪਿਆ, ਪਰ ਆਪ ਜੀ ਡਾਕਟਰਾਂ ਪਾਸੋਂ ਆਪਣੇ ਰੋਮਾਂ ਦੀ ਬੇਅਦਬੀ ਕਰਾਉਣ ਤੋਂ ਨਾਂਹ ਕਰ ਦਿਤੀ, ਅਤੇ ਆਪਣੇ ਜੀਵਨ ਦੀ ਡੋਰੀ ਅਕਾਲ ਪੁਰਖ ਤੇ ਸੁਟ ਦਿਤੀ। ਪਰ ਗੁਰੂ ਸਾਹਿਬ ਨੇ ਗੁਰਦੇ ਵਿਚ ਲਗੀ ਹੋਈ ਸੱਟ ਦਾ ਜਲਦੀ ਆਰਾਮ ਬਖ਼ਸ਼ ਦਿਤਾ ਅਤੇ ਥੋੜੀ ਦੇਰ ਵਿਚ ਨੌਂ-ਬਰ-ਨੌਂ ਹੋ ਗਏ।

ਗੁਰੂ ਸਾਹਿਬਾਂ ਦੇ ਹੁਕਮ ਅਨੁਸਾਰ ਆਪ ਪਿਛਲੀ ਰਾਤ ਉਠ ਬੈਠਦੇ ਸਨ ਅਤੇ ਨਾਮ ਅਭਿਆਸ ਦੀਆਂ ਉੱਚੀ ਉੱਚੀ ਗੂੰਜਾਂ ਪਾਉਂਦੇ ਸਨ। ਅਤੁਟ ਨਾਮ ਅਭਿਆਸ ਕਮਾਈ ਤੋਂ ਬਾਅਦ ਆਪ ਜੀ ਜਪੁ, ਜਾਪ, ਸੁਧਾ ਸਵਯੇ, ਚੌਪਈ ਅਤੇ ਅਨੰਦ ਸਾਹਿਬ ਪੂਰੇ ਦਾ ਪਾਠ ਕਰਦੇ ਸਨ। ਜਿਸ ਦਿਨ ਛੁੱਟੀ ਆਦਿ ਹੁੰਦੀ ਸੀ ਜਾਂ ਆਪ ਜੀ ਪਾਸ ਵਕਤ ਹੁੰਦਾ ਸੀ ਤਾਂ ਆਪ ਆਸਾ ਦੀ ਵਾਰ, ਸੁਖਮਨੀ ਸਾਹਿਬ, ਸ਼ਬਦ ਹਜ਼ਾਰੇ ਪਾ: ੧੦,

ਸ਼ਬਦ ਹਜ਼ਾਰੇ ਪਾਤਸ਼ਾਹੀ ਪ' ਦਾ ਵੀ ਪਾਠ ਕਰਦੇ ਸਨ। ਨਿਤਨੇਮ ਕਰਨ ਤੋਂ ਬਾਅਦ ਗੁਰੂ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਕੇ ਫਿਰ ਮੂੰਹ ਜੁਠਾਲਦੇ ਸਨ। ਇਸ਼ਨਾਨ ਕਰਨ ਲੱਗਿਆਂ ਇਹ ਸ਼ਬਦ ਪੜ੍ਹਿਆ ਕਰਦੇ ਸਨ, "ਰਾਮਦਾਸ ਸਰੋਵਰਿ ਨਾਤੇ ॥ ਸਭ ਉਤਰੇ ਪਾਪ ਕਮਾਤੇ"* ਅਤੇ ਨਲਕੇ ਦੀ ਹੱਥੀ ਨੂੰ ਹੇਠਾਂ ਉਤਾਂਹ ਹੋਣ ਦੀ ਆਵਾਜ਼ ਨਾਲ ਇਕ ਮਿਕ ਹੋ ਕੇ ਨਾਮ ਦੇ ਖੰਡੇ ਖੜਕਾਇਆ ਕਰਦੇ ਸਨ।

ਆਪ ਕੀਰਤਨ ਕਰਨ ਅਤੇ ਸੁਣਨ ਦੇ ਬਹੁਤ ਵੱਡੇ ਰਸੀਏ ਸਨ। ਪੂਰੀ ਪੂਰੀ ਰਾਤ ਅਟੰਕ ਜੁੜ ਕੇ ਬੈਠਣਾ, ਕੀਰਤਨੀਏ ਸਿੰਘਾਂ ਨਾਲ ਬੋਲਣਾ ਅਤੇ ਨਾਮ ਅਭਿਆਸ ਕਰਦੇ ਰਹਿਣਾ ਆਪ ਦਾ ਸਤੋਗੁਣੀ ਕਰਤਵ ਸੀ। ਆਪ ਬੜੀਆਂ ਹੀ ਮਿਠੀਆਂ ਸੁਰਾਂ ਨਾਲ ਆਪ ਇਹ ਦੋ ਸ਼ਬਦ ਗਾਇਨ ਕਰਿਆ ਕਰਦੇ ਸਨ—"ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥* ਅਤੇ "ਲਾਖ ਜਿਹਬਾ ਦੇਹੁ ਮੇਰੇ ਪਿਆਰੇ ॥"* ਅਤੇ ਕੋਈ ਵੀ ਸ਼ਬਦ ਬਗ਼ੈਰ ਕੰਠ ਕੀਤੇ ਤੋਂ ਨਹੀਂ ਪੜ੍ਹਦੇ ਸਨ। ਆਮ ਕਰਕੇ ਇਹ ਸ਼ਬਦ ਪੰਚਮ ਦੀਆਂ ਸੁਰਾਂ ਵਿਚ ਪੜ੍ਹਦੇ ਸਨ ਅਤੇ ਜੁੜ ਜਾਂਦੇ ਸਨ ਅਤੇ ਅਣਿਆਲੇ ਅਣੀਆਂ ਵਾਲੇ ਤਿਖੇ ਤੀਰਾਂ ਨਾਲ ਹਿਰਦੇ ਵਿੰਨ੍ਹ ਦਿੰਦੇ ਸਨ। ਆਪ ਦੀ ਆਵਾਜ਼ ਬਹੁਤ ਹੀ ਮਿਠੀ ਅਤੇ ਰਸ ਭਰੀ ਸੀ। ਆਪ ਜਦੋਂ ਵੀ ਕਿਸੇ ਸਿੰਘ ਨੂੰ ਮਿਲਦੇ ਸਨ, ਬਹੁਤ ਹੀ ਨਿਮਰਤਾ ਨਾਲ। ਇਥੋਂ ਤਕ ਨਿਉਂ ਜਾਣਾ ਕਿ ਅਗਲੇ ਸਿੰਘ ਨੂੰ ਆਪ ਦੇ ਹੱਥ ਫੜ ਚੁੰਮਣੇ ਪੈਂਦੇ ਸਨ। ਹਰ ਇਕ ਸਿੰਘ ਨਾਲ ਜੱਫੀ ਪਾ ਕੇ ਖ਼ੂਬ ਅਭਿਆਸ ਕਰਿਆ ਕਰਦੇ ਸਨ। ਅਤੇ ਇੰਜ ਜਾਪਦਾ ਸੀ ਕਿ ਇਹ ਪਤਾ ਨਹੀਂ ਕਦੋਂ ਕੁ ਦੇ ਵਿਛੜੇ ਹੋਏ ਹਨ। ਦਾਸ ਨੂੰ ਤਾਂ ਜਦੋਂ ਵੀ ਕਦੀ ਮਿਲਦੇ ਸਨ ਤਾਂ ਬੜੇ ਹੀ ਪਿਆਰ ਵਿਚ ਗੜੂੰਦ ਹੋ ਕੇ ਅਤੇ ਪ੍ਰੇਮ-ਮਿਲਣੀ ਪਾ ਕੇ। ਅਸੀਂ ਪਤਾ ਨਹੀਂ ਕਿੰਨੀ ਕਿੰਨੀ ਦੇਰ ਨਾਮ ਰਸਕ ਗਟਾਕਾਂ ਦੇ ਖੰਡੇ ਖੜਕਾਉਂਦੇ ਰਹਿਣਾ ਅਤੇ ਇਕ ਦੂਸਰੇ ਤੋਂ ਲਾਂਭੇ ਹੋਣ ਨੂੰ ਜੀਅ ਨਹੀਂ ਸੀ ਕਰਿਆ ਕਰਦਾ। ਉਹਨਾਂ ਦੀ ਪ੍ਰੇਮ-ਮਿਲਣੀ ਵਿਚ ਬਹੁਤ ਠੰਡ ਪ੍ਰਤੀਤ ਹੁੰਦੀ ਸੀ। ਵਾਕਿਆ ਹੀ ਉਹ ਪੂਰਬਲੇ ਕਰਮਾਂ ਦੇ ਧਨੀ ਸਨ। ਭਾਈ ਗੁਰਦਿਆਲ ਸਿੰਘ ਜੀ ਲਾਧੂਪੁਰ, ਭਾਈ ਜੋਗਿੰਦਰ ਸਿੰਘ ਜੀ ਨੈਨੋਕੋਟ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਭਾਈ ਸਰਬਜੀਤ ਸਿੰਘ ਜੀ ਉਦੋਨੰਗਲ ਨਾਲ ਤਾਂ ਆਪ ਜੀ ਦੀਆਂ ਪ੍ਰੇਮ-ਗੰਢਾਂ ਇੰਨੀਆਂ ਪੱਕੀਆਂ ਸਨ ਕਿ ਕੋਈ ਲੱਖ ਜਤਨ ਕਰੇ ਖੋਲ੍ਹਣ ਵਾਸਤੇ, ਉਸ ਨੂੰ ਮੂੰਹ ਦੀ ਹੀ ਖਾਣੀ ਪੈਂਦੀ ਸੀ। ਇਕੇਰਾਂ ਭਾਈ ਸਰਬਜੀਤ ਸਿੰਘ ਨੂੰ ਜਦ ਮਿਲੇ ਤਾਂ ਦਾੜ੍ਹਾ ਬੱਧਾ ਹੋਇਆ ਸੀ। ਭਾਈ ਸਾਹਿਬ ਨੇ ਕਿਹਾ ਕਿ ਸਿੰਘਾਂ ਨੂੰ ਦਾੜ੍ਹਾ ਕਸਿਆ ਹੋਇਆ ਸੋਭਦਾ ਨਹੀਂ। ਤਾਂ ਆਪ ਨੇ ਉਸੇ ਵਕਤ ਖੋਲ੍ਹ ਦਿੱਤਾ ਅਤੇ ਫਿਰ ਕਦੇ ਨਾ ਬੱਧਾ।

---

*ਸੋਰਠ ਮ: ੫, ਪੰਨਾ ੬੨੫

*ਗਉੜੀ ਵਾਰ, ਪੰਨਾ ੩੨੦]

*ਸੂਹੀ ਮ: ੫, ਪੰਨਾ ੭੮੦

ਇਹਨਾਂ ਸਿੰਘਾਂ ਦੀ ਆਪ ਤਹਿ-ਦਿਲੋਂ ਇੱਜ਼ਤ ਕਰਦੇ ਸਨ।

ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ ਦਾ ਆਪ ਹਿਰਦਿਓਂ ਬਹੁਤ ਹੀ ਸਤਿਕਾਰ ਕਰਦੇ ਸਨ। ਇਥੋਂ ਤਕ ਕਿ ਮਾਸਟਰ ਨਿਰੰਜਨ ਸਿੰਘ ਜੋ ਵੀ ਕਹਿ ਦੇਣ, ਸਤਿ ਕਰ ਕੇ ਸਿਰ ਝੁੱਕਾ ਦਿਆ ਕਰਦੇ ਸਨ, ਕਦੀ ਵੀ ਕੋਈ ਮੋੜ ਨਹੀਂ ਕਰਿਆ ਕਰਦੇ ਸਨ। ਅਤੇ ਆਪ ਮਾਸਟਰ ਜੀ ਦੇ ਕੀਰਤਨ ਦੇ ਬੜੇ ਵੱਡੇ ਆਸ਼ਕ ਸਨ। ਮਾਸਟਰ ਦਰਸ਼ਨ ਸਿੰਘ ਜੀ ਬਸਰਾਵਾਂ ਦੇ ਤਾਂ ਆਪ ਬਦੋ ਬਦੀ ਭਜ ਕੇ ਪੈਰ ਹੀ ਫੜ ਲਿਆ ਕਰਦੇ ਸਨ। ਭਾਵੇਂ ਮਾਸਟਰ ਦਰਸ਼ਨ ਸਿੰਘ ਜੀ ਲੱਖ ਜਤਨ ਕਰਨ ਭੱਜਣ ਵਾਸਤੇ, ਪਰ ਆਪ ਟੱਲਦੇ ਨਹੀਂ ਸਨ। ਭਾਵ ਕਿ ਆਪ ਦੇ ਮਨ ਵਿਚ ਸਿੰਘਾਂ ਪ੍ਰਤੀ ਅਥਾਹ ਪਿਆਰ ਸੀ।

ਭਾਈ ਹਰਭਜਨ ਸਿੰਘ ਜੀ ਆਪਣੀ ਛੋਟੀ ਜਿਹੀ ਉਮਰ ਵਿਚ ਗੁਰੂ-ਪੰਥ ਨੂੰ ਬਹੁਤ ਕੁਝ ਦੇ ਗਏ ਹਨ। "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"* ਦੇ ਮਹਾਂਵਾਕ ਅਨੁਸਾਰ ਸਭ ਕੁਝ ਸੌਂਪ ਗਏ ਹਨ। ਉਹਨਾਂ ਦੀ ਸ਼ਹੀਦੀ ਸਾਨੂੰ ਬਹੁਤ ਕੁਝ ਸਿਖਾ ਗਈ, ਪੂਰੇ ਪੰਥ ਨੂੰ ਝੰਜੋੜ ਕੇ ਜਗਾ ਗਈ, ਅਤੇ ਆਪ ੩੧ ਸਾਲ ਦੀ ਉਮਰ ਵਿਚ "ਓਥੈ ਅੰਮ੍ਰਿਤੁ ਵੰਡੀਐ" ਵਾਲੇ ਅਸਥਾਨ ਵਿਚ ਨਿਰਸੰਦੇਹ ਜਾ ਟਿਕੇ ਹਨ। ਪਰ ਅਸਾਂ ਕਲਜੁਗੀ ਜੀਵਾਂ ਨਾਲ ਪਤਾ ਨਹੀਂ ਕੀ ਵਾਪਰੇਗੀ। ਗੁਰੂ ਕਰੇ, ਸਾਡੇ ਵਰਗੇ ਮੂੜ੍ਹ, ਅੰਧ ਵਿਸ਼ਵਾਸੀ, ਕੂਕਰ ਸੂਕਰਾਂ ਨੂੰ ਵੀ ਗੁਰੂ ਸਾਹਿਬ ਆਪਣੇ ਲੇਖੇ ਲਾ ਲੈਣ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ॥

ਸ਼ਹੀਦ ਜੱਥੇਦਾਰ ਅਮਰੀਕ ਸਿੰਘ ਜੀ ਖੁਜਾਲਾ

ਗਿਆਨੀ ਜਸਵੰਤ ਸਿੰਘ ਜੀ ਬੀ.ਏ., ਬੀ. ਟੀ:

ਗੁਰੂ ਕੀ ਪਾਵਨ ਨਗਰੀ, ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵੈਸਾਖੀ ਵਾਲੇ ਪਾਵਨ ਦਿਵਸ ਤੇ 'ਧਰਮ ਹੇਤ ਸਾਕਾ ਜਿਨ ਕੀਆ', ਉਨ੍ਹਾਂ ਤੇਰ੍ਹਾਂ ਸ਼ਹੀਦ ਸਿੰਘਾਂ ਵਿਚ ਇਕ ਇਕੀ-ਸਾਲਾਂ ਦੀ ਅਤਿ ਨਿਕੀ ਅਵਸਥਾ ਵਾਲੇ ਖਜਾਲੇ ਦੇ ਬਾਂਕੇ ਸੂਰਬੀਰ ਵੀਰ, ਜਥੇਦਾਰ ਅਮਰੀਕ ਸਿੰਘ ਸਨ। ਤੇਰ੍ਹਾਂ ਅਪ੍ਰੈਲ ਨੂੰ ਸ਼ਹੀਦ ਹੋਣ ਵਾਲੇ ਤੇਰ੍ਹਾਂ ਸਿੰਘਾਂ ਦੀ ਸ਼ਹੀਦੀ ਜੰਞ ਵਿਚਾਲੇ ਮਾਨੋ ਇਹ ਦੂਲ੍ਹੇ ਸਨ। ਸੰਸਾਰੀ ਮਾਪਿਆਂ ਨੇ ਇਸ ਬਾਂਕੜੇ ਛੈਲ-ਛਬੀਲੇ ਵੀਰ ਦੀ ਸ਼ਾਦੀ ਨੀਯਤ ਕੀਤੀ ਹੋਈ ਸੀ ਤੇ ਇਸ ਨੌਜੁਆਨ ਨੇ ਹਾਸੇ ਦੇ ਰੰਗ ਵਿਚ ਇਕ ਵੇਰਾਂ ਕਿਹਾ ਸੀ ਕਿ ਮੈਂ ਮਾਸ ਸ਼ਰਾਬ ਵਾਲੇ ਵਿਅਕਤੀ ਜੰਞੇ ਨਹੀਂ

ਅਨੰਦੁ ਸਾਹਿਬ, ਪੰਨਾ ੯੧੮

ਲਿਜਾਣੇ। ਹਾਸ-ਬਿਲਾਸ ਵਿਚ ਸੁਣਾਈ ਇਹ ਬਾਤ ਕਰਣਹਾਰ ਕਰਤਾਰ ਨੇ ਸੋਲ੍ਹਾਂ ਆਨੇ ਸੱਚ ਕਰ ਵਿਖਾਈ। ਸੱਚ ਮੁੱਚ ਸ਼ਹੀਦੀ ਵਿਚ ਪਰਵਾਨ ਪਏ ਇਨ੍ਹਾਂ ਪਰਧਾਨ, ਮੁਰਛਾਨਿ ਮੈਦਾਨ ਸੰਤ-ਜਨਾਂ ਦੀ ਜੰਞ ਵਿਚ ਕੋਈ ਵੀ ਮਾਸ ਸ਼ਰਾਬ ਦਾ ਸੇਵਨਹਾਰ ਨਹੀਂ ਸੀ। ਜਥੇਦਾਰ ਵਾਲੀ ਪਦਵੀ ਇਸ ਬਾਂਕੜੇ ਸਰਦਾਰ ਨੂੰ ਸੱਚੀ ਸਰਕਾਰ ਦੇ ਦਰਬਾਰ ਸ੍ਰੀ ਅਕਾਲ ਤਖਤ ਤੋਂ ਉਦੋਂ ਪ੍ਰਾਪਤ ਹੋਈ, ਜਦੋਂ ਇਕ ਖਾਸੀ ਸੰਗਤ ਨੂੰ ਪ੍ਰੇਰ ਕੇ ਇਥੇ ਲਿਆਇਆ ਤੇ ਅੰਮ੍ਰਿਤਪਾਨ ਕਰਵਾਇਆ। ਖੁਦ ਵੀ ਇਸ ਬਾਂਕੇ ਬੀਰ ਨੇ ਅੰਮ੍ਰਿਤ ਦੀ ਦਾਤ, ਪੰਜ ਛੇ ਸਾਲ ਹੋਏ, ਛੇਵੇਂ ਪਾਤਸ਼ਾਹ ਦੇ ਇਸ ਦਰੋਂ ਹੀ ਪ੍ਰਾਪਤ ਕੀਤੀ ਸੀ।

ਗੁਰੂ-ਘਰ ਵਲ ਰੁੱਚੀ ਬਾਲਪਨ ਤੋਂ ਹੀ ਅਤਿ ਪ੍ਰਬੱਲ ਸੀ। ਪ੍ਰਾਇਮਰੀ ਦੀ ਪੜ੍ਹਾਈ ਪਿਛੋਂ ਮਨ ਸੰਸਾਰੀ ਵਿਦਿਆ ਵਿਚ ਨਾ ਖੁਭਿਆ। ਬੈਰਾਗੀ ਜੀਉੜਾ ਬੰਧਨਾਂ ਤੋਂ ਆਜ਼ਾਦ ਸੀ। ਵਾਹੀ ਵਾਲੀ ਕਾਰ ਵੀ ਨਿਬਾਹੀ, ਤੇ ਵਾਹ-ਵਾਹ ਨਿਬਾਹੀ। ਹੱਥਾਂ ਪੈਰਾਂ ਨਾਲ ਕਿਰਤ ਕਰਦੇ ਸਮੇਂ ਵੀ ਬਿਰਤੀ ਬਿਰਹੁੰ ਵਿਚ ਬੈਰਾਗ-ਮਈ ਰਹਿੰਦੀ ਸੀ। ਗੁਰਬਾਣੀ ਤੇ ਗੁਰ-ਇਤਿਹਾਸ ਵਾਲਾ ਪਿਆਰ ਹਿਰਦੇ ਅੰਦਰ ਘਰ ਕਰ ਗਿਆ ਸੀ। ਅੰਮ੍ਰਿਤਪਾਨ ਕਰਨ ਮਗਰੋਂ ਤਾਂ ਨਾਮ-ਬਾਣੀ ਦਾ ਰੰਗ ਰੋਮ-ਰੋਮ ਵਿਚ ਰੱਚ ਗਿਆ। ਭਿੰਡਰਾਂ ਵਾਲੇ ਜੱਥੇ ਨਾਲ ਸੰਪਰਕ ਹੋ ਗਿਆ। ਮਹਿਤਾ ਚੌਕ, ਜੱਥੇ ਦਾ ਡੇਰਾ ਨੇੜੇ ਹੀ ਸੀ। ਗੁਰੂ-ਘਰ ਦੀਆਂ ਮਹਿਮਾ-ਮਈ ਸਾਖੀਆਂ ਤੇ ਵੀਚਾਰਾਂ ਸੁਣ-ਸੁਣ ਕੇ, ਗੁਰੂ-ਘਰ ਦੀ ਵਡਿਆਈ, ਪ੍ਰਪੱਕ ਹੋ ਕੇ ਸਥਾਈ ਰੂਪ ਵਿਚ, ਦਿਲ ਤੇ ਦਿਮਾਗ਼ ਵਿਚ, ਵਸਦੀ-ਰਸਦੀ ਤੇ ਧਸਦੀ ਗਈ। ਗੁਰੂ-ਘਰ ਦੀਆਂ ਸੰਗਤਾਂ ਨਾਲ ਮੇਲ-ਜੋਲ ਵਧਣ ਲੱਗਾ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਲਈ ਚੜ੍ਹਾਈਆਂ, ਚਾਉ ਤੇ ਉਮਾਹ ਸਹਿਤ ਕਰੀ ਰਖਣੀਆਂ, ਇਸ ਨਿਕੜੇ ਵੀਰ ਦਾ ਵਿਸ਼ੇਸ਼ ਗੁਣ ਸੀ।

ਦੁਖੀਆਂ, ਲੋੜਵੰਦਾਂ ਦੀ ਅਵਸਥਾ ਵੇਖ ਕੇ ਹਿਰਦਾ ਦਇਆ ਦੇ ਘਰ ਵਿਚ ਆ ਜਾਂਦਾ। "ਆਪਨਾ ਬਿਗਾਰਿ ਬਿਰਾਨਾ" ਸੰਵਾਨ ਵਾਲੀ ਰੁਚੀ ਸਦਾ ਹੀ ਬਲਵਾਨ ਰਹਿਣੀ। ਗੁਰੂ-ਘਰ ਦੀਆਂ ਫੌਜਾਂ ਉਤੇ ਤਾਂ ਲੋਟ-ਪੋਟ ਹੋ ਹੋ ਜਾਂਦੇ ਸਨ। ਲੋੜਵੰਦਾਂ ਦੀ ਸਹਾਇਤਾ ਸਮੇਂ ਕਦੇ ਗਿਣਤੀਆਂ-ਮਿਣਤੀਆਂ ਵਿਚ ਬਿਰਤੀ ਨਹੀਂ ਸੀ ਪੈਂਦੀ। ਅਣ-ਗਿਣੀ ਮਾਇਆ, ਘਰ ਦੀਆਂ ਵਸਤੂਆਂ, ਇਥੋਂ ਤਕ ਕਿ ਸਰੀਰ ਤੇ ਪਹਿਨੇ ਹੋਏ ਬਸਤਰ ਵੀ ਲੋੜਵੰਦਾਂ ਨੂੰ ਦੇਣ ਸਮੇਂ ਸੰਕੋਚ ਜਾਂ ਸੋਚ ਵਿਚ ਨਹੀਂ ਆਉਂਦੇ ਸੀ। ਇਕ ਵੇਰਾਂ ਗੁਰੂ ਦੀਆਂ ਫੌਜਾਂ ਲਈ ਸੇਵਾ ਦਾ ਉਮਾਹ ਐਸਾ ਪ੍ਰਬਲ ਹੋਇ ਉਠਿਆ ਕਿ ਘਰ ਵਿਚੋਂ ਆਪਣੀ ਮਾਈ ਪਾਸੋਂ ਜਦ ਲੋੜੀਂਦੀ ਮਾਇਆ ਨਾ ਮਿਲੀ, ਤਾਂ ਘਰ ਵਿਚੋਂ ਇਕ ਸੋਨੇ ਦੀ ਛਾਪ ਵੇਚ ਕੇ ਆਪਣਾ ਉਤਸ਼ਾਹ ਪੂਰਾ ਕੀਤਾ।

ਭਾਵੇਂ ਭਰ ਜੁਆਨੀ ਦੀ ਅਵਸਥਾ ਸੀ, ਪਰ ਬਾਲ ਸੁਭਾਇ ਅਤੀਤ ਉਦਾਸੀ

ਵਿਚ ਵਿਚਰਦੇ ਸਨ। ਮੁੰਡਿਆਂ-ਖੁੰਡਿਆਂ ਵਾਲਾ ਫੈਲ-ਫਕੜ ਕਦੇ ਨੇੜੇ ਵੀ ਨਾ ਫਟਕਿਆ। ਇਸ ਜ਼ਮਾਨੇ ਵਿਚ ਏਨੀ ਛੋਟੀ ਆਯੂ ਵਿਚ ਏਨੀ ਲਗਨ ਗੁਰੂ-ਘਰ ਦੀ ਬਹੁਤ ਟਾਵੀਂ ਹੀ ਨਜ਼ਰ ਆਉਂਦੀ ਹੈ। ਅੰਮ੍ਰਿਤ-ਵੇਲਾ ਨਾਮ ਬਾਣੀ ਦੇ ਅਭਿਆਸ ਵਿਚ ਸਾਵਧਾਨਤਾ ਸਹਿਤ ਬਿਤਾਉਣਾ ਇਸ ਵੀਰ ਦਾ ਪੱਕਾ ਨਿਯਮ ਸੀ। ਚਾਹੇ ਰਾਤ ਨੂੰ ਸਤ-ਸੰਗ ਜੁੜ ਜਾਣ ਦੇ ਕਾਰਨ ਕਿੰਨਾ ਹੀ ਕੁਵੇਲਾ ਹੋ ਜਾਵੇ, ਪਰੰਤੂ ਕੀ ਮਜਾਲ ਕਿ ਚਉਥੇ ਪਹਿਰ ਸੁਬਾਹ ਕੇ ਵਿਚ ਗ਼ਫ਼ਲਤ ਆਈ ਹੋਵੇ। ਸਾਂਝ ਸਮੇਂ ਸੋਦਰ ਲਈ ਘਰ ਬਾਹਰ ਦੇ ਹਥਲੇ ਕੰਮ ਭਾਵੇਂ ਕਿੰਨੇ ਜ਼ਰੂਰੀ ਹੋਣੇ, ਛਡ ਦੇਣੇ ਤੇ ਕਾਮਿਆਂ ਪਾਸੋਂ ਛਡਵਾ ਦੇਣੇ, ਸੋਦਰ ਦੇ ਦੀਵਾਨ ਜਾਂ ਚੌਕੀ ਦੀ ਹਾਜ਼ਰੀ ਲਈ ਇਉਂ ਸਾਵਧਾਨ ਹੋਣਾ ਤੇ ਹੋਰਾਂ ਨੂੰ ਕਰਨਾ ਆਪ ਦੇ ਨਿਤਨੇਮ ਦਾ ਅੰਗ ਸੀ। ਸਵੇਰ ਦੇ ਨਿਤਨੇਮ ਉਪਰੰਤ ਗੁਰੂ ਮਹਾਰਾਜ ਦੇ ਦਰਸ਼ਨ ਤੋਂ ਪਹਿਲੇ ਪਰਸ਼ਾਦਾ ਨਹੀਂ ਛਕਦੇ ਸਨ।

ਗੁਰਮਤਿ ਗੁਣਾਂ ਦੀ ਸਾਂਝ ਕਰਨ ਲਈ ਗੁਰਮੁਖਾਂ ਜਾਂ ਗੁਰੂ-ਘਰ ਦੀ ਸੰਗਤ ਨਾਲ ਮੇਲ-ਜੋਲ ਰਖਣ ਵਿਚ ਤਤਪਰ ਰਹਿੰਦੇ ਸਨ। ਇਕ ਸੱਚੇ ਮੁਤਲਾਸ਼ੀ ਤੇ ਗੁਣ-ਗਾਹਕ ਬਣ ਕੇ ਆਪਣੀ ਰਹਿਣੀ-ਬਹਿਣੀ ਵਿਚ ਗੁਰਮਤਿ ਬਿਬੇਕ ਅਨੁਸਾਰ ਵਾਧਾ ਨਿਰੰਤਰ ਜਾਰੀ ਰਖਦੇ ਸਨ। ਜੇ ਕਿਸੇ ਨੁਕਤੇ ਤੇ ਸੰਸਾ ਪੈਦਾ ਹੋਂਦਾ ਤੇ ਉਸ ਦੀ ਨਵਿਰਤੀ ਲਈ ਗੁਰਮੁਖਾਂ ਪਾਸ ਨਿਮਰਤਾ ਭਰੇ ਨੀਵੇਂ ਹਿਰਦੇ ਨਾਲ ਪੇਸ਼ ਹੋਣਾ। ਸਰਬ ਲੋਹ ਰਹਿਣੀ ਦਾ ਪ੍ਰੇਮ ਵੀ ਪੈਦਾ ਹੋ ਰਿਹਾ ਸੀ। ਬਾਟਾ ਆਪਣਾ ਵਾਹ-ਵਾਹ ਲਿਸ਼ਕਾ ਕੇ ਰਖਣਾ ਤੇ ਬੇ-ਅੰਮ੍ਰਿਤੀਏ ਨੂੰ ਆਪਣਾ ਬਾਟਾ ਨਾ ਵਰਤਣ ਦੇਣਾ। ਮਾਤਾ ਪਿਤਾ ਤੇ ਖੇਤੀ ਬਾੜੀ ਵਿਚ ਸਹਾਇਤਾ ਕਰਨ ਲਈ ਰਖੇ ਕਾਮਿਆਂ ਅਤੇ ਮੇਲ-ਜੋਲ ਵਿਚ ਆਉਣ ਵਾਲੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਲੜ ਲਾਇਆ। ਰੱਜੇ-ਪੁੱਜੇ ਘਰਾਣੇ ਦਾ ਚਾਨਣ-ਚਰਾਗ ਹੋਣ ਦੇ ਬਾਵਜੂਦ ਗੁਰਮੁਖੀ ਸਾਦੇ ਬਾਣੇ ਵਿਚ ਵਿਚਰਦੇ ਸਨ। ਅਨੇਕਾਂ ਵੇਰ ਬਿਸਤਰਾ ਗੋਲ-ਮੋਲ ਹੋਇਆ ਕੋਲ ਪਿਆ ਰਹਿਣਾ ਤੇ ਅਲਾਣੀ ਮੰਜੀ ਤੇ ਅੜਿੰਗ-ਬੜਿੰਗ ਹੋ ਜਾਣਾ। ਅੰਬਰੀਕ ਭਗਤ ਵਾਂਗ ਸੱਚੇ ਸਤਿਗੁਰੂ ਦੇ ਦਰੋਂ ਘਰੋਂ ਇਸ ਵੀਰ ਨੂੰ ਸੱਚੇ-ਅਭੈ-ਪੱਦ ਦਾ ਦਾਨ ਪ੍ਰਾਪਤ ਹੋਇਆ ਜਾਪਦਾ ਸੀ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਦੇ ਸਬੰਧੀਆਂ ਤੇ ਸਨੇਹੀਆਂ ਵਿਚ ਬੈਠ ਕੇ ਇਸ ਬਾਰੇ ਬਚਨ ਸੁਣਦਿਆਂ ਇਉਂ ਮਹਿਸੂਸ ਹੋਇਆ, ਜਿਵੇਂ ਉਹ ਅਮਰੀਕ ਸਿੰਘ ਦੀਆਂ ਨਹੀਂ, ਫੌਜਾ ਸਿੰਘ ਦੀਆਂ ਗੱਲਾਂ ਸੁਣ ਰਿਹਾ ਹੈ। ਐਸੀ ਨਿਧੜਕ ਰੂਹ ਸੀ ਕਿ ਪਾਖੰਡੀਆਂ, ਨਿੰਦਕਾਂ, ਦੁਸ਼ਟਾਂ ਦੇ ਗੁਰ-ਵਿਰੋਧੀ ਬੋਲ-ਕੁਬੋਲ ਸੁਣ ਕੇ ਰੋਹ ਵਿਚ ਆ ਜਾਂਦੀ ਸੀ। ਵਾਹ ਪੈਣ ਤੇ ਕਰਾਰੇ ਹੱਥਾਂ ਨਾਲ ਐਸੀ ਸੋਧ-ਸੁਧਾਈ ਕਰਨੀ ਕਿ ਦੋਖੀਆਂ ਪਾਸੋਂ ਤੋਬਾ-ਤੋਬਾ ਕਰਵਾ ਦੇਣੀ। ਜੁੱਸਾ, ਜਿਸਮ ਸਰਬ-ਲੋਹ ਦੀ ਕਿਸਮ ਦਾ ਮਜ਼ਬੂਤ ਸੀ। ਪਿਛਲੇ ਹੋਲੇ ਮਹੱਲੇ ਸਮੇਂ ਅਨੰਦਪੁਰ ਸ਼ਾਹਿਬ ਦੀ ਯਾਤਰਾ ਕਰਦਿਆਂ ਤਿੰਨ ਮਣ (ਢਾਈ ਕੁ ਕੁਇੰਟਲ) ਚਾਉਲਾਂ ਦੀ ਬੋਰੀ ਚਾਉ ਚਾਉਲੇ ਰੰਗਾਂ ਅੰਦਰ ਕਿਲ੍ਹਾ ਸ੍ਰੀ

ਅਨੰਦ-ਗੜ੍ਹ ਦੀਆਂ ਪੌੜੀਆਂ ਰਾਹੀਂ ਇਉਂ ਉਪਰ ਸਹਿਜ ਨਾਲ ਚੜ੍ਹਾ ਦਿਤੀ, ਜੀਕਰ ਫੁੱਲਾਂ ਦੀ ਮਾਲਾ ਹੋਵੇ। ਏਸੇ ਹੀ ਸਮੇਂ ਐਵੇਂ ਆਪਣੀਆਂ ਲੱਤਾਂ ਖੁਲ੍ਹੀਆਂ ਕਰਨ ਨੂੰ, ਇਹ ਦੂਲਾ ਵੀਰ ਨੈਣਾਂ ਦੇਵੀ ਦੇ ਅਸਥਾਨ ਤੇ ਜਾ ਚੜ੍ਹਿਆ। ਇਕ ਪੰਡਿਤ ਨੇ ਤਿਲਕ ਲਵਾਉਣ ਲਈ ਕਿਹਾ ਤਾਂ ਐਸਾ ਉਤਰ ਵਿਚ ਬਚਨ ਕੀਤਾ ਕਿ ਪੰਡਿਤ ਜੀ ਨਿਰੁਤਰ ਹੋ ਗਏ—"ਸਾਨੂੰ ਸਿੱਖਾਂ ਨੂੰ ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਟਿੱਕੇ (ਤਿਲਕ) ਲਾਏ ਹਨ ਕਿ ਦਰਗਾਹ ਤੀਕ ਉਹ ਟਿਕੇ ਰਹਿਣਗੇ। ਤੁਹਾਡੇ ਲਾਏ ਤਿਲਕ ਤਾਂ ਭਲਕ ਤੀਕ ਹੀ ਤਿਲ੍ਹਕ ਜਾਣਗੇ।"

ਇਸ ਵੀਰ ਦੇ ਸਾਰੇ ਗੁਰਮਤਿ ਗੁਣਾਂ ਦੀ ਤਸਵੀਰ ਖਿਚਣ ਦਾ ਦਾਸ ਪਾਸ ਸਮਾਂ ਨਹੀਂ, ਨਾ ਹੀ ਪ੍ਰੋਖੋਂ ਹੈ। ਸੋ ਕੇਵਲ ਸਾਕੇ ਦੇ ਦਿਨ ਵਾਲੇ ਸੂਤ ਵਿਚ ਆਏ ਸਮਾਚਾਰ, ਜੋ ਹਿਰਦੇ ਤੇ ਉਲੀਕੇ ਹਨ, ਉਨ੍ਹਾਂ ਦਾ ਟੂਕ ਮਾਤਰ ਵਰਨਣ ਕਰਕੇ ਖਿਮਾ ਚਾਹਾਂਗਾ :

ਵੈਸਾਖ ਭਲਾ ਪ੍ਰਵੇਸ਼ ਕਰ ਰਿਹਾ ਹੈ। ਸਾਡਾ ਵਰਿਆਮ ਜੋਧਾ, ਦੂਲਾ ਦਲੇਰ, ਗੁਰੂ ਕਾ ਸ਼ੇਰ, ਅੰਮ੍ਰਿਤ ਵੇਲੇ ਉਠਦਾ ਹੈ। ਇਸ਼ਨਾਨ ਕਿਸੇ ਸੋਹਣੇ ਧਿਆਨ ਵਿਚ ਹੋਇਆ ਹੈ। ਫਿਰ ਪ੍ਰੇਮ-ਰੰਗਾਂ ਵਿਚ ਨਿਤ-ਨੇਮ ਕੀਤਾ ਹੈ, ਫਿਰ ਗੁਰਦੁਆਰੇ ਜਾਇ ਕੇ ਚੜ੍ਹਾਈ, ਪਰਸ਼ਾਦ ਲੈ ਚੜ੍ਹਾਈ ਕੀਤੀ ਹੈ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ, ਨਾਲ ਕੁਝ ਬਾਲ-ਸਖਾਈ ਮਿਤਰ ਹਨ। ਬਸ-ਸਟੈਂਡ ਤੋਂ ਗੁਰੂ-ਗੁਣ ਗਾਉਂਦੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ ਪੰਜ ਵਿਚ ਪੁਜ ਕੇ ਜਥੇਦਾਰ ਕਾਲਾ ਸਿੰਘ ਸੁਲਤਾਨਵਿੰਡ ਵਾਲੇ ਨੂੰ ਮਿਲੇ ਹਨ। ਉਸ ਕਮਰੇ ਵਿਚ ਜੋੜੇ ਉਤਾਰ, ਸ੍ਰੀ ਅੰਮ੍ਰਿਤ ਸਰੋਵਰ ਦੇ ਪਵਿਤ੍ਰ-ਕਰੇਰੇ ਇਸ਼ਨਾਨ ਕੀਤੇ ਹਨ। ਉਪਰੰਤ ਇਹ ਨਿਕੜੇ ਜਥੇਦਾਰ ਸ੍ਰੀ ਅਕਾਲ ਤਖਤ ਦੀ ਪਰਕਰਮਾਂ ਕਰਦੇ, ਸ਼ਸਤਰਾਂ ਦੇ ਦਰਸ਼ਨ ਵਿਚ ਸ਼ਹੀਦਾਂ ਦਾ ਧਿਆਨ ਧਰਦੇ ਅਰਦਾਸ ਕਰਦੇ ਹਨ, "ਸਮਰਥ ਗੁਰਦੇਵ ! ਮੈਂ ਕੀਟ ਦਾ ਸਰੀਰ ਵੀ ਕੁਰਬਾਨੀ ਦਾ ਮੌਕਾ ਬਖਸ਼ ਕੇ ਸਫਲਾ ਕਰੋ। ਕੈਸੇ-ਕੈਸੇ ਕਮਾਲ ਦੇ ਲਾਲ ਤੇਰੇ ਸ਼ਾਨ ਦੀ ਖਾਤਰ ਖੰਨੀਏ-ਖੰਨੀਏ ਹੋ ਗਏ !"

ਤਖਤੋਂ ਉਤਰ ਕੇ ਨਿਸ਼ਾਨ ਸਾਹਿਬਾਨ ਦੀ ਪਰਕਰਮਾ ਕੀਤੀ ਤੇ ਫਿਰ ਇਹ ਬਿਨ-ਜੱਥਿਓਂ ਜਥੇਦਾਰ ਹੁਕਮ-ਨਾਮੇ ਦੀਆਂ ਤੁਕਾਂ ਪੜ੍ਹਦੇ ਹਨ ! ਕੀ ਹਨ—ਇਹ ਤੁਕਾਂ ?

ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥*

ਬੱਸ ਫਿਰ ਕੀ ਸੀ ? ਬਾਬਾ ਬੁੱਢਾ ਜੀ ਵਾਂਗ ਇਹ ਉਮਰੋਂ ਇਆਣਾ ਤੇ ਅੰਦਰੋਂ ਸਿਆਣਾ ਬਾਲਕ ਬਾਬਾ ਜੀ ਦੀ ਬੇਰੀ ਵਲੋਂ ਹੋ ਕੇ ਸਰਾਂ ਦੇ ਬਾਹਰਲੇ ਸਿੰਘ ਦੁਆਰ ਅੱਗੇ ਪਹੁੰਚਦੇ ਹਨ, ਸਾਮ੍ਹਣੇ ਹਰਿ ਕੀ ਪਉੜੀ ਨਜ਼ਰ ਆਉਂਦੀ ਹੈ, ਸਿਰ ਨਿਵਾਉਂਦੇ ਹੋਏ ਆਪਣੀ ਅਰਦਾਸ ਦੁਹਰਾਂਦੇ ਹਨ। ਇਥੇ ਇਕ ਗੁਰਮੁਖ ਪਿਆਰੇ ਇਸ ਭਾਵ ਦੇ

---

*ਸਿਰੀ ਰਾਗੁ ਮ: ੫, ਪੰਨਾ ੪੭

ਸ਼ਬਦ ਕਹਿੰਦੇ ਹਨ, "ਗੁਰੂ ਕੇ ਸਿੰਘਾ, ਅਜ ਕੁਰਬਾਨੀ ਦਾ ਮੌਕਾ ਹੈ। ਗੁਰੂ ਨੂੰ ਸੀਸ ਦੀ ਲੋੜ ਹੈ। ਗੁਰੂ-ਸ਼ਾਨ ਦੇ ਵਿਰੁਧ ਬਕ-ਬਾਦ ਬੰਦ ਕਰਾਉਣ ਲਈ ਸਿੰਘਾਂ ਨੇ ਚੜ੍ਹਾਈਆਂ ਕੀਤੀਆਂ ਹਨ, ਸੋ ਤੁਸੀਂ ਵੀ ਸ਼ਾਮਲ ਹੋ ਜਾਉ।"

ਸਿੰਘ ਨੂੰ ਤਾਂ ਲਾਲੀਆਂ ਚੜ੍ਹ ਜਾਂਦੀਆਂ ਹਨ।

"ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦ ॥*

ਗੁਰੂ-ਪਿਆਰ ਵਾਲੀਆਂ ਫੌਜਾਂ ਵਿਚ ਸ਼ਾਮਲ ਹੋ ਪੇਸ਼-ਪੇਸ਼ ਜਾ ਰਿਹਾ ਹੈ ਇਹ ਗੁਰੂ ਕਾ ਲਾਲ। ਤੁਰਨ ਲਗਿਆਂ, ਕਹਿੰਦੇ ਨੇ, ਪਿਆਸ ਬੁਝਾਉਣ ਲਈ ਪਾਣੀ ਪੀਣ ਲਗਦਾ ਹੈ, ਜਿਸ ਗਲਾਸ ਨੂੰ ਹੱਥ ਪਾਇਆ ਹੈ, ਉਸੇ ਨੂੰ ਕਿਸੇ ਹੋਰ ਸਿੰਘ ਨੇ ਉਚੱਕ ਲਿਆ ਹੈ। ਬਸ ਫਿਰ ਜਲ ਵਲ ਨਹੀਂ ਤਕਿਆ, ਪਰਸ਼ਾਦਾ ਵੀ ਨਹੀਂ ਛਕਿਆ, ਨਿਵਾਸ ਵਲ ਮੂੰਹ ਨਹੀਂ ਕੀਤਾ, ਪੈਰੀਂ ਜੋੜਾ ਨਹੀਂ ਲੀਤਾ ਤੇ ਅਗਾਂਹ ਕੂ ਤ੍ਰਾਂਘਿ ਸ਼ਹੀਦੀ ਜਾਮ ਜਾ ਪੀਤਾ। ਸ਼ਹੀਦੀ ਲਾੜੀ ਵਰਨ ਲਈ ਅਗਾੜੀ ਜਾ ਰਹੇ ਦੂਲ੍ਹੇ ਦਾ ਗੋਲੀਆਂ ਨੇ ਸੁਆਗਤ ਕੀਤਾ, ਆਪਣੀ ਬਰਾਤ ਵਲ ਝਾਤ ਪਾਉਂਦਾ, ਫਤਹ ਗਜਾਉਂਦਾ, ਗੁਰਿ-ਜੋਤਿ ਦਾ ਪਰਵਾਨਾ, ਪਰਵਾਨ ਹੋ ਸਦੀਵੀ ਚਾਨਣ-ਮੁਨਾਰਾ ਬਣ ਕੇ ਸਮਾ ਗਿਆ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਸ਼ਹੀਦ ਭਾ: ਗੁਰਦਿਆਲ ਸਿੰਘ ਜੀ ਮੋਦੇ

ਵੈਸਾਖੀ ਵਾਲੇ ਤਾਜ਼ਾ ਸਾਕੇ ਵਿਚ ਸ਼ਹੀਦੀ ਪਾਣ ਵਾਲੇ ਤੇਰ੍ਹਾਂ ਸਿੰਘਾਂ ਵਿਚੋਂ ਭਾਈ ਗੁਰਦਿਆਲ ਸਿੰਘ ਜੀ ਪਿੰਡ ਮੋਦੇ ਇਕ ਕਮਾਲ ਦੀ ਰੂਹ ਸੀ। ਪਿਉ-ਦਾਦੇ ਦੇ ਪਰਵਾਰ ਵਿਚ ਕੋਈ ਤਿਆਰ-ਬਰ-ਤਿਆਰ ਸਿੰਘ ਸਰਦਾਰ ਨਹੀਂ ਸੀ, ਸਗੋਂ ਉਲਟ ਪ੍ਰਭਾਵ ਵਾਲਾ ਵਾਤਾਵਰਣ ਸੀ। ਕਲਰ ਵਿਚ ਕੰਵਲ ਆਣਿ ਉਗਵਿਆ। ਜਨਮ ਤੋਂ ਹੀ ਭਲੇ ਪਾਸੇ ਰੁੱਚੀ ਤਾਂ ਜ਼ਰੂਰ ਸੀ, ਪਰ ਗੁਰਮਤਿ ਸਿਧਾਂਤਾਂ ਵਾਲੀ ਸੇਧ ਸਹਿਜੇ-ਸਹਿਜੇ ਇਖਤਿਆਰ ਕੀਤੀ। ਕੋਈ ਬੱਤੀ ਵਰ੍ਹੇ ਦੀ ਆਯੂ ਸੀ ਇਸ ਵੇਲੇ ਇਸ ਵੀਰ ਦੀ, ਬੜੀ ਗੰਭੀਰ, ਧੀਰ ਭਰਪੂਰ ਮੂਰਤ ਸੀ। ਦਸ ਜਮਾਤਾਂ ਅਟਾਰੀ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀਆਂ ਘਰ ਦੇ ਕੰਮ-ਕਾਰ ਵਾਹੀ ਵਿਚ ਵਾਹ ਲਗੇ ਅਨੁਸਾਰ ਸਹਾਇਤਾ ਕਰਨ ਲਗੇ। ਗਿਆਨੀ ਪਾਸ ਕਰਨ ਦਾ ਵਿਚਾਰ ਬਣਾ ਕੇ ਸ੍ਰੀ ਅੰਮ੍ਰਿਤਸਰ ਵਿਚ ਦੋ-ਚਾਰ ਮਹੀਨੇ ਰਹਿ ਕੇ ਪੜ੍ਹਾਈ ਕੀਤੀ। ਫਾਲਤੂ ਵਿਚਾਰਾਂ ਵਿਚ ਦਿਲਚਸਪੀ ਨਾ ਪੈਦਾ ਹੋਈ, ਇਸ ਲਈ ਪ੍ਰੀਖਿਆ ਵਿਚ ਰਹਿ ਗਏ। ਹੁਣ ਹੋਰ ਪੜ੍ਹਾਈ ਵਲੋਂ ਰੁੱਚੀ

ਧਨਾਸਰੀ ਮ: ੧, ਪੰਨਾ ੬੬੨

ਰੋਕ ਕੇ ਕੇਵਲ ਗੁਰਮਤਿ ਪੜ੍ਹਾਈ ਕਰਨ ਵਾਲੀ ਨੀਅਤ ਧਾਰ ਲਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਅਭਿਆਸ ਕਰਨ ਲਗੇ। ਸ਼ੁਰੂ ਤੋਂ ਹੀ ਪਾਠ ਲੜੀਦਾਰ ਬੀੜ ਤੋਂ ਹੀ ਕਰਦੇ ਸਨ। ਸਹਿਜੇ-ਸਹਿਜੇ ਅਖੰਡਪਾਠ ਕਰਨ ਲਗੇ। ਆਲੇ-ਦੁਆਲੇ ਦੂਰ-ਨੇੜੇ ਪਾਠ ਵਿਚ ਸੇਵਾ ਕਰਦੇ ਤਾਂ ਪ੍ਰੇਮੀ ਹੋ ਕੇ ਪ੍ਰੇਮ ਨਾਲ ਹੀ, ਭੇਟਾ ਨਹੀਂ ਸਨ ਲੈਂਦੇ।

ਪਰਮਾਰਥਕ ਪੱਖ ਪ੍ਰਪੱਕ ਹੋਣ ਲਗਿਆ। ਮਹਿਤੇ ਜਾਂ ਹੋਰ ਥਾਵਾਂ ਤੇ ਸਤਿਸੰਗ ਦੀ ਖਾਤਰ ਜਾਂਦੇ ਰਹਿੰਦੇ ਸੀ। ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਪਰਸਨ ਵੀ ਲੋਚ ਕੇ ਕਰਦੇ ਸਨ।

ਅੰਮ੍ਰਿਤਪਾਨ ਭਿੰਡਰਾਂ ਵਾਲੇ ਜੱਥੇ ਤੋਂ ਸੰਨ ੧੯੬੭ ਦੇ ਕਤਕ ਦੇ ਆਖਰੀ ਦਿਨਾਂ ਵਿਚ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੀਤਾ। ਸਿੰਘਣੀ ਉਸ ਸਮੇਂ ਜਹਾਜ਼ੇ ਚੜ੍ਹਨ ਵਿਚ ਰਜ਼ਾਮੰਦ ਨਹੀਂ ਹੋਈ। ਅਖੀਰ ਉਹ ਭੀ ਆਉਂਦੇ ਹਾੜ ਵਿਚ ਅੰਮ੍ਰਿਤ ਛਕ ਕੇ ਆਪ ਦੀ ਹਮ-ਸਫਰ ਹੋ ਗਈ। ਅੰਮ੍ਰਿਤਪਾਨ ਕਰਨ ਪਿਛੋਂ ਅੰਮ੍ਰਿਤ ਵੇਲਾ ਬਾਕਾਇਦਗੀ ਨਾਲ ਸੰਭਾਲਦੇ ਸਨ। ਪੰਜਾਂ ਬਾਣੀਆਂ ਦਾ ਨਿਤਨੇਮ ਕਰਨਾ ਹੀ ਸੀ, ਸ੍ਰੀ ਸੁਖਮਨੀ ਸਾਹਿਬ ਦਾ ਪਾਠ ਵੀ ਚਾਲੂ ਰਖਦੇ ਸਨ। ਇਸ ਤੋਂ ਬਿਨਾਂ ਧਾਰਮਕ ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ ਸਨ। ਤੇ ਇਹ ਪੁਸਤਕਾਂ ਸਜਣਾਂ-ਮਿਤਰਾਂ ਪਾਸੋਂ ਲੋਚ-ਲੋਚ ਲੈ ਆਉਂਦੇ ਸਨ। ਇਸ ਵੇਲੇ ਸ਼ਹੀਦੀ ਸਮੇਂ 'ਗੁਰਮਤਿ ਨਿਰਣਯ ਭੰਡਾਰ' ਪੁਸਤਕ ਦਾ ਵੀਚਾਰ ਸਹਿਤ ਪਾਠ ਕਰ ਰਹੇ ਸਨ।

ਇਨ੍ਹਾਂ ਦੀ ਪ੍ਰੇਰਨਾ ਨਾਲ ਪਿੰਡ ਵਿਚ ਕਈ ਹੋਰ ਸਿੰਘਾਂ ਨੇ ਅੰਮ੍ਰਿਤ ਛਕਿਆ। ਪਿੰਡ ਦੇ ਗੁਰਦੁਆਰੇ ਦੇ ਪ੍ਰਬੰਧ ਵਿਚ ਤੇ ਹੋਰ ਧਾਰਮਕ ਖੇਤਰਾਂ ਵਿਚ ਇਹ ਮੁਖੀ ਜਾਂ ਪਰਧਾਨ ਸਨ। ਸਾਰੇ ਇਨ੍ਹਾਂ ਦੀ ਸਲਾਹ ਮੰਨ ਕੇ ਚਲਦੇ ਸਨ। ਸੁਭਾ ਵਿਚ ਕਾਹਲੀ ਕਿ ਖਿਝ ਕਿ ਕਰੋਧ, ਦਾ ਲੇਸ ਨਹੀਂ ਸੀ। 'ਗੁਰਮੁਖਿ ਮਾਇਆ ਵਿਚ ਉਦਾਸੀ' ਵਾਲੀ ਸੋਹਣੀ ਲੀਹ ਪਾ ਕੇ ਵਿਖਾਈ ਹੈ, ਇਨ੍ਹਾਂ ਨੇ। ਭਰਾਵਾਂ ਨਾਲ, ਗੁਰਮਤਿ ਆਸ਼ੇ ਅਨੁਸਾਰ, ਨਾ ਬਣ ਸਕਣ ਦੇ ਕਾਰਨ ਆਪਣੇ ਹਿਸੇ ਦੀ ਦੋ ਕੁ ਕਿਲੇ ਜ਼ਮੀਨ ਲੈ ਕੇ ਆਪਣੀ ਨਿਵੇਕਲੀ ਹਵੇਲੀ ਬਣਾ ਕੇ ਅਡਰੀ ਹੀ ਵਾਹੀ ਕਰਨ ਲਗੇ। ਪਿੰਡ ਤੋਂ ਅਲੱਗ-ਥਲੱਗ ਇਨ੍ਹਾਂ ਦਾ ਨਿਵਾਸ-ਅਸਥਾਨ, ਕਿਸੇ ਯਾਤਰੂ ਉਪਰ ਇਕ ਤੀਰਥ-ਅਸਥਾਨ ਵਾਲਾ ਮਹਾਨ ਤੇ ਸ਼ਾਂਤ ਪਰਭਾਵ ਪਾਉਂਦਾ ਹੈ।

ਵਿਸਾਖੀ ਤੋਂ ਪਹਿਲੇ ਦਿਨ ਸ੍ਰੀ ਅੰਮ੍ਰਿਤਸਰ ਜਾਂਦੇ ਹਨ। ਮਨ ਵਿਚ ਪਿਆਸ ਗੁਰੂ-ਦਰਬਾਰ ਦੇ ਦਰਸ਼ਨ-ਪਰਸ਼ਨ, ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਤੇ ਜੱਥੇ ਦੇ ਆਗੂ ਸੰਤ ਜਰਨੈਲ ਸਿੰਘ ਨੂੰ ਮਿਲਣ ਦੀ ਤੀਬਰ ਹੈ। ਵਿਸਾਖੀ ਵਾਲੇ ਪੁਰਬ ਦੇ ਦਰਸ਼ਨ-ਇਸ਼ਨਾਨ ਤੇ ਨਿਤਨੇਮ ਪਿਛੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਹਾਜ਼ਰੀ ਭਰ ਰਹੇ ਹਨ। ਸੰਤ ਜਰਨੈਲ ਸਿੰਘ ਜੀ ਨੇ ਪੰਜਾਬ ਦੇ ਮਾਲ-ਮੰਤ੍ਰੀ ਨੂੰ ਨਰਕਧਾਰੀ ਮੰਡਲ

ਵਲੋਂ ਗੁਰੂ ਘਰ ਦੀ ਹੋ ਰਹੀ ਹੇਠੀ ਨੂੰ ਰੋਕਣ ਦਾ ਉਪਰਾਲਾ ਕਰਨ ਲਈ ਕਿਹਾ, ਪਰ ਤਸੱਲੀ ਨਹੀਂ ਹੋਈ। ਸੰਤ ਜੀ ਆਪਣੇ ਨਿਵਾਸ-ਅਸਥਾਨ, ਜੋ ਇੰਜ ਵਲੋ ਸਰਾਂ ਦਾ ਇਕ ਹਾਲ ਕਮਰਾ ਸੀ, ਤੇ ਆਉਂਦੇ ਹਨ। ਅਖੰਡ ਕੀਰਤਨੀ ਜੱਥੇ ਤੇ ਭਿੰਡਰਾਂ ਵਾਲੇ ਜੱਥੇ ਦੇ ਕੁਝ ਸਿੰਘ ਵਿਰੋਧੀਆਂ ਵਲੋਂ ਹੋ ਰਹੇ ਖੁਲ੍ਹਮ-ਖੁਲ੍ਹਾ ਗੁਰੂ-ਘਰ ਦੀ ਨਿੰਦਾ-ਪਰਚਾਰ ਵਾਲੇ ਸਮਾਗਮ ਨੂੰ ਸ਼ਾਂਤ-ਮਈ ਢੰਗ ਨਾਲ ਰੋਕਣ ਲਈ ਪ੍ਰੋਗਰਾਮ ਬਣਾਉਂਦੇ ਹਨ। ਸੰਤ ਜਰਨੈਲ ਸਿੰਘ ਜੀ ਖ਼ੁਦ ਸਿੰਘਾਂ ਨਾਲ ਜਾ ਕੇ ਨਿੰਦਕਾਂ ਨੂੰ ਠਲ੍ਹ ਪਾਣ ਲਈ ਤਿਆਰ ਹੋਂਦੇ ਹਨ ਤਾਂ ਉਸ ਵੇਲੇ ਇਹੋ ਮਾਈ ਦਾ ਲਾਲ ਗੁਰਦਿਆਲ ਸਿੰਘ ਹੀ ਸੀ, ਜਿਸ ਨੇ ਖੜੇ ਹੋ ਕੇ ਬੇਨਤੀ ਕੀਤੀ ਕਿ ਸੰਤ ਜੀ ਉਥੇ ਨਾ ਜਾਣ, ਸਗੋਂ ਉਹ ਦਾਸ ਲਈ ਅਰਦਾਸ ਕਰਨ ਕਿ ਮੈਂ ਇਸ ਧਰਮ ਕਾਰਜ ਵਿਚ ਜੂਝ ਜਾਂਵਾਂ। ਇਹ ਦਿਲਾਵਰ ਵੀਰ ਆਪਣੀ ਰੋਜ਼ਾਨਾ ਅਰਦਾਸ ਵਿਚ ਸਤਿਗੁਰੂ ਅੱਗੇ ਇਸ ਤਰ੍ਹਾਂ ਦੀ ਮੰਗ ਕਰਿਆ ਕਰਦੇ ਸਨ, "ਤੇਰੇ ਚਰਨਾਂ ਵਿਚ ਹੀ ਮੇਰਾ ਸੀਸ ਲੱਗੇ।"

ਇਹ ਬਾਂਕੇ ਸੂਰਬੀਰ ਵੀ ਆਪਣੇ ਬਚਨਾਂ ਤੇ ਪੂਰਾ ਪਹਿਰਾ ਦਿੰਦੇ ਹੋਏ ਮਨ ਬੱਚ ਨਾਲ ਕਰਮ ਦੀ ਪੂਰੀ ਏਕਤਾ ਦਰਸਾ ਗਏ ਹਨ, ਮਨ ਬੱਚ ਕਰਮ ਦੀ ਏਕਤਾ ਦੇ ਕੈਸੇ ਸੋਹਣੇ ਤੇ ਸਹੀ ਪੂਰਨੇ ਪਾਏ ਹਨ। ਆਪਣੇ ਪਿਛੇ ਆਪਣੀ ਪਤਨੀ ਤੋਂ ਇਲਾਵਾ ਤਿੰਨ ਬੱਚੇ, ਜਿਨ੍ਹਾਂ ਦੀ ਉਮਰ ਤਰਤੀਬ ਵਾਰ ੭ ਸਾਲ, ਸਾਢੇ ਪੰਜ ਸਾਲ ਤੇ ਡੇਢ ਕੁ ਸਾਲ ਦੀ ਹੈ ਅਤੇ ਇਕ ਤਿੰਨ ਕੁ ਸਾਲ ਦੀ ਬੱਚੀ ਛੱਡ ਗਏ ਹਨ। ਐਸੇ ਅਨਿੰਨ ਸਿਖ ਸੂਰਮੇ ਸੰਤ, ਜਿਨ੍ਹਾਂ ਨੇ ਮਾਸੂਮ ਬਾਲਾਂ ਤੇ ਬਾਲਾਂ ਦੀ ਮਾਤਾ ਦਾ ਮੋਹ-ਮਈ ਜਾਲ ਚੂਰ ਚੂਰ ਕੀਤਾ ਤੇ ਗੁਰੂ-ਪੰਥ ਖ਼ਾਤਰ ਆਪਣਾ ਸਰੀਰ ਲੇਖੇ ਲਾ ਦਿਤਾ।

ਐਸੇ ਮਹਾਨ ਸ਼ਹੀਦਾਂ ਦਾ ਖ਼ੂਨ ਸਾਡੇ ਵਿਚ ਜਾਨ ਪਾਵੇ ਤੇ ਅਸੀਂ ਅਣਖ-ਆਨ ਵਾਲਾ ਜੀਵਨ ਬਤੀਤ ਕਰੀਏ।

ਸ਼ਹੀਦ ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

ਭਾਈ ਗੁਰਚਰਨ ਸਿੰਘ ਭਾਈ ਦਲੀਪ ਸਿੰਘ ਜੀ ਜ਼ਰਾਇਤ ਇਨਸਪੈਕਟਰ ਦੇ ਘਰ, ਸਰਦਾਰਨੀ ਨਰੈਣ ਕੌਰ ਦੀ ਕੁਖੋਂ ੧ ਅਕਤੂਬਰ ੧੯੪੬ ਨੂੰ ਰੁੜਕਾ ਕਲਾਂ ਜ਼ਿਲਾ ਜਲੰਧਰ ਵਿਖੇ ਪੈਦਾ ਹੋਇਆ। ਇਹ ਪਰਵਾਰ ਬਟਵਾਰੇ ਤੋਂ ਪਿਛੋਂ ਨਿਊ ਮਾਡਲ ਟਾਊਨ ਲੁਧਿਆਣੇ ਵਿਚ ਆਪਣਾ ਟਿਕਾਣਾ ਬਣਾ ਕੇ ਆਣ ਵਸਿਆ। ਇਥੇ ਹੀ ਭਾਈ ਗੁਰਚਰਨ ਸਿੰਘ ਨੇ ਪਰਵਰਿਸ਼ ਪਾਈ ਤੇ ਪ੍ਰੀ-ਯੂਨੀਵਰਸਿਟੀ ਪਾਸ ਕਰਕੇ ਐਗਰੀਕਲਚਰ ਯੂਨੀਵਰਸਿਟੀ ਵਿਖੇ ਐਕਸਟੈਨਸ਼ਨ ਡੈਮਾਨਸਟਰੇਟਰ ਦੀ ਅਸਾਮੀ ਤੇ ਨਿਯੁਕਤ ਹੋਇਆ।

ਇਸ ਦੇ ਪਿਤਾ ਭਾਈ ਦਲੀਪ ਸਿੰਘ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਹਨ। ਇਹ ਸਾਰਾ ਪਰਵਾਰ ਚੂੰਕਿ ਅੰਮ੍ਰਿਤ ਛਕ ਕੇ ਤਿਆਰ-

ਬਿਰ-ਤਿਆਰ ਸੀ, ਇਸ ਕਰਕੇ ਮਾਨਯੋਗ ਭਾਈ ਸਾਹਿਬ ਜੀ ਦੀਆਂ ਅਸੀਸਾਂ ਦਾ ਪਾਤਰ ਬਣਿਆਂ। ਇਸ ਹੋਣਹਾਰ ਬੱਚੇ ਨੇ ਵੀ ੧੯੫੦ ਵਿਚ ਛੇ ਸਾਲ ਦੀ ਉਮਰ ਵਿਚ ਹੀ ਨਾਰੰਗਵਾਲ ਸਮਾਗਮ ਵਿਖੇ ਅੰਮ੍ਰਿਤ ਪਾਨ ਕੀਤਾ।

ਇਸ ਭੁਜੰਗੀ ਨੂੰ ਗੁਰਸਿਖ ਸੰਗਤਾਂ ਦੇ ਜੋੜ-ਮੇਲ ਸਮਾਗਮਾਂ ਸਮੇਂ ਲੰਗਰ ਦੀ ਸੇਵਾ ਕਰਨ ਦਾ ਬਹੁਤ ਹੀ ਚਾਅ ਸੀ ਅਤੇ ਦਿਨ ਰਾਤ ਸੇਵਾ ਕਰਦਾ ਅਕਦਾ ਥਕਦਾ ਨਹੀਂ ਸੀ। ਸੁਭਾਅ ਦਾ ਬਹੁਤ ਮਿਠਬੋਲਾ ਸੀ। ਸੰਗਤ ਵਿਚ ਜਾ ਕੇ ਕੀਰਤਨ ਸੁਣਨ ਦਾ ਬਚਪਨ ਤੋਂ ਹੀ ਪ੍ਰੇਮੀ ਸੀ। ਹਮੇਸ਼ਾਂ ਕੀਰਤਨੀ ਸਿੰਘਾਂ ਦੇ ਸਾਹਮਣੇ ਸਭ ਤੋਂ ਅਗੇ ਬੈਠਦਾ ਹੁੰਦਾ ਸੀ। ਜਿਹੜੇ ਬੱਚੇ ਕੀਰਤਨ ਸੁਣਨ ਦਾ ਸ਼ੌਕ ਰਖਦੇ ਹੁੰਦੇ ਸਨ, ਉਨ੍ਹਾਂ ਨੂੰ ਘਰੋ ਘਰੀ ਜਾ ਕੇ ਬੁਲਾ ਲਿਆਉਣਾ ਅਤੇ ਆਪਣੇ ਸਾਈਕਲ ਦੇ ਅਗੇ ਪਿਛੇ ਬਿਠਾ ਕੇ ਸੰਗਤ ਵਿਚ ਆ ਜੁੜਨਾ।

ਗੁਰੂ ਪਾਤਸ਼ਾਹ ਦੀ ਅਪਾਰ ਬਖ਼ਸ਼ਸ਼ ਇਸ ਮਰਜੀਉੜੇ ਉਤੇ ਹੋਣ ਕਰਕੇ ਪੰਜਾਂ ਬਾਣੀਆਂ ਦਾ ਨਿਤਨੇਮ ਪਾਠ, ਇਸ ਨੇ ਪੰਜਵੀਂ ਜਮਾਤ ਵਿਚ ਹੀ ਕੰਠ ਕਰ ਲਿਆ ਸੀ। ਪਿੰਡ ਨੰਗਲ ਜ਼ਿਲਾ ਫ਼ਰੀਦਕੋਟ ਜਦ ਇਹ ਜਾਂਦਾ ਹੁੰਦਾ ਸੀ ਤਾਂ ਗੁਰਦੁਆਰਾ ਸਾਹਿਬ ਅੰਮ੍ਰਿਤ ਵੇਲੇ ਸੁਖਮਣੀ ਸਾਹਿਬ ਦੇ ਪਾਠ ਦੀ ਸੇਵਾ ਆਪਣੇ ਜ਼ਿਮੇਂ ਲੈਂਦਾ ਹੁੰਦਾ ਸੀ।

ਇਹ ਵੀਰ ਕਿਸੇ ਪ੍ਰਤੀ ਦਵੈਤ ਭਾਵ ਨਹੀਂ ਸੀ ਰਖਦਾ। ਜੇ ਕੋਈ ਸਜਣ ਇਸ ਨੂੰ ਕਿਸੇ ਦਵੈਤ ਕਾਰਨ ਨਹੀਂ ਸੀ ਬੁਲਾਉਂਦਾ ਤਾਂ ਇਹ ਆਪ ਉਨ੍ਹਾਂ ਦੇ ਘਰ ਚਲਾ ਜਾਂਦਾ ਤੇ ਨਿਮਰਤਾ ਭਰਪੂਰ ਸ਼ਾਂਤੀ ਨਾਲ ਬਚਨ ਬਿਲਾਸ ਕਰਕੇ ਭੈਣ ਭਰਾਵਾਂ ਵਾਲਾ ਮੇਲ-ਮਿਲਾਪ ਸ਼ੁਰੂ ਕਰ ਦਿੰਦਾ ਸੀ।

ਇਕ ਵਾਰੀ ਦੀ ਗੱਲ ਹੈ ਕਿ ਜਦੋਂ ਇਸ ਵੀਰ ਦੀ ਉਮਰ ਪੰਜ ਛੇ ਸਾਲ ਦੀ ਹੀ ਸੀ ਤਾਂ ਸਾਰਾ ਪਰਵਾਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਲਈ ਪਿੰਡ ਨਾਰੰਗਵਾਲ ਪੁਜਾ। ਸਾਰੇ ਭਾਈ ਸਾਹਿਬ ਜੀ ਨੂੰ ਪਿਆਰ-ਗਲਵਕੜੀਆਂ ਪਾ ਕੇ ਮਿਲੇ। ਭਾਈ ਸਾਹਿਬ ਜੀ ਨੇ ਸਾਰੇ ਬੱਚਿਆਂ ਨੂੰ ਚੁਕ ਕੇ ਪਿਆਰ ਕੀਤਾ। ਜਦੋਂ ਇਸ ਦੀ ਵਾਰੀ ਆਈ ਤਾਂ ਇਸ ਨੇ ਭਾਈ ਸਾਹਿਬ ਜੀ ਨੂੰ ਐਸੀ ਗਲਵਕੜੀ ਪਾਈ ਅਤੇ ਨਾਮ-ਅਭਿਆਸ ਦਾ ਐਸਾ ਅਤੁੱਟ ਖੰਡਾ ਖੜਕਾਇਆ ਕਿ ਛਡੇ ਹੀ ਨਾ। ਕਿੰਨਾ ਚਿਰ ਹੀ ਇਹ ਰੌ ਇਵੇਂ ਚਲਦੀ ਰਹੀ। ਸਿੰਘਾਂ ਦੀਆਂ ਪ੍ਰੇਮ-ਮਿਲਣੀਆਂ ਦੀ ਇਹ ਅਸਚਰਜ ਲੀਲ੍ਹਾ ਓਦੋਂ ਚਲਦੀ ਹੁੰਦੀ ਸੀ, ਜਿਹੜੀ ਕਿ ਹੁਣ ਕਿਤੇ ਨਜ਼ਰੀ ਹੀ ਨਹੀਂ ਪੈਂਦੀ।

ਇਹ ਗੁਰਮੁਖ ਪਿਆਰਾ ਲੋੜਵੰਦਾਂ ਅਤੇ ਅਤਿਥੀਆਂ ਦੀ ਬਿਨਾਂ ਸੰਕੋਚ ਸਹਾਇਤਾ ਕਰਦਾ ਸੀ। ਅਤੇ ਹਸਪਤਾਲ ਵਿਚ ਜਾ ਕੇ ਰੋਗੀਆਂ ਨੂੰ ਸਵੇਰੇ ਸ਼ਾਮ ਪਰਸ਼ਾਦ ਪਾਣੀ ਪਹੁੰਚਾਉਣ ਦੀ ਸੇਵਾ ਆਪਣੇ ਜ਼ਿਮੇਂ ਲੈ ਲੈਂਦਾ ਸੀ। ਦੋਵੇਂ ਵੇਲੇ ਇਹ ਸੇਵਾ ਵੀ ਨਿਭਾਉਣੀ, ਸਰਵਿਸ ਵੀ ਕਰਨੀ, ਸ਼ਾਮ ਨੂੰ ਈਵਨਿੰਗ ਕਲਾਸ ਵਿਚ ਜਾ ਕੇ ਪੜ੍ਹਾਈ

ਵੀ ਕਰਨੀ ਅਤੇ ਵਿਚੋਂ ਹੀ ਸਮਾਂ ਕਢ ਕੇ ਸੰਗਤਾਂ ਵਿਚ ਵੀ ਜਾ ਜੁੜਦਾ ਹੁੰਦਾ ਸੀ। ਇਸ ਤਰ੍ਹਾਂ ਆਪਣਾ ਦਿਨ ਰਾਤ ਦਾ ਸਮਾਂ ਸੁਲੇਖੇ ਲਾਉਂਦਾ ਸੀ। ਸ਼ਹੀਦ ਭਾਈ ਫ਼ੌਜਾ ਸਿੰਘ ਜੀ ਨਾਲ ਇਨ੍ਹਾਂ ਦਾ ਗੂੜ੍ਹਾ ਮੇਲ-ਮਿਲਾਪ ਤੇ ਪਿਆਰ ਸੀ ਅਤੇ ਉਨ੍ਹਾਂ ਦੇ ਨਿਰਭੈ ਜੀਵਨ ਤੋਂ ਬਹੁਤ ਪ੍ਰਭਾਵਤ ਸੀ।

ਗੁਰਸਿਖਾਂ ਦੇ ਦਰਸ਼ਨ ਮੇਲਿਆਂ ਨੂੰ ਆਪਣੇ ਨਿਜੀ ਜ਼ਰੂਰੀ ਤੋਂ ਜ਼ਰੂਰੀ ਕੰਮਾਂ ਨਾਲੋਂ ਵੀ ਮਹੱਤਤਾ ਦਿੰਦਾ ਸੀ। ਹੁਣ ੧੫ ਅਪ੍ਰੈਲ ੧੯੭੮ ਨੂੰ ਉਸ ਦੀ ਬੀ. ਏ. ਪ੍ਰੀਖਿਆ ਦਾ ਪਹਿਲਾ ਪੇਪਰ ਸੀ। ਪਰ ਉਹ ਪੇਪਰ ਵਲੋਂ ਬੇਪਰਵਾਹ ਹੋ ਕੇ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਸੰਗਤਾਂ ਦੀ ਚਰਨ ਧੂੜੀ ਪਰਸਨ ਲਈ ੧੨ ਅਪ੍ਰੈਲ ਨੂੰ ਅਖੰਡ ਕੀਰਤਨ ਜੱਥਿਆਂ ਦੇ ਸਮਾਗਮ ਵਿਚ ਆਣ ਜੁੜਿਆ। ਇਸ ਲੌਕ ਦੇ ਪਰਚੇ ਤਾਂ ਲੁਧਿਆਣੇ ਹੀ ਰਹਿ ਗਏ ਅਤੇ ੧੩ ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਇਹ ਨਵੇਂ ਪਰਚੇ ਪੈ ਗਏ। "ਗੁਰੂ ਕੀ ਨਿੰਦਾ ਸੁਨੇ ਨ ਕਾਨ" ਅਤੇ "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"

ਭਾਈ ਗੁਰਚਰਨ ਸਿੰਘ ਜੀ ਆਪਣੇ ਮਾਤਾ ਪਿਤਾ, ਤਿੰਨ ਵੀਰਾਂ ਅਤੇ ਤਿੰਨ ਭੈਣਾਂ ਨੂੰ ਵਿਛੋੜਾ ਦੇ ਗੁਰ-ਚਰਨਾਂ ਵਿਚ ਜਾ ਬਿਰਾਜੇ ਹਨ।

ਸ਼ਹੀਦ ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ

ਆਪ ਦਾ ਜਨਮ ੧੫ ਮਾਰਚ ੧੯੫੩ ਨੂੰ ਦਿੱਲੀ ਵਿਖੇ ਹੋਇਆ। ਇਨ੍ਹਾਂ ਦੇ ਦੇ ਪਿਤਾ ਭਾਈ ਲਾਲ ਸਿੰਘ ਜੀ ਤੇ ਮਾਤਾ ਬਾਲ ਕੌਰ ਜੀ ਹਨ। ਇਨ੍ਹਾਂ ਦੇ ਪਿਤਾ ਪਿਛੋਂ ਪਾਕਿਸਤਾਨ ਵਿਚ ਜ਼ਿਲਾ ਸਿਆਲਕੋਟ ਦੀ ਡਸਕਾ ਤਹਿਸੀਲ ਦੇ ਪਿੰਡ ਸਾਹੋਵਾਲ ਦੇ ਹਨ। ਇਸ ਪਿੰਡ ਦੇ ਵਸਨੀਕ ਨਨਕਾਣੇ ਸਾਹਿਬ ਦੇ ਖੂਨੀ ਸਾਕੇ ਦੇ ਉਘੇ ਸ਼ਹੀਦ ਭਾਈ ਦਲੀਪ ਸਿੰਘ ਜੀ ਹੋਏ ਹਨ, ਜਿਨ੍ਹਾਂ ਦਾ ਆਪ ਦੇ ਪਰਵਾਰ ਨਾਲ ਅਤਿ ਦਾ ਪਿਆਰ ਸੀ।

ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਦੇ ਸਿਰ ਤੋਂ ਛੋਟੀ ਉਮਰ ਤੋਂ ਹੀ ਬਜ਼ੁਰਗਾਂ ਦਾ ਸਾਇਆ ਚੁਕਿਆ ਗਿਆ ਸੀ, ਜਿਸ ਕਰਕੇ ਇਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੂੰ ਬਾਲ ਉਮਰੇ ਹੀ ਰਾਜਗੀਰੀ ਦੇ ਕੰਮ ਵਿਚ ਪੈਣਾ ਪੈ ਗਿਆ। ਇਹ ਤਿੰਨੇ ਭਰਾ ਇਸ ਛੋਟੀ ਉਮਰ ਵਿਚ ਹੀ ਆਪਣੇ ਰਾਜਗੀਰੀ ਦੇ ਕੰਮ ਵਿਚ ਆਲੇ ਦੁਆਲੇ ਪਿੰਡਾਂ ਵਿਚ ਜਾਂਦੇ ਹੁੰਦੇ ਸਨ, ਜਦ ਕਿ 'ਭਿਖੀ' ਪਿੰਡ ਵਿਚ ਇਕ ਉਚ ਜੀਵਨ ਵਾਲੇ ਨਿਰਮਾਣ ਸੇਵਕ ਭਾਈ ਸਾਹਿਬ ਜਵਾਲਾ ਸਿੰਘ ਜੀ ਦੀ ਸੰਗਤ ਇਨ੍ਹਾਂ ਨੂੰ ਪ੍ਰਾਪਤ ਹੋਈ। ਇਸ ਗੁਰਮੁਖ ਨੇ ਆਪ ਕੱਚੇ ਕੋਠਿਆਂ ਵਿਚ ਰਹਿਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਉਚੇ ਸੁੰਦਰ ਮੰਦਰ ਸਾਜੇ ਹੋਏ ਸਨ, ਜਿਥੇ ਰੋਜ਼ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਰਸ

ਭਿੱਨੀ ਅੰਮ੍ਰਿਤ-ਦਾਣੀ ਦੀ ਵਰਖਾ ਹੋਣੀ, ਆਏ ਗਏ ਯਾਤਰੂਆਂ ਨੂੰ ਲੰਗਰ ਤੇ ਆਰਾਮ ਮਿਲਣਾ । ਇਸ ਗੁਰਦੁਆਰੇ ਦੇ ਗੁਰਮੁਖ ਗ੍ਰੰਥੀ ਭਾਈ ਸੋਭਾ ਸਿੰਘ ਜੀ ਤੇ ਸੰਤ ਸਰੂਪ ਲਾਂਗਰੀ ਭਾਈ ਤ੍ਰਿਲੋਕ ਸਿੰਘ ਜੀ ਦੀ ਸੰਗਤ ਨੇ ਭਾਈ ਲਾਲ ਸਿੰਘ ਜੀ ਤੇ ਉਨ੍ਹਾਂ ਦੇ ਛੋਟੇ ਵੀਰ ਭਾਈ ਗੋਪਾਲ ਸਿੰਘ ਨੂੰ ਐਸੀ ਖਿਚ ਪਾਈ ਕਿ ਪਾਕਿਸਤਾਨ ਬਣਨ ਤਕ ਇਹ ਭਿਖੀ ਵਿਚ ਹੀ ਰਾਜਗੀਰੀ ਦਾ ਕੰਮ ਕਰਦੇ ਰਹੇ ।

ਭਾਈ ਲਾਲ ਸਿੰਘ ਤੇ ਭਾਈ ਗੋਪਾਲ ਸਿੰਘ ਜੀ ਇਸ ਗੁਰਮੁਖ ਸੰਗਤ ਵਿਚ ਰਹਿ ਕੇ ਗੁਰੂ ਘਰ ਦੇ ਚੰਗੇ ਸ਼ਰਧਾਲੂ ਬਣ ਗਏ । ਅਤੇ ਗੁਰਸਿਖੀ ਵਲ ਰੁਚੀ ਦਿਨ ਬਦਿਨ ਵਧਦੀ ਗਈ । ਇਨ੍ਹਾਂ ਦਾ ਸਭ ਤੋਂ ਵੱਡਾ ਭਾਈ ਮੁਨਸ਼ੀ ਰਾਮ ਆਖਰੀ ਦਿਨ ਤਕ ਖੋਤੀ ਚੁੰਘਦਾ ਰਿਹਾ, ਜਦ ਕਿ ਕੁਝ ਚਿਰ ਲਈ ਭਾਈ ਦਲੀਪ ਸਿੰਘ ਜੀ ਸ਼ਹੀਦ ਨੇ ਇਹ ਨਸ਼ਾ ਇਸ ਤੋਂ ਛਡਵਾ ਵੀ ਦਿਤਾ ਸੀ ।

ਪਾਕਿਸਤਾਨ ਬਣਨ ਤੋਂ ਬਾਅਦ ਸਮੇਂ ਦੇ ਚੱਕਰ ਅਨੁਸਾਰ ਇਹ ਜ਼ਿਲਾ ਹੁਸ਼ਿਆਰ ਪੁਰ ਵਿਚ ਕੁਝ ਸਮਾਂ ਰਹਿ ਕੇ ਦਿਲੀ ਜਾ ਠਹਿਰੇ ਤੇ ਅਖੀਰ ਸ੍ਰੀ ਅੰਮ੍ਰਿਤਸਰ ਜੀ ਸਾਰੇ ਇਕੱਠੇ ਆ ਹੋਏ : ਭਾਈ ਸੋਭਾ ਸਿੰਘ ਜੀ ਨੇ ਇਥੇ ਇਕ ਮਸਜਿਦ ਵਿਚ ਗੁਰਦੁਆਰਾ ਅਸਥਾਪਿਤ ਕਰ ਲਿਆ ਅਤੇ ਤਿਆਗ ਮੂਰਤ ਭਾਈ ਤ੍ਰਿਲੋਕ ਸਿੰਘ ਜੀ ਵੀ ਉਸੇ ਤਰ੍ਹਾਂ ਉਨ੍ਹਾਂ ਦੇ ਨਾਲ ਸਿਖ ਸੰਗਤਾਂ ਦੀ ਸੇਵਾ ਵਿਚ ਪ੍ਰਸੰਨ ਚਿਤ ਜੁਟ ਗਏ । ਸਤਿਗੁਰਾਂ ਦੀ ਕਿਰਪਾ ਨਾਲ ਇਥੇ ਵੀ ਉਨ੍ਹਾਂ ਨੇ ਗੁਰਸਿਖੀ ਦਾ ਚੰਗਾ ਰੰਗ ਲਾਇਆ ਅਤੇ ਫਿਰ ਪਾਕਿਸਤਾਨ 'ਭਿਖੀ' ਦੇ ਗੁਰਦੁਆਰੇ ਵਾਂਗ ਕੀਰਤਨ, ਲੰਗਰ ਤੇ ਕੜਾਹ ਪ੍ਰਸ਼ਾਦ ਆਦਿ ਚਾਲੂ ਹੋ ਗਿਆ । ਸੰਗਤਾਂ ਆਉਣ ਜਾਣ ਲਗ ਪਈਆਂ ।

ਇਸ ਗੁਰਦੁਆਰਾ ਸਾਹਿਬ ਦੇ ਨਾਲ ਚਾਰ ਪੰਜ ਪ੍ਰਵਾਰ ਰਹਿੰਦੇ ਸਨ, ਜਿਨ੍ਹਾਂ ਵਿਚ ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਤੇ ਚਾਚਾ (ਭਾਈ ਲਾਲ ਸਿੰਘ ਤੇ ਗੋਪਾਲ ਸਿੰਘ ਜੀ) ਵੀ ਪਰਵਾਰਾਂ ਸਮੇਤ ਆ ਵਸੇ ਸਨ । ਇਸ ਗੁਰਸਿਖ ਫੁਲਵਾੜੀ ਵਿਚ ਮਿਲਣ ਨਾਲ ਰੋਜ਼ਾਨਾ ਕੀਰਤਨ, ਨਿਤਨੇਮ ਦਾ ਰੰਗ ਬਝਦਾ ਰਿਹਾ ਅਤੇ ਕੁਝ ਸਮੇਂ ਬਾਅਦ ਐਸੀ ਪ੍ਰੇਰਨਾ ਹੋਈ ਕਿ ਭਾਈ ਗੋਪਾਲ ਸਿੰਘ ਜੀ ਤੋਂ ਬਾਅਦ ਭਾਈ ਲਾਲ ਸਿੰਘ ਜੀ ਦੇ ਭੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਸਮਾਗਮਾਂ ਵਿਚ ਜਾਣ ਦੇ ਸਰੰਜਾਮ ਬਣਦੇ ਗਏ । ਸਹਿਜੇ ਸਹਿਜੇ ਦੋਵੇਂ ਪਰਵਾਰ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ ।

ਭਾਈ ਧਰਮ ਵੀਰ ਸਿੰਘ ਜੀ ਨੇ ਸਕੂਲੀ ਵਿਦਿਆ ਦੀ ਪ੍ਰਾਪਤੀ ਦੇ ਸਮੇਂ ਹੀ ਅੰਮ੍ਰਿਤ ਛਕ ਲਿਆ । ਇਸ ਬਰੇ ਦੀ ਗੁਰਸਿਖੀ ਵਲ ਲਗਨ ਦਿਨ ਬਦਿਨ ਵਧਦੀ ਰਹੀ । ਸ਼ਰੋਮਣੀ ਕਮੇਟੀ ਦੇ ਧਾਰਮਿਕ ਇਮਤਿਹਾਨ ਵੀ ਦਿੰਦਾ ਰਿਹਾ । ਦਸਵੀਂ ਤਕ ਵਿਦਿਆ ਪ੍ਰਾਪਤ ਕਰ ਕੇ ਫਿਰ ਇਹ ਨਵੇਂ ਮੋੜ ਵਲ ਮੁੜਿਆ ।

ਇਸ ਸਮੇਂ ਵਿਚ ਦੋਹਾਂ ਮਿਸਤ੍ਰੀ ਭਰਾਵਾਂ ਨੇ ਉਦਮ ਕਰ ਕੇ ਅਜੀਤ ਨਗਰ ਵਿਚ

ਰਲ ਕੇ ਇਕ ਮਕਾਨ ਬਣਾ ਲਿਆ ਅਤੇ ਛੋਟੇ ਭਾਈ ਗੋਪਾਲ ਸਿੰਘ ਨੇ ਕਿਰਪਾਨਾਂ ਦੀ ਛੋਟੀ ਜਿਹੀ ਫੈਕਟਰੀ ਲਾ ਲਈ। ਆਪਣੇ ਚਾਚਾ ਮਿਸਤ੍ਰੀ ਗੋਪਾਲ ਸਿੰਘ ਜੀ ਪਾਸੋਂ ਭਾਈ ਧਰਮਬੀਰ ਸਿੰਘ ਨੇ ਕਿਰਪਾਨਾਂ ਬਣਾਉਣ ਦਾ ਹੁਨਰ ਸਿੱਖ ਕੇ ਮਕਾਨ ਦੇ ਪਿਛਲੇ ਹਿੱਸੇ ਵਿਚ ਵਖਰੀ ਫੈਕਟਰੀ ਬਣਾ ਲਈ ਅਤੇ ਪੰਜ ਸਾਲ ਖ਼ੂਬ ਮਿਹਨਤ ਕਰਕੇ ਇਸ ਕੰਮ ਨੂੰ ਚਲਾਇਆ।

ਜਿਵੇਂ ਭਾਈ ਲਾਲ ਸਿੰਘ ਜੀ ਨੇ ਲਗ ਭਗ ਪੰਜਾਹ ਸਾਲ ਰਾਜਗੀਰੀ ਦੀ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕੀਤੀ ਅਤੇ ਕਿਸੇ ਨਾਲ ਛਲ-ਕਪਟ ਨਹੀਂ ਕੀਤਾ ਇਵੇਂ ਹੀ ਪਿਤਾ ਦੇ ਪੂਰਨਿਆਂ ਤੇ ਚਲ ਕੇ ਭੁਜੰਗੀ ਧਰਮਬੀਰ ਸਿੰਘ ਨੇ ਵੀ ਆਪਣੀ ਕਿਰਤ ਨੇਕ ਨੀਯਤੀ ਨਾਲ ਨਿਰਮਾਣ ਰਹਿ ਕੇ ਨਿਭਾਈ। ਕਦੇ ਕਿਸੇ ਨਾਲ ਉਚਾ ਨੀਵਾਂ ਨਹੀਂ ਬੋਲਿਆ ਅਤੇ ਨਾ ਹੀ ਕਿਸੇ ਨਾਲ ਵਲ-ਫਰੇਬ ਕੀਤਾ। ਹਰ ਵਕਤ ਹੀ ਹੱਸ ਖੇਡ ਕੇ ਵਕਤ ਪਾਸ ਕਰਦਾ ਸੀ।

ਕਾਕਾ ਧਰਮਬੀਰ ਸਿੰਘ ਨਿੱਕਾ ਜਿਹਾ ਹੁੰਦਾ ਸੀ ਤੇ ਜਪੁਜੀ ਸਾਹਿਬ ਦਾ ਗੁਟਕਾ ਲੈ ਕੇ ਪਾਠ ਸਿਖਣਾ ਅਰੰਭ ਦਿਤਾ ਅਤੇ ਰੋਜ਼ਾਨਾ ਸਵੇਰੇ ਗੁਰਦੁਆਰੇ ਸਾਹਿਬ ਨਿਤਨੇਮ ਰਲ ਮਿਲ ਕੇ ਕਰਨ ਵਿਚ ਹਾਜ਼ਰੀ ਭਰਨੀ, ਸ੍ਰੀ ਗੁਰੂ ਗਰੰਥ ਸਾਹਿਬ ਦੇ ਦਰਸ਼ਨ ਪਰਸਣੇ ਅਤੇ ਸ਼ਾਮ ਨੂੰ ਸੋਦਰ ਦੇ ਦੀਵਾਨ ਦੀ ਹਾਜ਼ਰੀ ਭਰਨੀ । ਕਾਰਖਾਨਾ ਕਿਰਪਾਨਾਂ ਸ਼ੁਰੂ ਕਰ ਕੇ ਅਖੰਡ ਕੀਰਤਨ ਸਮਾਗਮਾਂ ਵਿਚ ਵੀ ਹਾਜ਼ਰੀਆਂ ਭਰਨੀਆਂ ਅਤੇ ਕਈ ਕਈ ਚਿਰ ਸ੍ਰੀ ਹਰਿਮੰਦਰ ਸਾਹਿਬ ਦੀ ਰਾਤ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਵਿਚ ਸ਼ਾਮਲ ਹੋਣਾ।

ਜਿਥੇ ਭਾਈ ਧਰਮਬੀਰ ਸਿੰਘ ਨੂੰ ਕੀਰਤਨ ਸੁਣਨ ਦਾ ਚਾਅ ਸੀ, ਉਥੇ ਕੀਰਤਨ ਸਿਖਣ ਦਾ ਵੀ ਬੜਾ ਉਮਾਹ ਸੀ । ਵਾਜਾ ਤੇ ਜੋੜੀ ਦੋਹਾਂ ਦੀ ਸਿਖਲਾਈ ਕਰਦਾ ਰਹਿੰਦਾ ਸੀ ਅਤੇ ਹੁਣ ਦਿਲਰੁਬਾ ਵੀ ਸਿਖਣੀ ਅਰੰਭੀ ਸੀ । ਦਿਲਰੁਬਾ ਦੇ ਨਾਲ ਗਾਇਨ ਕੀਤਾ ਹੋਇਆ ਉਸ ਦਾ ਇਕ ਸ਼ਬਦ ਟੇਪਰੀਕਾਰਡ ਕੀਤਾ ਹੋਇਆ ਉਨ੍ਹਾਂ ਦੇ ਘਰ ਮੌਜੂਦ ਹੈ ਅਤੇ ਉਹ ਸ਼ਬਦ ਹੈ—

ਚਤੁਰਰ ਦਿਸ਼ਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖੁ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥
ਹਰਿ ਜਨ ਰਾਖੇ ਗੁਰ ਗੋਬਿੰਦ ॥
ਕੰਠ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ਰਹਾਉ॥
ਜੋ ਮਾਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚ ਹੋਵੈ ॥੨॥੧੪॥੪੫॥

ਕਿਰਪਾਨਾਂ ਦਾ ਕੰਮ ਚਾਲੂ ਕਰਨ ਤੇ ਭਾਈ ਧਰਮਬੀਰ ਸਿੰਘ ਪਾਸ ਗੁਰਸਿਖਾਂ ਦਾ ਆਉਣ ਜਾਣ ਕਾਫ਼ੀ ਵਧ ਗਿਆ ਸੀ। ਆਪ ਗੁਰਸਿੱਖਾਂ ਨਾਲ ਪਿਆਰ ਵੀ ਬਹੁਤ ਕਰਦੇ ਸਨ ਅਤੇ ਆਏ ਗਏ ਗੁਰਸਿਖਾਂ ਦੀ ਸੇਵਾ ਵੀ ਤਨੋਂ ਮਨੋਂ ਕਰਦੇ ਸਨ।

ਜਿਸ ਕਿਸੇ ਗੁਰਸਿਖ ਨੂੰ ਮਾਇਕ ਲੋੜ ਪੈਣੀ ਤਾਂ ਕਈ ਵਾਰ ਆਪਦੀ ਵਿਤ ਤੋਂ ਵੀ ਵਧ ਉਸਦੀ ਮਾਇਕ ਸਹਾਇਤਾ ਕਰਨੀ ਅਤੇ ਉਸ ਪਾਸੋਂ ਮੁੜ ਕਦੇ ਵੀ ਵਾਪਸ ਨਾ ਮੰਗਣੀ, ਭਾਵੇਂ ਆਪਣੇ ਘਰ ਦਾ ਗੁਜ਼ਾਰਾ ਤੰਗੀ ਨਾਲ ਵੀ ਕਰਨਾ ਪੈ ਜਾਂਦਾ।

ਭਾਈ ਧਰਮਬੀਰ ਸਿੰਘ ਜੀ ਦਾ ਭਾਈ ਫੌਜਾ ਸਿੰਘ ਜੀ ਨਾਲ ਮੇਲ-ਮਿਲਾਪ ਦਿਨ-ਬ-ਦਿਨ ਵਧਦਾ ਰਿਹਾ ਅਤੇ ਗੁਰੂ ਪਾਤਸ਼ਾਹ ਜੀ ਨਮਿਤ ਕੀਤੇ ਜਾਣ ਵਾਲੇ ਧਰਮ ਦੇ ਕਾਰਜਾਂ ਵਿਚ ਇਹ ਮੋਢੇ ਨਾਲ ਮੋਢਾ ਡਾਹ ਕੇ ਚਲਦਾ ਹੁੰਦਾ ਸੀ। ਕੁਝ ਚਿਰ ਪਹਿਲੋਂ ਜਦੋਂ ਗੁਰੂ ਕੇ ਮਹਿਲ ਅਤੇ ਟੋਭਾ ਭਾਈ ਸਾਲ੍ਹੋ ਜੀ ਵਿਖੇ ਕੁਝ ਸ਼ਰਾਰਤੀ ਅਨਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕੀਤੀ ਅਤੇ ਗੁਰੂ ਕੇ ਮਹਿਲ ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਵੀ ਭਾਈ ਫੌਜਾ ਸਿੰਘ ਤੇ ਹੋਰਾਂ ਸਿੰਘਾਂ ਦੇ ਨਾਲ ਭਾਈ ਧਰਮਬੀਰ ਸਿੰਘ ਜੀ ਉਥੇ ਪੁਜੇ ਸਨ ਅਤੇ ਸ਼ਰਾਰਤੀ ਅਨਸਰ ਪਾਸੋਂ ਵਟੇ-ਰੋੜੇ ਤੇਜ਼ਾਬ ਦੀਆਂ ਬੋਤਲਾਂ ਦੇ ਵਾਰ ਸਹਿ ਕੇ ਉਨ੍ਹਾਂ ਨੂੰ ਸਿੱਖੀ ਅਣਖ ਵਿਖਾ ਕੇ ਚਕ੍ਰਿਤ ਕਰ ਦਿਤਾ ਸੀ। ਉਸ ਕੇਸ ਵਿਚ ਸਿੰਘਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਅਤੇ ਭਾਈ ਧਰਮਬੀਰ ਸਿੰਘ ਨੇ ਵੀ ਤਿੰਨ ਕੁ ਮਹੀਨੇ ਸਿੰਘਾਂ ਦੇ ਨਾਲ ਜੇਲ੍ਹ ਕਟੀ।

ਹੁਣ ਵਿਸਾਖੀ ਦੇ ਇਸ ਖ਼ੂਨੀ ਸਾਕੇ ਵਿਚ ਵੀ ਇਹ ਸਾਢੇ ਪੰਜ ਫੁਟ ਦਾ ਬੀਰ-ਬਾਂਕੜਾ ਜੁਆਨ ਆਪਣੇ ਸਿੰਘਾਂ ਵੀਰਾਂ ਦੇ ਨਾਲ ਨਕਲੀ ਨਿਰੰਕਾਰੀਆਂ ਨੂੰ ਗੁਰੂ ਪਾਤਸ਼ਾਹ ਪ੍ਰਤੀ ਕੁਬੋਲ ਬੋਲਾਂ ਤੋਂ ਰੋਕਣ ਲਈ ਗਿਆ ਅਤੇ ਉਥੇ ਹੀ ਵੀਰਾਂ ਦੇ ਨਾਲ ਇਸ ਪੰਝੀ ਸਾਲ ਦੀ ਯੁਬਾ ਉਮਰ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਿਆ। ਦੋ-ਚਾਰ ਮਹੀਨਿਆਂ ਨੂੰ ਪਰਵਾਰ ਨੇ ਬੱਚੇ ਦਾ ਅਨੰਦ ਕਾਰਜ ਰਖਿਆਂ ਹੋਇਆ ਸੀ, ਪਰ ਇਹ ਉਸ ਤੋਂ ਪਹਿਲਾਂ ਹੀ ਮੌਤ-ਲਾੜੀ ਨਾਲ ਅਨੰਦ ਰਚਾ ਕੇ ਗੁਰੂ ਚਰਨਾਂ ਵਿਚ ਜਾ ਬਿਰਾਜਿਆ ਹੈ।

ਸ਼ਹੀਦ ਜੱਥੇਦਾਰ ਰਣਬੀਰ ਸਿੰਘ ਜੀ ਫੌਜੀ, ਮਹਿਤਾ

ਭਾਈ ਸਾਹਿਬ ਅਮਰੀਕ ਸਿੰਘ ਜੀ, ਮਹਿਤਾ

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਸਤੰਬਰ ੧੯੨੯ ਈ: ਵਿਚ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ। ਸ: ਕਾਲਾ ਸਿੰਘ ਜੀ ਪਿੰਡ ਬਰਾਜ ਜ਼ਿਲ੍ਹਾ ਫਰੀਦਕੋਟ ਵਿਚ ਵਾਹੀ ਦਾ ਕੰਮ ਕਰਦੇ ਸਨ। ਜੈਤੋ ਦੇ ਮੋਰਚੇ ਸਮੇਂ ੧੪ ਸਾਲ ਦੀ ਕੈਦ ਹੋਈ, ਜਿਸ ਵਿਚੋਂ ੫ ਸਾਲ ਕੱਟੀ। ਸਰਦਾਰ ਭਗਤ ਸਿੰਘ ਦੀ ਨੌਜੁਆਨ ਸਭਾ ਵਿਚ ਵੀ ਕੰਮ ਕੀਤਾ। ਮਾਤਾ ਵੀ ਜੈਤੋ ਵਾਲੇ ਮੋਰਚੇ ਵਿਚ ਨਾਲ ਸੀ।

੬ ਸਾਲ ਦੀ ਉਮਰ ਤੋਂ ਹੀ ਭਾਈ ਰਣਬੀਰ ਸਿੰਘ ਅੰਮ੍ਰਿਤਧਾਰੀ ਬਣ ਗਿਆ। ਮੁਢਲੀ ਵਿਦਿਆ ਪ੍ਰਾਪਤ ਕਰਨ ਉਪਰੰਤ ਫੌਜ ਦੀ ਨੌਕਰੀ ਕਰ ਲਈ। ਪੰਜ ਬਾਣੀਆਂ ਅਤੇ ਸੁਖਮਨੀ ਸਾਹਿਬ ਜ਼ਬਾਨੀ ਯਾਦ ਸਨ। ਪੰਜ ਗ੍ਰੰਥੀ ਦਾ ਨਿਤਨੇਮੀ ਸੀ। ਫੌਜ ਵਿਚ ਧਾਰਮਿਕ ਸਰਗਰਮੀਆਂ ਵਿਚ ਮੁਖੀ ਹੁੰਦਾ ਸੀ।

੨੦ ਸਾਲ ਫੌਜ ਦੀ ਨੌਕਰੀ ਕਰਨ ਉਪਰੰਤ ਹੌਲਦਾਰੀ ਪੈਨਸ਼ਨ ਲੈ ਕੇ ਸੰਤ ਕਰਤਾਰ ਸਿੰਘ ਜੀ ਖਾਲਸਾ ਜੱਥਾ ਭਿੰਡਰਾਂ ਮਹਿਤਾ ਦੇ ਨਾਲ ਆ ਰਲੇ। ਮਨ ਦੀ ਮਜ਼ਬੂਤੀ ਤੇ ਦ੍ਰਿੜ੍ਹਤਾ ਦੇ ਕਾਰਨ ਹੀ ਸੰਤਾਂ ਨੇ ਮਹਿਤਾ ਗੁਰਦੁਆਰਾ ਦੀ ਉਸਾਰੀ ਲਈ ਆਪ ਨੂੰ ਜਥੇਦਾਰ ਬਣਾਇਆ ਹੋਇਆ ਸੀ। ਆਪ ਨੇ ਮਾਸਿਕ ਪੈਨਸ਼ਨ ਅਤੇ ਆਪਣਾ ਟਰੈਕਟਰ ਟਰਾਲੀ ਵੇਚ ਕੇ ਵੀ ਸੇਵਾ ਵਿਚ ਹੀ ਲਾ ਦਿਤਾ।

ਘੁਮਾਣ, ਮਹਿਤਾ, ਕ ਦੀਆਂ ਅਤੇ ਅੰਮ੍ਰਿਤਸਰ ਵਿਖੇ ਪਖੰਡੀ ਗੁਰੂਆਂ ਵਿਰੁਧ ਲਗੇ ਮੋਰਚਿਆਂ ਵਿਚ ਫੌਜੀ ਜੀ ਜਥੇਦਾਰ ਸਨ। ਗੁਰੂ-ਨਿੰਦਕਾਂ ਵਿਰੁੱਧ ਰੋਹ ਲੂੰ-ਲੂੰ ਵਿਚ ਭਰਿਆ ਹੋਇਆ ਸੀ। ੧੩ ਅਪ੍ਰੈਲ ਦੀ ਵਿਸਾਖੀ ਵਾਲੇ ਦਿਨ ਹੋਰਨਾਂ ਵੀਰਾਂ ਵਾਂਗ ਆਪ ਵੀ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਸ਼ਹੀਦੀ ਸਾਕੇ ਤੋਂ ਦੋ ਦਿਨ ਪਹਿਲਾਂ ੧੧ ਅਪ੍ਰੈਲ ਨੂੰ ਭਾਈ ਰਣਬੀਰ ਸਿੰਘ ਜੀ ਸ੍ਰੀ ਗੋਇੰਦਵਾਲ ਸਾਹਿਬ ਪੁਜੇ ਅਤੇ ਉਥੇ ਬਾਉਲੀ ਸਾਹਿਬ ਵਿਖੇ ਪਉੜੀਆਂ ਤੇ ਚਉਰਾਸੀ ਪਾਠ ਕਰਕੇ ਸੱਚੇ ਪਾਤਸ਼ਾਹ ਜੀ ਪਾਸ ਇਉਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ, ਚੌਰਾਸੀ ਦਾ ਪਿਛਲਾ ਲੇਖਾ ਤਾਂ ਆਪ ਨੇ ਨਿਬੇੜ ਦਿਤਾ ਹੈ, ਹੁਣ ਕਿਰਪਾ ਕਰੋ ਤੇ ਇਸ ਨਿਮਾਣੇ ਸਰੀਰ ਨੂੰ ਆਪਣੇ ਲੇਖੇ ਲਾ ਲਵੋ ਤਾਂ ਜੁ ਕਿਧਰੇ ਅਗੋਂ ਕੋਈ ਨਵਾਂ ਲੇਖਾ ਨਾ ਸਿਰ ਚੜ੍ਹ ਜਾਵੇ। ਭਾਣੇ ਅੰਦਰ ਗੁਰੂ-ਦਰਬਾਰ ਵਿਚ ਇਨ੍ਹਾਂ ਦੀ ਇਹ ਅਰਦਾਸ ਪਰਵਾਨ ਹੋ ਗਈ।

ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ

ਬਾਬਾ ਦਰਸ਼ਨ ਸਿੰਘ ਜੀ ਦਾ ਜਨਮ ਤਸੀਲ ਬਟਾਲਾ ਵਿਖੇ ਪਿੰਡ ਨਵਾਂ ਵੈਰੋ ਨੰਗਲ ਸਰਦਾਰ ਅੱਛਰ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ ੬੫ ਤੇ ੭੦ ਸਾਲ ਦੇ ਦਰਮਿਆਨ ਸੀ। ਬਚਪਨ ਤੋਂ ਹੀ ਆਪ ਦੀਆਂ ਰੁਚੀਆਂ ਧਾਰਮਕ ਸਨ। ਆਪ ਦੇ ਮਾਤਾ-ਪਿਤਾ ਅੰਮ੍ਰਿਤਧਾਰੀ ਸਨ ਅਤੇ ਆਪ ਨੇ ਵੀ ਦਸ ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਲਿਆ। ਚਾਹੇ ਆਪ ਨੇ ਸਕੂਲੀ ਵਿਦਿਆ ਤਾਂ ਕੋਈ ਖਾਸ ਨਹੀਂ ਪ੍ਰਾਪਤ ਕੀਤੀ, ਪਰ ਆਪ ਜੀ ਗੁਰਮਤਿ ਵਿਦਿਆ ਵਿਚ ਪਰਬੀਨ ਸਨ। ਆਪ ਜੀ ਨਿਤਨੇਮੀ ਤੇ ਤਕੜੇ ਅਖੰਡਪਾਠੀ ਸਨ। ਪੰਜਾਂ

ਬਾਣੀਆਂ ਤੋਂ ਇਲਾਵਾ ਆਸਾ ਦੀ ਵਾਰ ਅਤੇ ਸੁਖਮਨੀ ਸਾਹਿਬ ਵੀ ਆਪ ਦਾ ਨਿਤਨੇਮ ਸੀ। ਆਪ ਜੀ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਾਈ।

ਆਪ ਜੀ ਚੇਲੇਆਣੇ ਸਾਹਿਬ ਵੀਹ ਸਾਲ ਰਹੇ ਅਤੇ ਉਥੋਂ ਦੇ ਸ਼ਹੀਦੀ ਸਾਕੇ ਵਿਚ ਆਪ ਸ਼ਾਮਲ ਸਨ। ਚੇਲੇਆਣੇ ਸਾਕੇ ਵਿਚ "ਸੁਤੰਤਰਤਾ ਸੰਗਰਾਮੀ" ਪੈਨਸ਼ਨ ਦੋ ਸੌ ਰੁਪੈ ਮਹੀਨਾ ਇਨ੍ਹਾਂ ਨੂੰ ਮਿਲਦੀ ਰਹੀ। ਇਸ ਸਾਕੇ ਤੋਂ ਬਾਅਦ ਸ਼ਹੀਦ ਸਿੰਘਾਂ ਨਮਿਤ ਇਸ ਅਸਥਾਨ ਤੇ ੧੦੧ ਸ੍ਰੀ ਅਖੰਡ ਪਾਠਾਂ ਵਿਚ ਇਹ ਸੇਵਾ ਕਰਦੇ ਰਹੇ। ਉਪਰੰਤ ੨੦੨ ਸ੍ਰੀ ਅਖੰਡ ਪਾਠ ਇਨ੍ਹਾਂ ਸ਼ਹੀਦ ਸਿੰਘਾਂ ਨਮਿਤ ਪਿੰਡ ਕਾਲੇਕੇ ਰਖੇ ਗਏ। ਆਪ ਜੀ ਡੇਢ ਕੁ ਸਾਲ ਉਥੇ ਰਹਿ ਕੇ ਸ੍ਰੀ ਅਖੰਡ ਪਾਠਾਂ ਦੀ ਸੇਵਾ ਕਰਦੇ ਰਹੇ।

ਉਪਰੰਤ ਆਪ ਜੀ ਆਪਣੇ ਨਵੇਂ ਵੈਰੋ ਨੰਗਲ ਦੇ ਨਾਲ ਵੈਰੋਨੰਗਲ ਵਿਚ ਛੇਵੇਂ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਗੁਰਦੁਆਰਾ "ਗੁਰੂਆਣਾ ਸਾਹਿਬ" ਵਿਖੇ ਆ ਟਿਕੇ। ਇਥੇ ਆਪ ਜੀ ਨੇ ਗ੍ਰੰਥੀ ਰਹਿ ਕੇ ਬੜੀ ਸੇਵਾ ਕੀਤੀ ਅਤੇ ਕਈਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿਖਾ ਕੇ ਅਖੰਡ ਪਾਠੀ ਬਣਾਇਆ। ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ ਸੰਭਾਲ ਕਰਦਿਆਂ ਹੋਇਆਂ ਇਕ ਅੰਬਾਂ ਦਾ ਬਾਗ ਲਾਇਆ। ਆਪ ਬਿਬੇਕ ਦਾ ਪਰਸ਼ਾਦਾ ਆਪਣੀ ਹਥੀਂ ਤਿਆਰ ਕਰਕੇ ਛਕਦੇ ਹੁੰਦੇ ਸਨ। ਆਪ ਸਰਬ ਲੋਹ ਦਾ ਸਿਮਰਨਾ ਸਦਾ ਹੱਥ ਵਿਚ ਰਖਦੇ ਸਨ।

ਨੌਂ-ਦਸ ਸਾਲ ਗੁਰਦੁਆਰਾ ਗੁਰੂਆਣਾ ਸਾਹਿਬ ਵਿਖੇ ਸੇਵਾ ਕਰਕੇ ਆਪ ਜੀ ਡੇਰਾ ਮਹਿਤਾ ਵਿਖੇ ਆ ਟਿਕੇ। ਇਥੇ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਆਪ ਨੂੰ ਡੇਰੇ ਦੀ ਜ਼ਮੀਨ ਦਾ ਜੱਥੇਦਾਰ ਥਾਪ ਦਿਤਾ। ਆਪ ਜੀ ਤਨ, ਮਨ ਤੇ ਧਨ ਨਾਲ ਇਹ ਸੇਵਾ ਆਖਰੀ ਦਮ ਤਕ ਨਿਭਾਂਦੇ ਰਹੇ। ਆਪ ਜੀ ਵਾਹੀ ਦਾ ਕੰਮ ਬੜੀ ਲਗਨ ਨਾਲ ਕਰਦੇ ਸਨ ਅਤੇ ਆਪਣਾ ਡੇਰਾ ਬਾਹਰ ਬੰਬੀ ਉਤੇ ਹੀ ਰਖਦੇ ਸਨ। ਅਤੇ ਆਪ ਜੀ ਆਪਣੀ ਪੈਨਸ਼ਨ ਡੇਰੇ ਨੂੰ ਦੇ ਦੇਂਦੇ ਸਨ।

ਗੁਰ ਨਿੰਦਕਾਂ ਨੂੰ ਐਸੀ ਸਜ਼ਾ ਦਿਉ ਕਿ ਫਿਰ ਕੋਈ ਐਸਾ ਨਾ ਕਰੇ

ਇਹ ਨਿਰੰਕਾਰੀਏ ਨਹੀਂ ਹਨ, ਨਿਰੇ ਵਿਕਾਰੀਏ ਹਨ

ਪ੍ਰਿੰਸੀਪਲ ਸਤਿਬੀਰ ਸਿੰਘ ਜੀ

ਜੋ ਦੇਖੀ ਹਿਸਟਰੀ ਇਸ ਬਾਤ ਪਰ ਕਾਮਲ ਯਕੀਂ ਆਇਆ।
ਉਸੇ ਜੀਣਾ ਨਹੀਂ ਆਇਆ, ਜਿਸੇ ਮਰਨਾ ਨਹੀਂ ਆਇਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜਨਮ ਜੁਲਾਈ ਦੀ ਸੱਤ ੧੮੭੮ ਨੂੰ ਹੋਣ ਕਾਰਨ, ਸਾਰਾ ਸਿਖ ਜਗਤ ਤੇ ਉਚੇਚੇ ਤੌਰ ਤੇ ਉਨ੍ਹਾਂ ਦੇ ਪਿਆਰ ਵਾਲੇ ਅਖੰਡ ਕੀਰਤਨੀ ਜਥੇ ਸੌ ਸਾਲਾ ਯਾਦ ਮਨਾ ਰਹੇ ਸਨ। ਕੀਰਤਨ ਦਾ ਕਰਤਵ ਹੀ ਬਿਦੇਹੀ ਕਰਨਾ ਹੈ ਅਤੇ ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਵਾਲੇ ਦੇ ਜਥੇ ਸਰੀਰ ਵਾਰ ਕੇ ਸਾਬਤ ਕਰ ਗਏ ਕਿ ਗੁਰੂ ਨਿੰਦਾ ਕੰਨੀ ਨਹੀਂ ਸੁਣਨੀ। ਇਸ ਤੋਂ ਉਤਮ ਢੋਆ ਉਹ ਕੀ ਭੇਟ ਕਰ ਸਕਦੇ ਸਨ। ਸਾਬਤ ਕਰਕੇ ਟੁਰ ਗਏ ਕਿ ਉਸੇ ਜੀਣਾ ਨਹੀਂ ਆਇਆ, ਜਿਸੇ ਮਰਨਾ ਨਹੀਂ ਆਇਆ।

ਸਾਕਾ ਇਸ ਤਰ੍ਹਾਂ ਹੋਇਆ ਕਿ ਅਖੰਡ ਕੀਰਤਨੀ ਜਥੇ ਵੈਸਾਖੀ ਦੇ ਪੁਰਬ ਤੇ ਸ੍ਰੀ ਅੰਮ੍ਰਿਤਸਰ ਭਾਈ ਰਣਧੀਰ ਸਿੰਘ ਜੀ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਸਨ। ਕੀਰਤਨ ਦਾ ਪਰਵਾਹ ਚਲ ਰਹਿਆ ਸੀ। ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ ਦੇ ਜਥੇ ਦੇ ਸੇਵਕ ਭਾਈ ਜਰਨੈਲ ਸਿੰਘ ਜੀ ਦੀ ਅਗਵਾਈ ਹੇਠਾਂ ਸ੍ਰੀ ਅੰਮ੍ਰਿਤਸਰ ਦਰਸ਼ਨਾਂ ਨੂੰ ਆਏ ਹੋਏ ਸਨ। ਖਾਲਸੇ ਦਾ ਜਨਮ ਦਿਨ ਹੋਣ ਕਾਰਨ ਸੰਗਤਾਂ ਨੇੜੇ ਦੂਰ ਤੋਂ ਵੀ ਪੁਜੀਆਂ ਹੋਈਆਂ ਸਨ।

ਕਈ ਦਿਨਾਂ ਤੋਂ ਵਡੇ-ਵਡੇ ਇਸ਼ਤਿਹਾਰਾਂ ਰਾਹੀਂ, ਅਖਬਾਰਾਂ ਦੇ ਕਾਲਮ ਖਰੀਦ ਕੇ ਗੁਰ ਨਿੰਦਕ 'ਨਿਰੇ ਹੀ ਵਿਕਾਰੀਏ' ਅੰਮ੍ਰਿਤਸਰ ਇਕੱਠੇ ਹੋ ਰਹੇ ਸਨ ਤੇ ਪਰਚਾਰ ਦਾ ਧੁਰਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਸਾਜੇ, ਉਹ ਵਿਭਚਾਰੀ ਗੁਰਬਚਨ ਸਿੰਘ, ਸੱਤ ਬਣਾਏਗਾ। ਗੁਰੂ ਪਾਤਸ਼ਾਹਾਂ ਦੀਆਂ ਨਕਲਾਂ, ਰੀਸਾਂ, ਮਜ਼ਾਕ ਤੇ ਮਖੌਲ ਤਾਂ ਕਰਦੇ ਹੀ ਸਨ, ਪਰ ਇਹ ਅਤਿ ਸੀ। ਸਰੋਵਰ ਦੀ ਪਵਿਤ੍ਰ ਸੇਵਾ ਨੂੰ ਉਹ ਮੂਰਖ ਬੇਕਾਰ ਸੇਵਾ ਕਹਿੰਦਾ ਸੀ। ਨੋਟਾਂ ਨਾਲ ਤੁਲਵਾ ਕੇ ਉਤੇ ਇਹ ਤੁੱਕ 'ਆਪੇ ਕੰਡਾ ਤੋਲ ਤਰਾਜੀ, ਆਪੇ ਤੋਲਣ ਹਾਰਾ' ਲਿਖ ਕੇ ਗੁਰਬਾਣੀ ਦਾ ਨਿਰਾਦਰ ਕਰਦਾ ਸੀ। ਆਪਣੇ ਆਪ ਨੂੰ ਰਾਮ, ਕ੍ਰਿਸ਼ਨ, ਗੁਰੂ ਨਾਨਕ ਦੀ ਲੜੀ ਵਿਚ ਮੇਰ ਮਣਕਾ ਕਹਿਲਾਂਦਾ ਹੈ। ਖੁਲੇ-ਡੁਲੇ ਸਮਾਜ (ਪਰਮਿਸਵ ਸੁਸਾਇਟੀ) ਦਾ ਉਹ ਧਾਰਨੀ ਹੈ। ਪਰਚਾਰ ਇਹ ਕਰਦਾ ਹੈ ਕਿ ਸ਼ਰਾਬ ਆਤਮਕ ਅਵਸਥਾ ਵਿਚ ਕੋਈ

ਰੁਕਾਵਟ ਨਹੀਂ। ਗਾਂ ਤੇ ਸੂਰ ਦੇ ਮਾਸ ਨੂੰ ਰਲਾ ਕੇ ਖਾਣ ਤੇ ਜ਼ੋਰ ਦੇਂਦਾ ਹੈ। ਬੀਵੀਆਂ ਦੀ ਸਵੈਪਿੰਗ (ਬਦਲਣ) ਨੂੰ ਕਰਮ ਕਹਿੰਦਾ ਹੈ। ਨਾਮ ਦੇਣ ਦੇ ਬਹਾਨੇ ਕਾਮ ਦਾ ਖੇਲ ਖੇਲਦਾ ਹੈ ਅਤੇ ਪੱਤ ਲੁਟਾ ਚੁਕੇ ਫਿਰ ਬੋਲਦੇ ਨਹੀਂ। ਹਰ ਸਤਿਸੰਗ ਵਿਚ ਜ਼ਰ ਖਰੀਦ ਇਹ ਜ਼ਰੂਰ ਕਹਿੰਦੇ ਕਿ ਅਸਾਂ ਗੁਰੂ ਗ੍ਰੰਥ ਪੜ੍ਹ ਲਿਆ ਕੁਝ ਨਹੀਂ ਮਿਲਿਆ, ਸਭ ਗੁਰਬਚਨ ਸਿੰਘ ਕੋਲ ਹੈ। ਗੁਰੂ ਸਾਹਿਬਾਨ ਦੇ ਪਰਵਾਰਾਂ ਦੇ ਨਾਂ ਆਪਣੇ ਪਰਵਾਰ ਦੇ ਰੱਖ ਕੇ ਪ੍ਰਸਿਧ ਕਰ ਰਹਿਆ ਹੈ। ਚੌਰ ਝੁਲਾਣਾ, ਗੱਦੀਆਂ ਲਗਾਉਣਾ ਤੇ ਮੰਦਾ ਬੋਲਣਾ, ਉਸ ਦੇ ਸੁਭਾਅ ਵਿਚ ਹੈ। ਭਾਈ ਗੁਰਦਾਸ ਜੀ ਨੇ ਐਸੇ ਗੁਰ-ਨਿੰਦਕ ਦੇਖ ਕੇ ਹੀ ਇਕ ਪੂਰੀ ਵਾਰ ਲਿਖੀ। ਉਨ੍ਹਾਂ ਲਿਖਿਆ ਸੀ, 'ਗਣਤ ਗਣੈ ਗੁਰਦੇਵ ਦੀ ਤਿਸ ਦੁਖਿ ਵਿਹਾਵੈ'। ਐਸੇ ਲੋਕ ਆਪਣਾ ਜਨਮ ਤਾਂ ਗਵਾ ਹੀ ਗਏ ਹਨ, ਹੋਰਨਾਂ ਨੂੰ ਪੁਠੇ ਰਾਹ ਪਾਂਦੇ ਹਨ। ਭਾਈ ਜੀ ਨੇ 'ਮੁਹੁ ਕਾਲੇ ਮੀਣਾ, ਦਰਗਹਿ ਮੀਣਾ ਮਾਰੀਐ', ਜਮਪੁਰਿ ਜਾਣਾ ਦੇ ਸ਼ਬਦ ਉਨ੍ਹਾਂ ਲਈ ਵਰਤੇ ਸਨ। ਉਦਾਹਰਣਾਂ ਵੀ ਉਨ੍ਹਾਂ ਦਿਤੀਆਂ ਕਿ ਜਿਵੇਂ ਸ਼ਿਕਾਰੀ ਘੰਟਾਹੇਰੀ ਦਾ ਵਾਜਾ ਵਜਾ ਕੇ ਵਿਚਾਰੇ ਹਿਰਨ ਨੂੰ ਫਾਹ ਲੈਂਦਾ ਹੈ, ਮਾਛੀ ਕੁੰਡੀ ਵਿਚ ਮਾਸ ਦੀ ਬੋਟੀ ਲਾ ਕੇ ਮੱਛੀ ਨੂੰ ਫਸਾ ਲੈਂਦਾ ਹੈ, ਕੰਮਲ ਮੂੰਹ ਖਿੜਾ ਕੇ ਹਸਦਾ ਹੈ ਅਤੇ ਭਵਰੇ ਨੂੰ ਫਸਾ ਲੈਂਦਾ ਹੈ, ਕਾਗਜ਼ ਦੀ ਹਥਣੀ, ਹਾਥੀ ਵਰਗੇ ਬਲਵਾਨ ਨੂੰ ਖਿਚ ਲੈਂਦੀ ਹੈ, ਇਸੇ ਤਰ੍ਹਾਂ ਇਹ ਨਿੰਦਕ, ਮੀਣੇ ਤਮਾਸ਼ਾ ਕਰਕੇ ਭੋਲੇ-ਭਾਲੇ ਮਨੁੱਖਾਂ ਨੂੰ ਫਾਹੀ ਵਿਚ ਫਸਾ ਲੈਂਦੇ ਹਨ। ਭਾਈ ਜੀ ਨੇ ਚਿਤਾਵਨੀ ਦਿਤੀ ਕਿ ਜਿਵੇਂ ਚਾਂਦਨੀ ਰਾਤ ਨੂੰ ਬੱਚੇ ਇਕੱਠੇ ਹੋ ਕੇ ਖੇਡਾਂ ਪਾਉਂਦੇ ਹਨ, ਕੋਈ ਰਾਜਾ, ਕੋਈ ਪਰਜਾ ਬਣ ਜਾਂਦਾ ਹੈ, ਉਲਟੇ-ਪੁਲਟੇ ਕਈ ਸਾਂਗ ਧਾਰਦੇ ਹਨ, ਥੋੜੇ ਚਿਰ ਨੂੰ ਖੇਡ ਉਜਾੜ ਕੇ ਘਰੋ-ਘਰੀ ਨੱਸ ਕੇ ਆ ਜਾਂਦੇ ਹਨ, ਇਸ ਤਰ੍ਹਾਂ ਬਿਨਾਂ ਗੁਣ, ਸਿਰਫ਼ ਸ਼ਰਾਰਤ ਲਈ ਤੇ ਦੁਬਿਧਾ ਪਾਉਣ ਲਈ ਜੋ ਗੁਰੂ ਬਣ ਬੈਠੇ ਹਨ ਉਹ ਮਨ ਦੇ ਖੋਟੇ ਤੇ ਪਸ਼ੂ ਹਨ। ਇਨ੍ਹਾਂ ਦੀ ਖੇਡ ਵੀ ਉਜੜ ਜਾਏਗੀ। 'ਵਿਣੁ ਗੁਣੁ ਗੁਰੂ ਸਦਾਇਦੇ, ਓਇ ਖਟੇ ਮੱਠੇ'। ਇਕ ਹੋਰ ਦ੍ਰਿਸ਼ਟਾਂਤ ਭਾਈ ਸਾਹਿਬ ਨੇ ਦਿਤਾ ਜੋ ਇਸ ਗੁਰਬਚਨ ਸਿੰਘ ਤੇ ਪੂਰਾ ਢੁਕਦਾ ਹੈ। ਉਹ ਲਿਖਦੇ ਹਨ ਕਿ ਕੋਈ ਖੁਸਰਾ ਪੁਰਸ਼ਾਂ ਵਾਲਾ, ਸਾਰਾ ਵੇਸ ਕਰੇ, ਪੰਜ ਕਪੜੇ ਵੀ ਪਹਿਣ ਲਵੇ, ਮੁੱਛਾਂ ਤੇ ਦਾਹੜੀ ਵੀ ਸੋਹਣੀ ਲਾ ਲਵੇ, ਡੀਲ ਵੀ ਛੀਟਕਾ ਬਣਾ ਲਵੇ, ਹਥਿਆਰ ਬਣਾ ਕੇ ਸੂਰਮਾ ਤੇ ਚੌਧਰੀ ਵੀ ਬਣ ਬੈਠੇ, ਦੀਵਾਨ ਲਗਾ ਕੇ ਮੁਖੀਆ ਵੀ ਹੋ ਜਾਵੇ, ਸਾਰਾ ਦੇਸ਼ ਉਸ ਨੂੰ ਮੁਖੀਆ ਵੀ ਜਾਣ ਲਵੇ ਪਰ ਪੁਰਖਤ ਬਿਨਾਂ ਉਸ ਨੂੰ ਪੁਰਖ ਨਾ ਗਿਣ, ਕਿਉਂਕਿ ਵਹੁਟੀ ਉਸ ਨੂੰ ਕੀਹ ਕਰੇ, ਉਹ ਜਗਿਆਸੂਆਂ ਲਈ ਨਿਕੰਮੇ ਹਨ।

ਪਹਣੇ ਪੰਜੇ ਕਪੜੇ, ਪੁਰਸਾਵਾਂ ਵੇਸੁ ॥
ਮੁਛਾ ਦਾਹੜੀ ਸੋਹਣੀ, ਬਹੁ ਦੁਰਬਲ ਵੇਸੁ ॥
ਸੈ ਹਥਿਆਰੀ ਸੂਰਮਾ, ਪੰਜੀ ਪਰਵੇਸੁ ॥
ਮਾਹਰੁ ਦੜ ਦੀਬਾਣ ਵਿਚਿ ਜਾਣੇ ਸਭੁ ਦੇਸ਼ ॥

ਪੂਰਵ ਗੁਣ ਪੁਰਖਤੁ, ਵਿਣੁ ਕਾਮਣਿ ਕਿ ਕਰੇਸ਼ ॥
ਵਿਣ ਗੁਣ ਗੁਰੂ ਸਦਾਇਦੇ, ਕਉਣ ਕਰੇ ਆਦੇਸ ॥੧੧॥੩੯॥

ਇਕ ਹੋਰ ਉਦਾਹਰਣ ਭਾਈ ਜੀ ਨੇ ਦਿਤੀ ਹੈ ਕਿ ਵੈਸਾਖ ਵਿਚ ਕੂੰਜਾਂ ਪਰਾਈਆਂ ਜੂਹਾਂ ਵਿਚ ਆ ਬੈਠਦੀਆਂ ਹਨ, ਪਰ ਉਥੇ ਸਦਾ ਬੈਠ ਨਹੀਂ ਸਕਦੀਆਂ ਇਸੇ ਤਰ੍ਹਾਂ ਇਹ ਗੁਰਬਚਨ ਸਿੰਘ ਵੈਸਾਖੀ ਨੂੰ ਪਰਾਈ ਜੂਹ ਸ੍ਰੀ ਅੰਮ੍ਰਿਤਸਰ ਆਣ ਪੁਜਾ।

ਮੰਦੇ ਬੋਲਾਂ ਤੇ ਗੰਦੇ ਇਰਾਦਿਆਂ ਦੀਆਂ ਸਰੋਤਾਂ ਜਦ ਕੰਨੀ ਪਈਆਂ ਤਾਂ 'ਗੁਰ ਨਿੰਦਾ ਸੁਣੈ ਨ ਕਾਨ' ਦੇ ਹੁਕਮ ਤੇ ਟੁਰਦਿਆਂ ਉਨ੍ਹਾਂ ਮਰਜੀਵੜਿਆਂ ਨੇ ਮਤਾ ਪਕਾਇਆ ਕਿ ਜੇ ਇਥੇ ਇਹ ਕਸੂਤੇ ਸ਼ਬਦ ਬੋਲ ਗਿਆ ਤਾਂ ਸਾਡਾ ਜੀਣਾ ਕਿਸ ਕੰਮ। ਇਹ ਧਾਰ ਕੇ ਸਿੰਘਾਂ ਦਾ ਜਥਾ ਗਿਆ ਕਿ ਹੱਥ ਨਹੀਂ ਉਠਾਉਣੇ ਤੇ ਸਿਰਫ ਇਹ ਜਾ ਕੇ ਕਹਿਣਾ ਹੈ ਕਿ ਪਖੰਡ ਜਿਤਨਾ ਮਰਜ਼ੀ ਕਰੀ ਜਾਓ ਪਰ ਗੁਰੂ ਮਹਾਰਾਜ ਦੀ ਸ਼ਾਨ, ਮਾਨ, ਤੇ ਮਰਯਾਦਾ ਵਿਰੁਧ ਬੋਲਣਾ ਬੰਦ ਕਰੋ ਤੇ ਇਥੋਂ 'ਸਿਫ਼ਤੀ ਦੇ ਘਰ' ਤੋਂ ਨਿੰਦਕੋ ਚਲੇ ਜਾਓ।

ਇਹ ਖਿਆਲ ਪੱਕਾ ਸੀ ਕਿ ਆਪਣੀ ਸਰਕਾਰ ਹੋਣ ਕਾਰਨ, ਘਟ ਤੋਂ ਘਟ ਇਤਨੀ ਲਗਾਤਾਰ ਗੋਲੀ ਚਲਾਉਣ ਦੀ ਜੁਰਅਤਿ ਨਹੀਂ ਕਰਨਗੇ ਪਰ ਸਰਕਾਰ ਵਿਚ ਗੁਰਬਚਨ ਸਿੰਘ ਦੇ ਇਤਨੇ ਪੁਰਜ਼ੇ ਸਨ ਕਿ ਸਰਕਾਰੀ ਮਸ਼ੀਨਰੀ ਉਨ੍ਹਾਂ ਦੇ ਹੀ ਇਸ਼ਾਰਿਆਂ ਤੇ ਚਲ ਰਹੀ ਸੀ। ਨਾਂ ਦੀ ਹੀ ਅਕਾਲੀ ਸਰਕਾਰ ਹੈ। ਜਨਤਾ ਦੇ ਮੁਖੀ ਲਾਲਾ ਜਗਤ ਨਰਾਇਣ, ਹਿਤ ਅਭਿਲਾਸ਼ੀ ਤੇ ਹੋਰ ਸ਼ਾਮਲ ਵੀ ਹੋ ਰਹੇ ਸਨ।

ਇਹ ਅਰਦਾਸ ਕਰਕੇ ਕਿ ਕਿਸੇ ਵੀ ਉਕਸਾਹਟ ਵੇਲੇ ਵੀ ਹੱਥ ਨਹੀਂ ਉਠਾਉਣਾ ਜਥਾ ਭਾਈ ਫੌਜਾ ਸਿੰਘ ਜੀ ਦੀ ਅਗਵਾਈ ਹੇਠਾਂ ਚਲ ਪਿਆ। ਅਜੇ ਪੰਡਾਲ ਜੋ ਰੇਲਵੇ ਸਟੇਡੀਅਮ ਵਿਚ ਸੀ, ਤੋਂ ਕੁਝ ਪਰ੍ਹਾਂ ਹੀ ਜਥਾ ਸੀ ਕਿ ਪੁਲੀਸ ਨੇ ਰੋਕਿਆ ਤਾਂ ਜਥੇ ਦੇ ਆਗੂ ਨੇ ਕਿਹਾ ਕਿ ਸਾਡਾ ਰੋਸ ਪਹੁੰਚਾਇਆ ਜਾਵੇ ਅਤੇ ਇਹ ਜਲਸਾ ਜੋ ਚਲ ਰਿਹਾ ਹੈ ਇਸ ਨੂੰ ਸਮਾਪਤ ਕਰਾਇਆ ਜਾਏ ਅਤੇ ਉਨ੍ਹਾਂ ਦੇ ਜਜ਼ਬਾਤ ਪਹੁੰਚਾਏ ਜਾਣ। ਪੁਲੀਸ ਅਧਿਕਾਰੀ ਮਾਯੂਸ ਹੋ ਕੇ ਮੁੜਿਆ ਹੀ ਸੀ ਕਿ ਹੋਰ ਸੁਨੇਹਾ ਆਇਆ ਕਿ ਗੁਰਬਚਨ ਸਿੰਘ ਕਹਿੰਦਾ ਹੈ ਕਿ ਪੈਗੰਬਰ ਕਿਸੇ ਤੋਂ ਡਰਦਾ ਨਹੀਂ, ਸਿੱਖਾਂ ਨੂੰ ਸਬਕ ਦੇ ਕੇ ਹੀ ਜਾਵੇਗਾ। ਅਜੇ ਇਹ ਸਨੇਹਾ ਪੁਜਿਆ ਹੀ ਸੀ ਕਿ ਗੋਲੀਆਂ ਦੀ ਬਾਰਸ਼ ਅਰੰਭ ਹੋ ਗਈ ਤੇ ਸ਼ਾਂਤ ਚਿੱਤ ਖੜੇ ਸਿੱਖਾਂ ਨੂੰ ਭੁੰਨ ਦਿਤਾ ਗਿਆ। ਇਧਰ ਗੋਲੀ ਚਲਦੀ ਰਹੀ, ਲਾਸ਼ਾਂ ਪਈਆਂ ਸਨ ਤੇ ਉਹ ਕਸਾਈ ਧੀਰਮਲ ਵਾਂਙ ਸਿੱਖ ਧਰਮ ਦਾ ਮਜ਼ਾਕ ਉਡਾ ਰਿਹਾ ਸੀ। ਕਿਤਨੂ ਕੁ ਮਦਦ ਸਰਕਾਰੀ ਮਸ਼ੀਨਰੀ ਉਨ੍ਹਾਂ ਦੇ ਹੱਥ ਚੜ੍ਹੀ ਸੀ ਜਾਂ ਅਵੇਸਲੀ ਸੀ, ਇਸ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਗੁਰਬਚਨ ਸਿੰਘ ਨੂੰ ਸ਼ਾਮ ਦੇ ਪੰਜ ਕੁ ਵਜੇ ਆਪ ਡੀ. ਸੀ. ਹਿਫਾਜ਼ਤੀ ਥਾਂ ਪਹੁੰਚਾ ਕੇ ਆਇਆ ਤੇ ਫਿਰ ਲਾਸ਼ਾਂ ਵਲ ਧਿਆਨ ਦਿਤਾ ਗਿਆ।

ਇਕ ਹੀ ਸਵਾਲ ਬਾਰ ਬਾਰ ਸਿੱਖ ਜਗਤ ਪੁਛ ਰਿਹਾ ਹੈ ਕਿ ਇਕ ਲਾਲ

ਕੁਰਤੀ ਦੇ ਆਗੂ ਬਘੇਲ ਸਿੰਘ ਨੇ ਇਕ ਆਦਮੀ ਨੂੰ ਪਿੰਡ ਵਿਚ ਰਸਦ ਨਾ ਦੇਣ ਤੇ ਗੋਲੀ ਚਲਾਈ ਤਾਂ ਸਾਰੀ ਸੰਸਥਾ ਤੇ ਉਸ ਦੇ ਆਗੂ ਬਘੇਲ ਸਿੰਘ ਨੂੰ ਜਦ ਤਕ ਜਾਨੋਂ ਨ ਮਾਰ ਲਿਆ ਗਿਆ, ਸਾਹ ਨਹੀਂ ਲਿਆ ਗਿਆ ਅਤੇ ਇਹ ਸਿੰਘਾਂ ਦਾ ਕਤਲ ਕਰ ਕੇ ਨ ਸਿਰਫ ਦਨਦਨਾ ਰਿਹਾ ਹੈ ਸਗੋਂ ਦਿੱਲੀ ਪ੍ਰਧਾਨ ਮੰਤਰੀ ਨੂੰ ਮਿਲਦਾ, ਮਧੂ ਲਿਮਏ ਨੂੰ ਕਹਿੰਦਾ ਤੇ ਲੋਕਾਂ ਨੂੰ ਤਾੜਦਾ ਹੈ। ਕੀ ਰੁਕਾਵਟ ਹੈ ਇਸ ਨੂੰ ਗ੍ਰਿਫਤਾਰ ਕਰਨ ਵਿਚ। ਇਕ ਭੁਟੋ ਨੇ ਛੁਪ ਕੇ ਵਾਰ ਕਰਾਇਆ ਤਾਂ ਫਾਂਸੀ ਦੀ ਸਜ਼ਾ, ਪਰ ਇਹ ਅਨੇਕਾਂ ਨੂੰ ਸ਼ਹੀਦ ਕਰ ਕੇ ਸੁਥਰਾ। ਗੁਰ ਨਿੰਦਕ ਇਕੱਠੇ ਹੋ ਗਏ ਹਨ। ਪੰਥ ਦੀ ਚੜ੍ਹਦੀ ਕਲਾ ਸਹਾਰ ਨਹੀਂ ਸਕਦੇ। ਕੌਮ ਨੂੰ ਬੇਦਿਲ ਕਰਨਾ ਚਾਹੁੰਦੇ ਹਨ। ਜੋ ਚਾਰ ਸੌ ਸਾਲਾ ਵਿਚ ਕੌਮ ਨੇ ਇਕੱਠ ਦੱਸਿਆ ਉਸ ਵਿਚ ਤੇੜਾਂ ਪਾਉਣਾ ਲੋਚਦੇ ਹਨ। ਸਾਰਾ ਹਿੰਦੂ ਪ੍ਰੈਸ ਇਸੇ ਕਰਕੇ ਮਦਦ ਤੇ ਹੈ।

ਇਸ ਦਾ ਜਵਾਬ ਕਿਸੇ ਕੋਲ ਨਹੀਂ ਜੇ ਇਹ ਰੂਹਾਨੀ ਮਿਸ਼ਨ ਦਾ ਸਮਾਗਮ ਸੀ ਤਾਂ ਇਤਨਾ ਅਸਲਾ, ਬਾਰੂਦ, ਬੰਦੂਕਾਂ ਉਥੇ ਕਿਸ ਤਰ੍ਹਾਂ ਆਈਆਂ ਤੇ ਫਿਰ ਸਾਰੇ ਹੀ ਨਿਸ਼ਾਨਾ ਬਾਜ਼ ਸਨ। ਸਭ ਸ਼ਹੀਦ ਸਿੰਘਾਂ ਨੂੰ ਗੋਲੀਆਂ ਛਾਤੀਆਂ ਤੇ ਮੁਖ ਤੇ ਲਗੀਆਂ।

ਪ੍ਰੇਮ ਭਾਟੀਆ ਐਡੀਟਰ ਟ੍ਰੀਬਿਊਨ ਨੇ ਇਕ ਐਡੀਟੋਰੀਅਲ ਵਿਚ ਇਹ ਪੁਛਿਆ ਹੈ ਕਿ ਮਾਵਾਂ ਦੇ ਲਾਲ ਸ਼ਹੀਦ ਹੋ ਗਏ, ਉਹ ਇੰਝ ਤਾਂ ਮਰ ਨਹੀਂ ਸਨ ਸਕਦੇ। ਆਖਿਰ ਨੂੰ ਇਸ਼ੂ (ਵਾਦ ਵਿਸ਼ੈ) ਕੀ ਹੈ ?

ਵਡੀ ਲੜਾਈ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਹੁਕਮ ਕਰ ਗਏ ਸਨ ਕਿ ਪੰਥ ਨੂੰ ਨਿਆਰਾ ਰਖਣਾ ਹੈ। ਤੇਜ ਤਾਂ ਹੀ ਪੰਥ ਖਾਲਸਾ ਪਾਸ ਰਵੇਗਾ ਜੇ ਇਸ ਦਾ ਨਿਆਰਾਪਣ ਕਾਇਮ ਹੈ। ਇਹ ਨਿਆਰਾਪਣ ਹਰ ਸਰਕਾਰ ਨੂੰ ਚੁਭਦਾ ਸੀ, ਗਵਾਂਢੀ ਧਰਮਾਂ ਨੂੰ ਚੁਭਦਾ ਸੀ, ਅਜ ਵੀ ਚੁਭ ਰਿਹਾ ਹੈ। ਖਾਲਸਾ ਹਿੰਦੂ ਤੇ ਤੁਰਕ ਦੀਆਂ ਅੱਖਾਂ ਵਿਚ ਤ੍ਰਿਣ ਵਾਂਗ ਹੈ। ਇਹ ਰੜਕਦਾ ਹੀ ਰਵੇਗਾ।

"ਹਿੰਦੂ ਤੁਰਕ ਆਖ ਤਿਣ ਪਰੇ।
ਨਹਿ ਨਿਕਾਰਹਿ ਅਬ ਸੋ ਦੁਖ ਭਰੇ ॥ (ਰਿਤ ੩ ਅੰਸ ੨੩)

ਹਰ ਜਤਨ ਵਿਰੋਧੀ ਦਾ ਇਹ ਹੈ ਕਿ ਨਿਆਰਾਪਣ ਮੁਕੇ। ਇਸ ਲਈ ਹਰ ਵਸੀਲਾ ਅਪਣਾਇਆ ਜਾਂਦਾ ਰਿਹਾ ਹੈ ਤੇ ਅਪਣਾਇਆ ਜਾ ਰਿਹਾ ਹੈ। ਭਲਾ ਕੋਈ ਪੁਛੇ ਕਿ ਹਿੰਦੂ ਉਸ 'ਨਿਰੇਵਿਕਾਰੀਏ' ਦੀ ਹਿਮਾਇਤ ਤੇ ਕਿਉਂ ਉਠ ਖਲੋਤੇ ਹਨ। ਪੰਜਾਬ ਵਿਚ ਹਿੰਦੂ ਸਿੱਖ ਝਗੜਾ ਕਿਉਂ ਉਠ ਖਲੋਤਾ ? ਨਾਂਹ ਹੀ 'ਨਿਰੇ ਵਿਕਾਰੀਏ' ਉਨ੍ਹਾਂ ਦੀ ਕਿਸੇ ਸੰਪਰਦਾਇ ਵਿਚੋਂ ਹਨ ਅਤੇ ਨਾਂਹ ਹੀ ਕੋਈ ਫਿਰਕਾ। ਗੱਲ ਸਿਰਫ ਇਤਨੀ ਹੈ ਕਿ ਉਹ ਸਿਖ ਆਸ਼ਿਆਂ,ਨਿਸ਼ਾਨਿਆਂ ਦਾ ਮਖੌਲ ਉਡਾਂਦਾ ਹੈ ਤੇ ਇਹ ਇਸ ਦੇ ਸਹਾਇਕ ਬਣ ਗਏ ਹਨ।

ਗੁਰੂ ਅਮਰਦਾਸ ਜੀ ਦੇ ਵੇਲ਼ੇ ਤੋਂ ਹੀ ਜਦ ਤੀਜੇ ਪਾਤਸ਼ਾਹ ਭੇਦ ਭਾਵ ਭਿੰਨਤਾ

ਭਰਮ ਮੁਕਾ ਕੇ ਗੋਇੰਦਵਾਲ ਬਾਉਲੀ ਸਾਹਿਬ ਉਸਾਰ ਰਹੇ ਸਨ ਤਾਂ ਇਹ ਸੰਗਤਿ ਪੰਗਤਿ ਵਿਚ ਬੈਠਣ ਵਾਲਿਆਂ ਨੂੰ ਤੰਗ ਕਰਦੇ, ਰਾਹ ਰੋਕਦੇ ਤੇ ਮਜ਼ਾਕਾਂ ਉਡਾਂਦੇ ਸਨ। ਪਰ ਛੋਟੀ ਹੀ ਸ਼ਰਾਰਤ ਐਸੀ ਫਲੀ ਕਿ ਘਰ ਘਾਟ ਹੀ ਗਵਾ ਬੈਠੇ।

ਬੀਰਬਲ ਨੂੰ ਵੀ ਇਹਨਾਂ ਨੇ ਹੀ ਚੁਕਿਆ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਸਜ਼ਾ ਦਿਉ ਕਿਉਂਕਿ ਉਹ ਹਿੰਦੂਆਂ ਦੀ ਰਹੁ ਰੀਤੀ ਨਹੀਂ ਅਪਨਾਉਂਦਾ। ਉਸ ਐਸੇ ਲੋਕਾਂ ਨੂੰ ਯਕੀਨ ਦਿਲਵਾਇਆ ਸੀ ਕਿ ਕਾਬਲ ਦੀ ਮੁਹਿੰਮ ਤੋਂ ਮੁੜ ਕੇ ਗੁਰੂ ਨੂੰ ਸਬਕ ਸਿਖਾਏਗਾ ਪਰ ਉਸ ਦਾ ਆਪਣਾ ਹੀ ਕੰਮ ਕਾਬਲ ਦੀ ਮੁਹਿੰਮ ਵਿਖੇ ਹੋ ਗਿਆ। ਮੁੜਨਾ ਨਸੀਬ ਹੀ ਨਾ ਹੋਇਆ।

ਗੁਰੂ ਹਰਿਗੋਬਿੰਦ ਜੀ ਨੂੰ ਸ੍ਰੀ ਹਰਿਗੋਬਿੰਦਪੁਰ ਵਿਖੇ ਦੂਜੀ ਜੰਗ ਇਸੇ ਕਾਰਣ ਹੀ ਲੜਨੀ ਪਈ। ਭਗਵਾਨ ਦਾਸ ਘੇਰੜ ਦੇ ਚੁਕੇ ਚੁਕਾਏ ਸੂਬੇਦਾਰ ਅਬੱਦੁਲਾ ਖਾਨ ਚੜ੍ਹ ਆਇਆ ਸੀ। ਮਹਾਰਾਜ ਨੇ ਉਸ ਸਮੇਂ ਵੀ ਇਹ ਕਿਹਾ ਸੀ ਇਹ ਯੁਧ ਕਿਸੇ ਜ਼ਰ ਜ਼ੋਰੂ ਜਾਂ ਜ਼ਮੀਨ ਲਈ ਨਹੀਂ। ਇਹ ਧਰਮ ਦਾ ਯੁਧ ਹੈ। ਕਦੇ ਕੰਡ ਨਾ ਦੇਣੀ। ਸਨਮੁਖ ਹੋ ਕੇ ਲੜਨਾ।

ਰਾਮਰਾਇ ਨੂੰ ਜਦ ਔਰੰਗਜ਼ੇਬ ਨੇ ਹੱਥ ਪਾ ਲਿਆ ਸੀ ਤਾਂ ਗੁਰੂ ਹਰਿ ਰਾਇ ਜੀ ਨੇ ਉਸੇ ਸਮੇਂ ਹੀ ਦੇਖ ਲਿਆ ਸੀ ਅਤੇ ਹੁਕਮ ਕਰ ਦਿਤਾ ਸੀ ਕਿ ਕੋਈ ਉਸ ਦੇ ਮੱਥੇ ਨਾ ਲਗੇ। ਮਹਾਰਾਜ ਨੇ ਫਰਮਾਇਆ ਸੀ :

> 'ਕਰਨ ਤਰਕੜੇ ਕੇਰ ਖੁਸ਼ਾਮਦ। ਆਣ ਦਰਬ ਕੀ ਤਿਸ ਤੇ ਆਮਦ।
> ਅਰਥ ਬਿਪਰਜੈ ਕੀਨ ਸੁਨਾਵਨ। ਹਮਕੋ ਭਈ ਨਹੀਂ ਇਹ ਭਾਵਨ।'

ਧੀਰ ਮਲ ਨੇ ਸ਼ੀਹੇਂ ਮਸੰਦ ਰਾਹੀਂ ਸਿਧਾ ਨਿਸ਼ਾਨਾ ਹੀ ਗੁਰੂ ਤੇਗ ਬਹਾਦਰ ਜੀ ਬਣਾਇਆ ਸੀ। ਮਹਾਰਾਜ ਜੀ ਨੂੰ ਚੋਟ ਵੀ ਵਜੀ ਸੀ। ਖੂਨ ਵੀ ਵਗਿਆ ਸੀ। ਮਾਤਾ ਨਾਨਕੀ ਜੀ ਉਸ ਸਮੇਂ ਹੀ ਕਹਿ ਦਿਤਾ ਸੀ ਕਿ ਛੁੱਪ ਕੇ ਕਿਉਂ ਵਾਰ ਕਰਾਉਂਦਾ ਹੈ। ਸਾਹਮਣੇ ਹੋ। ਇਹ ਬਚਨ ਵੀ ਕਹੇ ਸਨ : ਤੂੰ ਕੌਣ ਹੈਂ ਕੁਬੋਲ ਬੋਲ ਬੋਲਣ ਵਾਲਾ। ਤੁਸਾਂ ਜ਼ੋਰ ਦਿਖਾਇਆ ਹੈ, ਇਹ ਹੀ ਜ਼ਹਰ ਹੋ ਕੇ ਤੁਹਾਨੂੰ ਮਾਰੇਗਾ :

> 'ਅਬ ਜਬਰੀ ਕਰ ਅਨਿਕ ਪਰੇ ਹੋ। ਜਿਉ ਬਿਖ ਪੀ ਕਰ ਆਪ ਮਰੇ ਹੈ।'

ਮਖਣ ਸ਼ਾਹ ਲੁਬਾਣਾ ਨੇ ਜਦ ਸੁਣਿਆ ਸੀ ਤਾਂ ਧੀਰਮਲ ਨੂੰ ਕਰੜੀ ਸਜ਼ਾ ਦਿਤੀ ਸੀ। ਇਸੇ ਧੀਰਮਲ ਨੂੰ ਮੁਗਲ ਸਰਕਾਰ ਨੇ ਵੀ ਹੱਥੇ ਚੜ੍ਹਾਉਣਾ ਚਾਹਿਆ। ਗਵਾਲੀਅਰ ਕੈਦ ਵੀ ਕੀਤਾ ਗਿਆ ਤੇ ਉਥੇ ਹੀ ਉਸ ਦੀ ਮੌਤ ਹੋਈ।

ਖਾਲਸਾ ਸਾਜਨ ਉਪ੍ਰੰਤ ਤਾਂ ਗੁਰੂ ਨਿੰਦਕ ਨਿਤ ਨਵੇਂ ਹੱਲੇ ਕਰਨ ਲਗ ਪਏ ਸਨ। ਸੂਰਜ ਪ੍ਰਕਾਸ਼ ਨੇ ਲਿਖਿਆ ਹੈ ਕਿ ਹਿੰਦੂ ਤੇ ਤੁਰਕ ਦੋਵੇਂ ਇਸ ਕਾਰਜ ਲਈ ਇਕੱਠੇ ਹੋ ਗਏ ਸਨ। ਜਿਵੇਂ ਹੁਣ 'ਨਿਰੰਕਾਰੀ ਤੇ ਸਰਕਾਰੀ' ਇਕੱਠੇ ਹੋ ਗਏ ਹਨ। ਥਾਂ ਥਾਂ ਮਜ਼ਾਕ ਕਰਦੇ। ਤੁਰਕ ਬਿਖਾਦ ਪਾਂਦੇ। ਇਸ ਤਰ੍ਹਾਂ ਤੁਰਕਾਂ ਨੂੰ ਬਿਖਾਦ ਤੇ ਹਿੰਦੂਆਂ ਨੂੰ ਮਖੌਲ ਕਰਦੇ ਦੇਖ ਸਿਖਾਂ ਚੰਗੀ ਤਰ੍ਹਾਂ ਜਾਣ ਲਿਆ ਕਿ ਇਹ ਦੋਵੇਂ ਹੀ ਵਿਰੋਧੀ ਹਨ ਅਤੇ ਸ਼ਾਨ ਦੇਖ ਕੇ ਇਹਨਾਂ ਨੂੰ ਖੁਸ਼ੀ ਨਹੀਂ ਹੁੰਦੀ।

> "ਦੇਖਤ ਹਿੰਦੂ ਨਕਲ ਬਨਾਵਤਿ। ਕਰਿ ਕਰਿ ਆਪਸ ਮਹਿ ਹਰਖਾਵਤਿ।
> ਜਿਸ ਕਿਸ ਸਿਧਿ ਤੇ ਤੁਰਕ ਬਿਖਾਦ।
> ਪਿਖਿ ਸਿਖੀ ਕੋ ਬਾਦਿਤ ਬਾਦ। ੧੦ (ਰਿਤ ੩,ਅੰਸ ੩)
> ਇਮ ਪਿਖ ਸੰਗਤਿ ਜਾਨੀ ਮਨ ਮੈਂ। ਦਵੈ ਰਿਪ, ਦੇਖ ਹਰਖ ਨਹਿ ਇਨ ਮੈਂ

ਇਸ ਤਰ੍ਹਾਂ ਸੜਦੇ ਹਨ ਜਿਵੇਂ ਸਿੱਖ ਉਹਨਾਂ ਦਾ ਸਭ ਕੁਝ ਖੋਹ ਰਹੇ ਹਨ।

"ਬਿਨ ਕਾਰਨ ਦੋਹੀ ਮਦ ਮਤੇ ਹਸਹਿ ਸੰਗਤਿਨ ਆਪ ਕੁਪਤੇ।"

ਆਲਸੂਨ, ਬਜਰੂੜ, ਨੂਹ ਅਤੇ ਕਲਮੋਟ ਦੇ ਪਿੰਡਾਂ ਤੇ ਕਲਗੀਧਰ ਦੀਆਂ ਆਪਣੀਆਂ ਕੀਤੀਆਂ ਚੜ੍ਹਾਈਆਂ ਦਸਦੀਆਂ ਹਨ ਕਿ ਗੁਰ ਨਿੰਦਕਾਂ, ਧਰੋਹੀਆਂ ਨੂੰ ਮਹਾਰਾਜ ਆਪ ਉਚੇਚੇ ਤੌਰ ਤੇ ਜਾ ਕੇ ਸੋਧਦੇ ਤੇ ਸਜ਼ਾਵਾਂ ਦੇਂਦੇ।

ਜਦ ਸੰਗਤਿ ਨੇ ਦਸਿਆ ਕਿ ਸਤਲੁਜ ਤੋਂ ਪਾਰ ਬਜਰੂੜ ਪਿੰਡ ਦੇ ਵਸਨੀਕਾਂ ਨੇ ਗੁਰੂ ਦਰ ਲਈ ਲਿਆਂਦੀਆਂ ਭੇਟਾਵਾਂ ਖੋਹ ਲਈਆਂ ਹਨ ਤੇ ਮੰਦੇ ਬੋਲ ਬੋਲੇ ਹਨ ਤਾਂ ਮਹਾਰਾਜ ਨੇ ਉਸੇ ਸਮੇਂ ਕਿਹਾ ਸੀ : ਉਹਨਾਂ ਲੋਕਾਂ ਨੂੰ ਮੌਤ ਵਾਜਾਂ ਮਾਰ ਰਹੀ ਹੈ। "ਤਿਨ ਲੋਕਨ ਕੇ ਭੈ ਜਨੁ ਕਾਲਾ।" ਅਤੇ ਹੁਕਮ ਦਿਤਾ ਸੀ : ਦੁਸ਼ਟਾਂ ਦੇ ਟੋਟੇ ਟੋਟੇ ਕਰ ਦਿਉ।

"ਦੁਸ਼ਟਨ ਖੰਡਨ ਖੰਡ ਬਿਹੰਡਹੁ।
ਮੰਡਹੁ ਰਨ ਪ੍ਰਚੰਡ ਨਹਿ ਛੰਡਹੁ।" (ਰਿਤ ੩,੩੨ ਅੰਸ਼)

ਬਜਰੂੜ ਨੂੰ ਸਜ਼ਾ ਦੇਣ ਉਪ੍ਰੰਤ ਕਲਗੀਧਰ ਨੇ ਫ਼ੁਰਮਾ ਦਿਤਾ ਸੀ ਕਿ ਜੋ ਵੀ ਹੁਣ ਸੰਗਤ ਨੂੰ ਤੰਗ ਕਰੇਗਾ ਮਾੜ ਬੋਲ ਬੋਲੇਗਾ, ਉਸ ਨੂੰ ਆਲਸੂਨ, ਨੂਹ ਤੇ ਬਜਰੂੜ ਵਰਗੀ ਹੀ ਸਜ਼ਾ ਦਿਤੀ ਜਾਏਗੀ।

"ਜੋ ਅਬ ਸੰਗਤਿ ਕੋ ਕਰ ਪਾਵੈ। ਤਿਨ ਮਾਨਿਦ ਆਪ ਉਜਰਾਵੈ॥

ਕਮਲੋਟ ਨੂੰ ਦਿੱਤੀ ਸਜ਼ਾ ਸਬਕਆਮੋਜ਼ ਸੀ। ਬੱਚੇ, ਬੁਢੇ ਤੇ ਔਰਤਾਂ ਛਡਕੇ ਮਕਾਨਾਂ ਵਿਚ ਹੀ ਬੰਦ ਕਰਕੇ ਅੱਗਾਂ ਲੁਆ ਦਿੱਤੀਆਂ ਸਨ। ਹੁਣ ਸੰਗਤਾਂ ਆਈਆਂ ਤਾਂ ਕਹਿੰਦੀਆਂ ਸਨ ਕਿ ਧੰਨ ਕਲਗੀ ਵਾਲਾ ਹੈ ਜਿਸ ਸੁਖ ਪਹੁੰਚਾਇਆ।

"ਪੰਥੀ ਸੁਖ ਕੋ ਮਾਰਗ ਚਲੇ। ਗਿਨਤੀ ਮਨੁਜ ਅਨੰਦ ਸੋ ਮਿਲੇ।
ਕਲਗੀਧਰ ਕੋ ਦੇਤਿ ਅਸੀਸਾ। ਕਰਹੁ ਰਾਜ ਜੀਵਹੁ ਜੁਗ ਬੀਸੁ।

ਇਕ ਸਾਖੀ 'ਸ਼ਹੀਦ ਬਿਲਾਸ' ਵਿਚ ਭਾਈ ਮਨੀ ਸਿੰਘ ਜੀ ਬਾਰੇ ਲਿਖੀ ਹੈ ਕਿ ਬਾਬਾ ਰਾਮ ਰਾਏ ਦੇ ਵਰ੍ਹੀਣੇ ਤੇ ਮਸੰਦ ਗੁਰਬਖਸ਼ ਨੇ ਭਾਈ ਮਨੀ ਸਿੰਘ ਜੀ ਨੂੰ ਆਂਦਿਆਂ ਦੇਖ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਜਦ ਕੁਬੋਲ ਬੋਲੇ ਤਾਂ ਉਸ ਸਮੇਂ ਹੀ ਭਾਈ ਸਾਹਿਬ ਨੇ ਉਸ ਨੂੰ ਚੁੱਕ ਕੇ ਜ਼ਮੀਨ ਤੇ ਪਟਕਾ ਮਾਰਿਆ ਤੇ ਕਿਹਾ ਕਿ ਜੇ ਜ਼ਬਾਨ ਤੋਂ ਹੋਰ ਕੋਈ ਮੰਦਾ ਬਚਨ ਕਿਹਾ ਤਾਂ ਜ਼ਬਾਨ ਹੀ ਟੁਕ ਛਡਾਂਗਾਂ।

ਨਿੰਦਾ ਗੁਰ ਦਸ਼ਮੇਸ਼ ਕੀ, ਕਰੀ ਮੁਗਧ ਬੀ ਅ ਇ।
ਤਖ਼ਤ ਪੋਸ਼ ਥੀਂ ਮਨੀ ਸਿੰਘ, ਮਾਰਥੋ ਭੂਮ ਉਲਟਾਇ। (੫੨)

ਗੁਰਬਖਸ਼ ਬਾਰੇ ਲਿਖਿਆ ਹੈ :

ਇਕ ਗੁਰਬਖਸ਼ ਮਹਾਂ ਅਗਿਆਨੀ। ਦੁਸ਼ਟ ਕਪੱਤਾ ਥੀ ਅਭਿਮਾਨੀ।
ਤੁਲ ਮਤੰਗ ਦੇਹ ਜਿਸ ਕੇਰੀ। ਮੰਦ ਮਤ ਜਿਹ ਅੰਬਰ ਗੇਰੀ।
ਪੂਜਾ ਖਾਇ ਮਤ ਜਿਹ ਮਾਰ੍ਹੀ। ਮੁਗਧ ਕੁਕਰਮੀ ਥੀ ਹੰਕਾਰੀ।

ਹੁਣ ਜੇ ਗੁਰਬਖਸ਼ ਦੀ ਥਾਂ ਗੁਰਬਚਨ ਕਰ ਦਿਤਾ ਜਾਏ ਤਾਂ ਰਤਾ ਵੀ ਫਰਕ ਨਹੀਂ ਪਵੇਗਾ। ਬਸ ਇਹਨਾਂ ਨਿੰਦਕਾਂ ਦਾ ਇਲਾਜ ਸਜ਼ਾ ਹੈ ਅਤੇ ਕੌਮ ਨੂੰ ਨਿਆਰਾ ਰਖਣ ਲਈ ਸ਼ਹੀਦਾਂ ਨੇ ਜੋ ਖੂਨ ਡੋਲ੍ਹਿਆ ਹੈ ਇਸ ਨੂੰ ਕੌਮ ਕਦੇ ਅੰਞਾਈ ਨਹੀਂ ਜਾਣ ਦੇਵੇਗੀ।

ਨਿਰੰਕਾਰੀਏ ਜਾਂ ਨਨਕਾਰੀਏ

ਪ੍ਰੋ: ਪਿਆਰਾ ਸਿੰਘ ਜੀ 'ਪਦਮ'

ਬਾਬਾ ਜੀ ਕਿਹਾ ਕਰਦੇ ਸਨ ਕਿ ਇਹ ਨਿਰੰਕਾਰੀ ਨਹੀਂ ਚੂੰਕਿ ਇਹ ਕਿਸੇ ਰੱਬ, ਗੁਰੂ, ਕਰਮ, ਧਰਮ ਯਾ ਸ਼ਰਮ ਹਯਾ ਨੂੰ ਨਹੀਂ ਮੰਨਦੇ ਇਹ ਤਾਂ ਹਰ ਗੱਲ ਤੋਂ ਇਨਕਾਰੀ ਹਨ, ਇਸ ਕਰਕੇ ਇਨ੍ਹਾਂ ਨੂੰ 'ਨਨਕਾਰੀਏ' ਕਹਿਣਾ ਠੀਕ ਹੈ। ਅਸੀਂ ਇਹ ਬਚਨ ਸੁਣਦੇ ਤੇ ਸੁਣ ਕੇ ਹੱਸ ਛੱਡਦੇ ਪਰ ਹੁਣ ਪਤਾ ਲਗਦਾ ਹੈ ਕਿ ਬਾਬਾ ਬਿਬੇਕਾ ਸਿੰਘ ਜੀ ਬਿਲਕੁਲ ਠੀਕ ਕਹਿੰਦੇ ਸਨ।

ਅੱਜ ਕਲ੍ਹ ਪ੍ਰਾਪੇਗੰਡੇ ਦਾ ਜ਼ਮਾਨਾ ਹੈ, ਨਕਲੀ ਨਿਰੰਕਾਰੀਆਂ ਨੇ ਧੂੰਆਂ ਧਾਰ ਪ੍ਰਚਾਰ ਕਰਕੇ ਲੋਕਾਂ ਵਿਚ ਧੁਮਾ ਛੱਡਿਆ ਹੈ ਤੇ ਕਈ ਲੋਕ ਇਹ ਖ਼ਿਆਲ ਕਰਨ ਲਗ ਪਏ ਹਨ :—

(੧) ਨਿਰੰਕਾਰੀ ਰੱਬ ਦੇ ਪ੍ਰੇਮੀ ਹਨ। (੨) ਨਿਰੰਕਾਰੀ ਗੁਰਬਾਣੀ ਦੇ ਪ੍ਰੇਮੀ ਹਨ।
(੩) ਇਹ ਧਰਮ ਇਖ਼ਲਾਕ ਦੇ ਪ੍ਰੇਮੀ ਹਨ। (੪) ਇਹ ਅਮਨ ਸ਼ਾਂਤੀ ਦੇ ਪ੍ਰੇਮੀ ਹਨ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਜ਼ਰਾ ਨੀਝ ਨਾਲ ਘੋਖਣ ਪਰਖਣ ਦੀ ਲੋੜ ਹੈ ਤਾਂ ਹੀ ਅਸਲੀਅਤ ਜਾਣੀ ਜਾ ਸਕਦੀ ਹੈ।

(੧) ਗੁਰਬਾਣੀ ਅਨੁਸਾਰ ਸੱਚਾ ਨਿਰੰਕਾਰੀ ਉਹ ਹੈ ਜੋ ਡੂੰਘੀ ਸੋਚ ਵਿਚਾਰ ਨਾਲ ਹਰ ਕਦਮ ਰਖਦਾ ਤੇ ਦੁਬਿਧਾ ਤਿਆਗ ਕੇ ਕੇਵਲ ਪਰਮੇਸ਼ਰ ਪਰਾਇਣ ਹੋ ਰਹਿੰਦਾ ਹੈ, ਉਸ ਨੂੰ ਸੰਸਾਰਕ ਪਦਾਰਥਾਂ ਦੀ ਜਾਂ ਸ਼ੁਹਰਤ ਦੀ ਚਾਹ ਨਹੀਂ ਰਹਿੰਦੀ :

ਰਖਿ ਰਖਿ ਚਰਨ ਧਰੇ ਵੀਚਾਰੀ ॥
ਦੁਬਿਧਾ ਛੋਡਿ ਭਏ ਨਿਰੰਕਾਰੀ ॥ (ਮ: ੧, ਪੰਨਾ ੬੮੫)

ਜਨਮ ਸਾਖੀਆਂ ਵਿਚ ਆਉਂਦਾ ਹੈ ਜਦੋਂ ਕੋਈ ਗੁਰੂ ਨਾਨਕ ਸਾਹਿਬ ਨੂੰ ਪੁਛਦਾ; ਤੁਸੀਂ ਕੌਣ ਹੋ ? ਤਾਂ ਆਪ ਦਾ ਉਤਰ ਹੁੰਦਾ–'ਨਾਨਕ ਨਿਰੰਕਾਰੀ' ਇਸਦਾ ਭਾਵ ਇਹੋ ਸੀ ਕਿ ਹਿੰਦਸਤਾਨ ਦੇ ਆਮ ਮੱਤ ਆਕਾਰਵਾਦੀ ਸਨ, ਰੱਬ ਦਾ ਖ਼ਾਸ ਅਕਾਰ ਜਾਂ ਰੂਪ ਰੇਖਾ ਮੰਨ ਕੇ ਉਸ ਦੀ ਪੂਜਾ ਕਰਦੇ ਸਨ। ਕੋਈ ਦੇਵੀ ਦੇਵਤਿਆਂ ਦਾ ਪੁਜਾਰੀ ਸੀ, ਕੋਈ

ਅਵਤਾਰਾਂ ਜਾਂ ਫਿਰ ਉਨ੍ਹਾਂ ਦੇ ਬੁੱਤ ਮੂਰਤੀਆਂ ਦਾ, ਪਰ ਗੁਰੂ ਸਾਹਿਬ ਇਹ ਨਹੀਂ ਸੀ ਮੰਨਦੇ, ਉਨ੍ਹਾਂ ਦਾ ਵਿਚਾਰ ਸੀ ਕਿ ਪਰਮ ਸੱਚ 'ਅਜੂਨੀ' ਤੇ 'ਅਕਾਲ ਮੂਰਤਿ' ਹੈ ਅਰਥਾਤ ਜਨਮ ਮਰਨ ਦੇ ਚੱਕਰ ਤੋਂ ਰਹਿਤ ਹੈ, ਇਸ ਲਈ ਉਹ ਆਕਾਰ ਵਿਚ ਸੀਮਤ ਨਹੀਂ ਹੋ ਸਕਦਾ, ਉਹ ਤਾਂ ਸਰਬ ਵਿਆਪਕ ਸ਼ਕਤੀ ਨਿਰਾਕਾਰ ਹੈ। ਸੋ ਅਜੇਹੇ ਸਰੂਪ ਦਾ ਧਿਆਨ ਧਰ ਕੇ ਉਸ ਨਾਲ ਅਭੇਦ ਹੋਣ ਵਾਲਾ ਹੀ 'ਨਿਰੰਕਾਰੀ' ਕਹਾ ਸਕਦਾ ਹੈ। ਮੌਜੂਦਾ ਨਕਲੀ ਨਿਰੰਕਾਰੀ ਪਦਾਰਥਵਾਦੀ ਹਨ, ਮੋਟੇ ਕਾਰਖਾਨੇਦਾਰ ਤੇ ਚਤੁਰ ਵਪਾਰੀ ਹਨ, ਰੂਹਾਨੀਅਤ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਦਿਸਦਾ।

ਉੱਨੀਵੀਂ ਸਦੀ ਦੇ ਮੱਧ ਕਾਲ ਵਿਚ ਸਿੱਖਾਂ ਅੰਦਰ ਇਕ ਧਰਮਿਕ ਜਾਗ੍ਰਤੀ ਦੀ ਲਹਿਰ ਚੱਲੀ, ਉਹ ਲਹਿਰ ਮੂਰਤੀ ਪੂਜਾ ਦੀ ਵਿਰੋਧੀ ਹੋਣ ਕਰਕੇ 'ਨਿਰੰਕਾਰੀ ਲਹਿਰ' ਕਹੀ ਜਾਂਦੀ ਸੀ ਤੇ ਉਨ੍ਹਾਂ ਦੇ ਸੰਚਾਲਕਾਂ ਨੂੰ ਸੁਚੱਜੇ ਕਾਰਨਾਮਿਆਂ ਕਾਰਨ ਸਲਾਹਿਆ ਵੀ ਜਾਂਦਾ ਸੀ ਕਿਉਂਕਿ ਇਹ ਨਿਰਮਾਣ ਸੇਵਕ ਸਨ ਤੇ ਆਪਣੇ ਆਪ ਨੂੰ 'ਗੁਰੂ' ਨਹੀਂ ਸੀ ਕਹਾਉਂਦੇ। ਲੇਕਿਨ ਨਵੇਂ ਨਿਰੰਕਾਰੀ ਕਹਾਉਣ ਵਾਲੇ ਨਾ ਤਾਂ ਉਸ ਕਿਸਮ ਦੇ ਨਿਰੰਕਾਰੀ ਦੇ ਪੁਜਾਰੀ ਹਨ ਤੇ ਨਾ ਹੀ ਸਮਾਜ ਸੁਧਾਰ ਦੇ ਮੁਦੱਈ। ਸੋ ਇਹ ਕਿਵੇਂ ਵੀ ਨਿਰੰਕਾਰੀ ਕਹੇ ਜਾਣ ਦੇ ਲਾਇਕ ਨਹੀਂ। ਇਹ ਤਾਂ ਅਕਾਰਵਾਦੀ ਹਨ, ਦੇਹਵਾਦੀ ਹਨ, ਵਧ ਤੋਂ ਵਧ ਪਰਿਵਾਰਵਾਦੀ ਹਨ। ਜੇ ਬਿਲਕੁਲ ਸਪੱਸ਼ਟ ਕਹੀਏ ਤਾਂ ਇਹ ਅਵਤਾਰ ਸਿਹੁੰ ਤੇ ਗੁਰਬਚਨ ਸਿੰਘ ਨੂੰ ਨਿਰੰਕਾਰ ਮੰਨ ਕੇ ਗੁਰੂ ਡੰਮ ਦਾ ਪ੍ਰਚਾਰ ਕਰਨ ਵਾਲੇ ਚਾਲਾਕ ਦੁਕਾਨਦਾਰ ਹਨ, ਇਸ ਤੋਂ ਵਧ ਕੁਝ ਵੀ ਨਹੀਂ। ਜੇ ਇਹ ਸੱਚੀ ਮੁੱਚੀ ਰੱਬ ਦੇ ਪ੍ਰੇਮੀ ਹੁੰਦੇ, ਨਿਰੰਕਾਰ ਦੇ ਪੁਜਾਰੀ ਬਣਦੇ ਤਾਂ ਇਹ ਕਾਰਾਂ ਕੋਠੀਆਂ ਤੇ ਕਾਰਨਾਮਿਆਂ ਦੇ ਅਡੰਬਰ ਨਾ ਕਰਦੇ ਤੇ ਨਾ ਹੀ ਸਿਰਾਂ ਤੇ ਮੁਕਟ ਸਜਾ ਧਜਾ ਕੇ ਤੇ ਨੋਟਾਂ ਨਾਲ ਤੁਲਾ ਤੁਲਾ ਥਾਂ ਥਾਂ ਆਪਣੀ ਪੂਜਾ ਕਰਾਉਂਦੇ। ਕਈ ਪੁਰਾਣੇ ਪਾਖੰਡੀ ਆਪਣੇ ਆਪ ਨੂੰ ਰੱਬ ਦਾ ਨਿਕਟਵਰਤੀ ਤਾਂ ਦਸਦੇ ਸਨ ਲੇਕਿਨ ਉਹ ਖ਼ੁਦ ਨੂੰ ਰੱਬ ਜਾਂ ਨਿਰੰਕਾਰੀ ਨਹੀਂ ਸੀ ਕਹਿੰਦੇ ਲੇਕਿਨ ਇਨ੍ਹਾਂ ਦੀ ਢੀਠਤਾ ਸਿਰੇ ਦੀ ਹੈ ਕਿ ਇਹ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਨਿਰੰਕਾਰ ਦੱਸ ਕੇ ਰੂਹਾਨੀਅਤ ਦਾ ਸੰਘਾਰ ਕਰ ਰਹੇ ਹਨ।

ਜੇ ਕੋਈ ਜਗਿਆਸੂ ਵਰਗਲਾਇਆ ਜਾ ਕੇ ਇਨ੍ਹਾਂ ਪਾਸੋਂ ਪੁਛਦਾ ਹੈ ਕਿ ਨਿਰੰਕਾਰ ਦੇ ਦਰਸ਼ਨ ਕਰਾਉ ਤਾਂ ਇਹ ਦੋ ਹੱਥਾਂ ਨਾਲ ਚੌਰਸ ਡੱਬਾ ਬਣਾ ਕੇ ਇਹ ਦੱਸਦੇ ਹਨ ਕਿ ਇਹ ਨਿਰੰਕਾਰ ਹੈ। ਹੁਣ ਵਿਚਾਰ ਕਰੋ, ਇਸ ਕਿਸਮ ਦੇ ਲਾਲ ਬੁਝੱਕੜ ਰੂਹਾਨੀਅਤ ਦੇ ਦਾਵੇਦਾਰ ਬਣ ਕੇ ਕੀ ਸੁਆਹ ਲੁਟਾਉਂਦੇ ਹੋਣਗੇ ਤੇ ਕਿਸ ਤਰ੍ਹਾਂ ਲੋਕਾਂ ਨੂੰ ਭਰਮ ਭੁਲੇਖਿਆਂ ਵਿਚ ਫਸਾਉਂਦੇ ਹੋਣਗੇ। ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਦੀ ਸਾਰੀ ਨਿਰੰਕਾਰੀਅਤ ਆਪਣੇ ਆਪ ਤੋਂ ਜ਼ਰਾ ਇਧਰ ਉਧਰ ਨਹੀਂ ਜਾਂਦੀ ਜਦਕਿ ਖ਼ੁਦਾਪ੍ਰਸਤ ਹੋਣ ਲਈ ਪਹਿਲੀ ਸ਼ਰਤ ਖ਼ੁਦੀ ਦਾ ਤਿਆਗ ਹੈ।

ਅਵਤਾਰ ਸਿੰਘ ਆਪਣੀ ਘਰ ਵਾਲੀ ਬੁੱਧਾਂ ਨੂੰ 'ਜਗਤ ਮਾਤਾ' ਕਿਹਾ ਕਰਦਾ ਸੀ ਤੇ ਆਪਣੀ ਨੂੰਹ ਨੂੰ 'ਰਾਜ ਮਾਤਾ' ਤੇ ਆਪਣੇ ਪੁੱਤਰ ਨੂੰ 'ਗੁਰੂ ਮਹਾਰਾਜ'। ਨਿਰੰਕਾਰੀ ਦੇ ਧਰਮ ਗ੍ਰੰਥ ਦਾ ਪਹਿਲਾ ਛੰਦ ਹੀ ਇਹ ਹੈ :—

ਆਦਿ ਮੱਧ ਤੇ ਅੰਤ ਤਕ ਕਾਇਮ ਹੈ ਨਿਰੰਕਾਰ ।
ਤੈਨੂੰ ਪੂਰਨ ਸਤਿਗੁਰੂ ਪ੍ਰਣਾਮ ਕਰੇ 'ਅਵਤਾਰ' ।
ਲਖ ਲਖ ਵਾਰੀ ਬੰਦਨਾ, ਨਿਮਸਕਾਰ ਹਰ ਵਾਰ ।
ਆਪੇ ਸਭ ਕੁਝ ਕਰ ਰਿਐ, ਨਾਂ ਰਖਕੇ 'ਅਵਤਾਰ' ।
'ਜਗਤ ਮਾਤਾ' ਨੇ ਜਗਤ ਨੂੰ ਕਹਿਆ ਅੰਤ ਪੁਕਾਰ ।
ਗੁਰਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ ।
ਪਲ ਪਲ ਮੇਰੀ ਬੰਦਨਾ ਨਿਮਸਕਾਰ ਹਰ ਵਾਰ ।
ਕਰ ਕ੍ਰਿਪਾ ਪ੍ਰਭੂ ਮੇਲਿਆ, ਦੱਸਿਆ ਦਸਵਾਂ ਦੁਆਰ ।
ਧੰਨ ਧੰਨ ਆਖੋ ਜਗਤ ਮਾਂ, ਜਿਸ ਜਾਇਆ ਦੀਨ ਦਯਾਲ ।
ਨਿਰਗੁਨ ਸਰਗੁਨ ਆਪ ਹੈ, ਹਰਦਮ ਰਹਿੰਦਾ ਨਾਲ ।

ਦੂਜੇ ਪਾਸੇ ਗੁਰਬਚਨ ਸਿੰਘ ਨੇ ਹੁਣ ਬਿਆਨ ਦਿੱਤਾ ਹੈ : "ਮੇਰਾ ਨਾਂ ਸਿਰਫ਼ ਗੁਰਬਚਨ ਸਿੰਘ ਹੈ ਅਤੇ ਮੈਂ ਇਸ ਤੋਂ ਬਿਨਾਂ ਨਾ ਕੁਝ ਬਣਦਾ ਹਾਂ ਤੇ ਨਾ ਹੀ ਕੁਝ ਹੋਰ ਬਣਨਾ ਠੀਕ ਸਮਝਦਾ ਹਾਂ ਮੈਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦਾ ਨਾਂ ਪੁਰਾਤਨ ਮਹਾਂਪੁਰਸ਼ਾਂ ਦੇ ਨਾਂ ਨਾਲ ਨਹੀਂ ਜੋੜਦਾ।"

ਜੇ ਗੁਰਬਚਨ ਸਿੰਘ ਇਸ ਬਿਆਨ ਤੇ ਸਹੀ ਤਰ੍ਹਾਂ ਪਾਬੰਦ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ 'ਅਵਤਾਰ ਬਾਣੀ' ਵਿਚੋਂ ਇਸ ਕਿਸਮ ਦੀਆਂ ਸਾਰੀਆਂ ਟੂਕਾਂ ਕੱਢ ਦੇਵੇ, ਜਿਸ ਵਿਚ ਇਸ ਪਿਉ ਪੁੱਤਰ ਨੂੰ ਹੀ ਨਿਰੰਕਾਰ ਕਿਹਾ ਗਿਆ ਹੈ।

ਹੋਰ ਮਜ਼ੇ ਦੀ ਗੱਲ, ਜਦ ਬੁੱਧਾਂ ਬੇਚਾਰੀ ਮਰ ਗਈ ਤਾਂ ਇਸ ਨਿਰੰਕਾਰੀ ਮੰਡਲ ਵੱਲੋਂ 'ਜਗਤ ਮਾਤਾ' ਟਰੈਕਟ ਕੱਢਿਆ ਗਿਆ ਤੇ ਇਸ ਵਿਚ ਇਕ ਸ਼ਾਇਰ ਨਿਰਮਲ ਜੋਸ਼ੀ ਨੇ ਲਿਖਿਆ :

"ਮਰ ਗਈ ਕਹਨੇ ਵਾਲੇ ਜ਼ਰਾ ਖ਼ਿਆਲ ਕਰੇਂ
ਖ਼ੁਦਾ ਕੀ ਬੀਵੀ ਖ਼ੁਦਾ ਕੀ ਮਾਂ ਥੀ ਵੁਹ।"

ਕਵੀ ਦਾ ਭਾਵ ਹੈ ਕਿ ਅਵਤਾਰ ਸਿੰਘ ਖ਼ੁਦਾ ਸੀ ਤੇ ਉਸ ਦਾ ਪੁਤਰ ਗੁਰਬਚਨ ਸਿੰਘ ਵੀ ਖ਼ੁਦਾ ਹੈ। ਹੁਣ ਦੱਸੋ ਅੱਜ ਦੇ ਜ਼ਮਾਨੇ ਅਜੇਹੀਆਂ ਊਲ-ਜਲੂਲ ਗੱਲਾਂ ਕੌਣ ਸੁਣਨ ਲਈ ਤਿਆਰ ਹੋ ਸਕਦਾ ਹੈ। ਜੇ ਤਾਂ ਉਹ ਗੁਰੂ ਨਾਨਕ ਦਾ ਦੱਸਿਆ ਨਿਰੰਕਾਰ ਹੀ ਮੰਨਦੇ ਹਨ ਤਾਂ ਉਸ ਬਾਰੇ ਗੁਰਬਾਣੀ ਵਿਚ ਸਾਫ਼ ਲਿਖਿਆ ਹੈ ਕਿ ਉਸ ਦੀ ਇਸਤਰੀ ਕੋਈ ਨਹੀਂ :—

"ਨਾਨਕ ਭੰਡੈ ਬਾਹਰਾ, ਏਕੋ ਸਚਾ ਸੋਇ ॥"

(ਆਸਾ ਦੀ ਵਾਰ, ਪੰਨਾ ੪੬੬)

ਜੇ ਉਹ ਗੁਰਬਚਨ ਸਿੰਘ ਵਰਗੇ ਖ਼ੁਦਾ ਨੂੰ ਪੈਦਾ ਕਰਨ ਵਾਲੀ ਮਾਂ ਹੈ ਤਾਂ ਅਜੇਹੀਆਂ ਅਨੇਕਾਂ ਹੋਰ ਹਨ, ਇਹ 'ਜਗਤ ਮਾਤਾ' ਕਿਵੇਂ ਬਣ ਗਈ ? ਨਾਲੇ ਗੁਰਮਤਿ ਇਹ ਨਹੀਂ ਮੰਨਦੀ ਕਿ ਖ਼ੁਦਾ ਸਾਡੇ ਵਾਂਗ ਜਨਮ ਵੀ ਲੈਂਦਾ ਹੈ।

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ ॥ (ਪੰਨਾ ੧੧੩੬)

ਪ੍ਰਸਿੱਧ ਵਿਦਵਾਨ ਤੇ ਸਿੱਖ ਮਿਸ਼ਨਰੀ ਗਿ: ਪ੍ਰਤਾਪ ਸਿੰਘ ਜੀ ਕਹਿੰਦੇ ਹਨ, 'ਇਕ ਖ਼ੁਦਾ ਇਕ ਔਰਤ ਨਾਲ ਗ੍ਰਿਹਸਤ ਕਰੇ ਤੇ ਦੂਜਾ ਉਸ ਦਾ ਦੁੱਧ ਚੁੰਘੇ, ਦੋਹਾਂ ਦੀ ਅਤਿ ਹਾਸੋ-ਹੀਣੀ ਪੁਜ਼ੀਸ਼ਨ ਹੈ।' ਸਮਝ ਨਹੀਂ ਆਉਂਦਾ ਇਹ ਰੂਹਾਨੀਅਤ ਦੇ ਦਾਅਵੇਦਾਰ ਤੇ ਆਪੂੰ ਬਣੇ ਨਿਰੰਕਾਰ ਅਜਿਹੀਆਂ ਲਿਖਤਾਂ ਲਿਖ ਕੇ ਸ਼ਰਮਸਾਰ ਕਿਉਂ ਨਹੀਂ ਹੁੰਦੇ। ਇਥੇ ਹੀ ਬਸ ਨਹੀਂ, ਇਕ ਵਾਰ ਅਵਤਾਰ ਸਿਹੁੰ ਚੌਂਕੜਾ ਮਾਰੀ ਬੈਠੇ ਸੀ ਤੇ ਕੋਲ ਸੈਂਕੜੇ ਸ਼ਰਧਾਲੂ ਮੁੱਠੀਆਂ ਭਰ ਰਹੇ ਸਨ ਤਾਂ ਇਕ ਝੱਲਾ ਕਵੀ ਐਸ. ਐਸ. ਅਨੰਦ ਝੂਮ ਕੇ ਪੜ੍ਹ ਰਿਹਾ ਸੀ :—

'ਦੁਨੀਆਂ ਵਾਲਿਓ ! ਦੱਸਾਂ ਮੈਂ ਗੱਲ ਇਕੋ,
ਇਹ ਬੈਠਾ ਜੋ ਦੁਨੀਆਂ ਬਣਾਣ ਵਾਲਾ।
ਸਦਾ ਏਸ ਨੇ ਕਾਇਮ ਤੇ ਦਾਇਮ ਰਹਿਣਾ,
ਬਾਕੀ ਜਗ ਆਉਣ ਤੇ ਜਾਣ ਵਾਲਾ।'

ਹੁਣ ਬੇਚਾਰਾ ਅਵਤਾਰ ਸਿੰਘ ਤਾਂ ਚਲ ਬਸਿਆ, ਉਸ ਕਵੀ ਨੂੰ ਪੁਛੋ ਕਿ ਤੇਰੀ ਦੁਨੀਆਂ ਦਾ ਸਾਜਣ ਵਾਲਾ, ਜੋ ਸਦਾ ਕਾਇਮ ਦਾਇਮ ਸੀ, ਉਹ ਕਿਧਰ ਗਿਆ। ਨਕਲੀ ਨਿਰੰਕਾਰੀ ਇਕ ਹੋਰ ਧਾਰਨਾ ਆਮ ਪੜ੍ਹਦੇ ਹਨ :—

'ਆਓ ਕਿਸੇ ਰੱਬ ਵੇਖਣਾ,
ਇਹਦੀਆਂ ਤਲੀਆਂ ਵਿਚ ਰੱਬ ਵੱਸਦਾ।

ਇਹ ਸਾਰਾ ਕੁਝ ਸ਼ਖਸੀ ਪੂਜਾ ਦਾ ਅਡੰਬਰ ਹੈ, ਅਜੇਹੇ ਲੋਕ ਨਿਰੰਕਾਰੀ ਕਿਵੇਂ ਕਹੇ ਜਾ ਸਕਦੇ ਹਨ। ਇਹ ਤਾਂ ਸੱਚੇ ਨਿਰੰਕਾਰ ਦੀ ਇਕ ਤਰ੍ਹਾਂ ਬੇਪਤੀ ਕਰਦੇ ਹਨ ਜਦੋਂ ਇਹ ਕਹਿੰਦੇ ਹਨ ਕਿ ਰੱਬ ਤਾਂ ਅਵਤਾਰ ਸਿੰਘ ਜਾਂ ਗੁਰਬਚਨ ਸਿੰਘ ਦੇ ਪੈਰਾਂ ਵਿਚ ਪਿਆ ਫਿਰਦਾ ਹੈ।

'ਅਵਤਾਰ-ਬਾਣੀ' ਦੇ ਹਰ ਪੰਨੇ ਵਿਚ ਇਹੋ ਕੁਫਰ ਦੁਹਰਾਇਆ ਗਿਆ ਹੈ :—

ਤੇਰਾ ਆਸਰਾ ਲੈ ਕੇ ਕਰਤਾ ਹੂੰ ਕਾਮ।
ਮੇਰੇ ਸਤਿਗੁਰ ਤੁਝ ਕੋ ਲਾਖੋਂ ਸਲਾਮ।
ਤੂੰ ਸਾਕਾਰ ਭੀ ਹੈਂ ਨਿਰਾਕਾਰ ਭੀ।
ਕਿਸੀ ਕੀ ਸਮਝ ਮੇਂ ਤੂੰ ਆਤਾ ਨਹੀਂ।
ਤੇਰੇ ਬਿਨ ਕੋਈ ਤੁਝ ਕੋ ਪਾਤਾ ਨਹੀਂ। (ਪੰਨਾ ੧੩੫)

ਇਸ 'ਅਵਤਾਰ-ਬਾਣੀ' ਵਿਚ 'ਜਗਤ-ਮਾਤਾ' ਦੀ ਬਾਣੀ ਵੀ ਦਰਜ ਹੈ। ਉਸ ਵਿਚ

ਬਾਰ-ਬਾਰ ਇਹੋ ਕਿਹਾ ਹੈ ਕਿ ਇਹ ਮੇਰੇ ਪਤੀ ਤੇ ਪੁੱਤਰ ਨਿਰੰਕਾਰ-ਸਰੂਪ ਹਨ ।

'ਜਗਤ-ਮਾਤਾ' ਹੋਣ ਬਾਰੇ ਉਨ੍ਹਾਂ ਦੇ ਮੂੰਹੋਂ ਇਹ ਬਿਆਨ ਦਿਵਾਇਆ ਗਿਆ ਹੈ ਜੋ ਕਿ ਆਮ ਲੋਕ ਟਿੱਚਰ ਕਰਦੇ ਵਰਤਦੇ ਹਨ :—

'ਡਾਕਟਰ ਦੇ ਲੜ ਲੱਗੀ ਹੋਈ, ਬਣ ਗਈ ਆਪੇ ਡਾਕਟਰਨੀ ।
ਮਾਸਟਰ ਦੇ ਨਾਲ ਲਈਆਂ ਲਾਵਾਂ, ਸਭ ਜਗ ਆਖੇ ਮਾਸਟਰਨੀ ।
ਸਾਧ ਸੰਗਤਿ ਦੀ ਮਿਹਰ ਦੁਆਰਾ, ਗੱਲ ਹੈ ਇਕੋ ਜਾਣੀ ਮੈਂ ।
ਸੰਤ ਮਿਲੇ ਤੇ ਸੰਤ ਬਣੀ ਹਾਂ, ਇਹ ਬੂਟਾ ਤੇ ਮੈਂ ਹਾਂ ਛਾਂ ।'

(ਪੰਨਾ ੧੭੩)

'ਕ੍ਰਿਸ਼ਮਾ ਹੈ ਗੁਰ ਦੀ ਰਹਿਮਤ ਦਾ, ਕੁਲ ਦੁਨੀਆਂ ਦੇ ਦਾਤਾ ਦਾ ।
ਬੁਧਿਵੰਤੀ ਨੂੰ ਮਿਲਿਆ ਦਰਜਾ, ਅੱਜ ਜਗਤ ਦੀ ਮਾਤਾ ਦਾ ।'

(ਪੰਨਾ ੧੭੫)

'ਨਿਰੰਕਾਰ ਦਾ ਹੁਕਮ ਜੋ ਆਇਆ, ਉਸ ਨੂੰ ਪੂਰਾ ਕੀਤਾ ਏ ।
ਰੱਬ ਨੂੰ ਆਪਣੀ ਕੁੱਖ ਵਸਾ ਕੇ, ਜੀਵਨ ਸਫਲਾ ਕੀਤਾ ਏ ।'

(ਪੰਨਾ ੧੭੬)

'ਬੂਟੇ ਬੂਟਾ ਲਾਇਆ, ਪਾਣੀ ਦਏ ਅਵਤਾਰ ।
ਮਾਲੀ ਮੇਰਾ ਗੁਰਬਚਨ, ਖਿੜ ਖਿੜ ਰਹੇ ਗੁਲਜ਼ਾਰ ।'

(ਪੰਨਾ ੧੭੭)

'ਗੁਰਬਚਨ ਹੈ ਰਾਖਾ ਜਗ ਦਾ, ਇਹੋ ਜਗ ਦਾ ਮਾਲਕ ਏ ।
ਰਾਜ਼ਕ ਦਾਤਾ ਕੁਲ ਦੁਨੀਆਂ ਦਾ, ਸਾਰੇ ਜਗ ਦਾ ਪਾਲਕ ਏ ।
ਨਰਕ ਸਵਰਗ ਸਭ ਹੱਥ ਵਿਚ ਇਹਦੇ, ਏਸੇ ਦਾ ਹੈ ਕੁਲ ਜਹਾਨ ।
ਗੁਰੂ ਤੇ ਰੱਬ ਕੋਈ ਦੋ ਨਹੀਂ ਹੁੰਦੇ, ਪੜ੍ਹ ਲਓ ਭਾਵੇਂ ਬੇਦ ਪੁਰਾਨ ।'

(ਪੰਨਾ ੧੭੬)

ਇਹ ਤਾਂ ਗੁਰਬਚਨ ਸਿੰਘ ਦੀ ਮਾਤਾ ਦੇ ਖ਼ਿਆਲ ਹਨ ਕਿ ਉਸ ਨੇ ਰੱਬ ਨੂੰ ਕੁੱਖ ਵਿਚ ਪਾ ਕੇ ਰੱਖਿਆ ਹੈ ਤੇ ਇਹੋ ਜਗਤ ਦਾ ਕਰਤਾ ਹੈ ਫੇਰ ਇਹ ਸੁਆਣੀ ਇਹ ਵੀ ਕਹਿੰਦੀ ਹੈ ਕਿ ਜੋ ਇਸ ਗੁਰਬਚਨ ਸਿੰਘ ਨੂੰ ਮੇਰਾ ਜਾਇਆ ਸਮਝੇ, ਉਹ ਮੂਰਖ ਹੈ :

ਗੁਰਬਚਨ ਨੂੰ ਤੀਰਥ ਸਮਝੋ, ਇਹ ਸੰਤਾਂ ਦਾ ਮੰਦਰ ਏ ।
ਮੇਰੀ ਸੂਰਤੁ ਮੇਰੀ ਜੋਤੀ, ਸਭ ਕੁਝ ਇਸ ਦੇ ਅੰਦਰ ਏ ।
ਭੁਖੇ ਦੇ ਲਈ ਜੀਵਨ ਇਹੋ, ਪਿਆਸੇ ਦੇ ਲਈ ਪਾਣੀ ਏ ।
ਜੋ ਸਮਝੇ ਬੁਧਿਵੰਤੀ ਜਾਇਆ, ਮਹਾਂ ਮੂੜ੍ਹ ਅਗਿਆਨੀ ਏ ।

(ਪੰਨਾ ੧੭੬-੭੮)

ਹੁਣ ਇਸ ਬਾਣੀ ਦਾ ਸਾਰ ਕੱਢ ਲਓ, ਇਹ ਸਾਰੀ ਦੀ ਸਾਰੀ ਨਿਰੰਕਾਰ ਪੂਜਾ

ਨਹੀਂ, ਪਰਿਵਾਰ ਪੂਜਾ ਹੈ । ਅਵਤਾਰ ਸਿੰਘ ਜਗਤ-ਪਿਤਾ ਹੈ, ਬੁਧਿਵੰਤੀ ਜਗਤ-ਮਾਤਾ ਹੈ ਤੇ ਗੁਰਬਚਨ ਸਿੰਘ ਆਪ ਕਰਨ ਕਰਾਵਨਹਾਰ, ਖ਼ੁਦਾ, ਅੱਲ੍ਹਾ, ਰੱਬ ਹੈ ਤੇ ਉਸ ਦੇ ਘਰ ਵਾਲੀ ਰਾਜ-ਮਾਤਾ । ਰਾਜ-ਮਾਤਾ ਦੀ ਬਾਣੀ ਵਿਚ ਇਹੋ ਰਾਗ ਅਲਾਪਿਆ ਹੈ :—

ਸ਼ਹਿਨਸ਼ਾਹ ਅਵਤਾਰ ਦੇ ਪਾਸੋਂ, ਰਾਜ ਇਲਾਹੀ ਖੁਲ੍ਹਿਆ ਜਾਂ ।
ਇਸ ਭਾਂਡੇ ਵਿਚ ਰੱਬ ਆ ਬੈਠਾ, ਮਨ ਦਾ ਭਾਂਡਾ ਡੁਲ੍ਹਿਆ ਜਾਂ ।
ਨੂੰਹ ਬਣੀ ਅਵਤਾਰ ਗੁਰੂ ਦੀ, ਬਦਲ ਗਈ ਜੀਵਨ ਦੀ ਧਾਰ ।
ਦਾਸੀ ਤੋਂ ਮੈਂ ਬਣ ਗਈ ਰਾਣੀ, ਤੇਰੀ ਬਖ਼ਸ਼ਿਸ਼ ਬੜੀ ਅਪਾਰ ।
ਗੁਰੂ-ਘਰ ਦੀ ਨੂੰਹ ਧੀ ਹਾਂ, ਇਹ ਵੀ ਮੈਨੂੰ ਰਹੇ ਧਿਆਨ ।
ਤਨ ਮਨ ਧਨ ਨਾਲ ਸੇਵਾ ਕਮਾਵਾਂ, ਜੋ ਆਵੇ ਤੇਰਾ ਫੁਰਮਾਨ ।
ਇਸ ਨੂੰ ਕੀ ਸੁਣਾ ਕੇ ਦੱਸਣਾ, ਇਹ ਤਾਂ ਅੰਤਰਜਾਮੀ ਏ ।
ਕੁਲਵੰਤ ਦਾ ਬਣਿਆ ਸੁਆਮੀ, ਜਿਹੜਾ ਘਟ-ਘਟ ਅੰਤਰਜਾਮੀ ਏ ।

(ਪੂਜਯ ਰਾਜ-ਮਾਤਾ ਜੀ, ਪੰਨਾ ੨੩੭)

(੨) ਕਈ ਲੋਕ ਇਹ ਕਹਿੰਦੇ ਸੁਣੇ ਹਨ ਕਿ ਨਿਰੰਕਾਰੀਏ ਗੁਰਬਾਣੀ ਦੇ ਬੜੇ ਪ੍ਰੇਮੀ ਤੇ ਸ਼ਰਧਾਲੂ ਹਨ, ਇਹ ਬਿਲਕੁਲ ਗ਼ਲਤ ਹੈ । ਸੰਭਵ ਹੈ ਇਕ ਅੱਧ ਐਸਾ ਵੀ ਹੋਵੇ, ਲੇਕਿਨ ਇਸ ਜਮਾਤ ਦਾ ਮੁਖ ਮੰਤਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਨੂੰ ਘਟਾਉਣਾ ਹੈ ਤਾਂ ਹੀ ਦੇਹਧਾਰੀ ਗੁਰੂ ਡੰਮ ਚਲ ਸਕਦਾ ਹੈ । ਇਸ ਦੀ ਥਾਂ ਪੂਰਤੀ ਲਈ ਇਨ੍ਹਾਂ 'ਅਵਤਾਰ ਬਾਣੀ' ਨਾਂ ਦੀ ਪੁਸਤਕ ਨੂੰ ਰਚਿਆ ਤੇ ਇਸੇ ਦਾ ਇਹ ਪ੍ਰਚਾਰ ਕਰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਨੂੰ ਇਕ ਤਰ੍ਹਾਂ ਬੇਲੋੜਾ ਸਮਝਦੇ ਹਨ । ਇਕ ਵਾਰੀ ਕਰੀਮ ਪੁਰੇ ਪਿਸ਼ੌਰ ਅਵਤਾਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਕੋਈ ਹੋਰ ਉਰਦੂ ਕਿਤਾਬ ਰੱਖਕੇ ਦੀਵਾਨ ਲਾ ਲਿਆ ਸੀ, ਜਦੋਂ ਪਤਾ ਲਗਾ ਤਾਂ ਸ੍ਰ:ਰਾਮ ਸਿੰਘ ਤੇ ਉਨ੍ਹਾਂ ਦੇ ਪੁੱਤਰ ਗੁਰਬਖ਼ਸ਼ ਸਿੰਘ'ਬਖ਼ਸ਼'ਨੇ ਇਸ ਦੀ ਖ਼ੂਬ ਭੰਡਾਈ ਕੀਤੀ ਸੀ । 'ਅਵਤਾਰ-ਬਾਣੀ' ਦੀ ਭੂਮਿਕਾ ਵਿਚ ਇਉਂ ਸਾਫ਼ ਲਿਖਿਆ ਹੈ :

"ਜਦੋਂ ਆਦਿ ਗੁਰੂ ਗ੍ਰੰਥ ਸਾਹਿਬ ਰਚਿਆ ਗਿਆ ਉਦੋਂ ਇਸ ਵਿਚ ਲਿਖੀ ਬੋਲੀ ਹੀ ਆਮ ਬੋਲਚਾਲ ਦੀ ਬੋਲੀ ਸੀ ਪਰ ਅੱਜ ਸਮੇਂ ਦੇ ਪਰਿਵਰਤਨ ਨਾਲ ਭਾਸ਼ਾ ਦੀ ਰੂਪ ਰੇਖਾ ਵੀ ਬਦਲ ਗਈ ਹੈ । ਇਸ ਲਈ ਆਮ ਲੋਕਾਂ ਨੂੰ ਬ੍ਰਹਮ ਗਿਆਨ ਅਤੇ ਸੱਚਾ ਧਰਮ ਸਮਝਣ ਲਈ ਸਮੇਂ ਦੇ ਮਹਾਂਪੁਰਸ਼ ਨੇ ਵੀ 'ਸੰਪੂਰਣ ਅਵਤਾਰ ਬਾਣੀ' ਦੀ ਰਚਨਾ ਪ੍ਰਚੱਲਤ ਭਾਸ਼ਾ ਵਿਚ ਕਰਕੇ ਜਿਥੇ ਸਮੇਂ ਦੀ ਲੋੜ ਨੂੰ ਪੂਰਾ ਕੀਤਾ ਹੈ, ਉਥੇ ਜਨ ਸਾਧਾਰਣ ਤੇ ਇਕ ਮਹਾਨ ਉਪਕਾਰ ਵੀ ਕੀਤਾ ਹੈ ।"

ਜ਼ਾਹਰ ਹੈ ਕਿ ਨਿਰੰਕਾਰੀ ਗੁਰੂ ਘੰਟਾਲ ਨੇ ਜਾਣ ਬੁਝ ਕੇ ਇਹ ਪੁਸਤਕ ਤਿਆਰ ਕਰਵਾਈ । ਇਹ ਤਾਂ ਸਭ ਜਾਣਦੇ ਹਨ ਕਿ ਅਵਤਾਰ ਸਿੰਘ ਕੋਈ ਪੜ੍ਹਿਆ ਲਿਖਿਆ ਜਾਂ ਕਵੀ ਕਵੀਸ਼ਰ ਨਹੀਂ ਸੀ ਸਗੋਂ ਉਸ ਨੇ ਵਿਉਂਤ ਬਣਾ ਕੇ, ਜੈਸਾ ਕਿ ਦਸਿਆ ਜਾਂਦਾ

ਹੈ, ਕਿਸੇ ਕਵੀ ਨੂੰ ਚਲ੍ਹਾਵਾਂ ਚੜ੍ਹਾ ਕੇ ਇਹ 'ਅਵਤਾਰ ਬਾਣੀ' ਕਿਤਾਬ ਲਿਖਵਾਈ। ਇਹ ਗੱਲ ਸਕੱਤਰ ਸ੍ਰੀ ਰਾਮ ਸਰਨ ਦੇ ਨੋਟ ਤੋਂ ਵੀ ਜ਼ਾਹਰ ਹੈ ਕਿ ਮਾਨ ਸਿੰਘ 'ਮਾਨ', ਜੁਗਿੰਦਰ ਸਿੰਘ ਕਮਲ; ਨਿਰਮਲ ਜੋਸ਼ੀ, ਪੂਰਨ ਪ੍ਰਕਾਸ਼ ਸਾਕੀ ਤਥਾ ਜਸਵੰਤ ਸਿੰਘ ਸ਼ਾਂਤ ਨੇ ਵੀ ਇਸ ਰਚਨਾ ਵਿਚ ਹਿੱਸਾ ਪਾਇਆ ਹੈ। ਉਨ੍ਹਾਂ ਦੇ ਸ਼ਬਦਾਂ ਵਿਚ ਹੀ ਹਜ਼ੂਰ ਬਾਬਾ ਅਵਤਾਰ ਸਿੰਘ ਜੀ ਨੇ ਇਸ ਨੂੰ ਮੁੜਕੇ ਸੋਧਿਆ ਤੇ ਸਵਾਰਿਆ ਹੈ।

ਭੂਮਿਕਾ ਵਿਚ ਆਪਣੀ ਅਸਮਰਥਾ ਤੇ ਅਯੋਗਤਾ ਦਸਦਿਆਂ ਅਵਤਾਰ ਸਿੰਹ ਨੇ ਖ਼ੁਦ ਲਿਖਿਆ ਹੈ :

''ਕਦੀ ਕਦੀ ਮਨ ਇਹ ਸੋਚ ਕੇ ਉਦਾਸ ਹੋ ਜਾਂਦਾ ਸੀ ਕਿ ਸ਼ਾਇਦ ਮੇਰੀ ਇਲਮੀ ਲਿਆਕਤ ਦੀ ਘਾਟ ਇਸ ਕੰਮ ਨੂੰ ਸਿਰੇ ਨਾ ਚਾੜ੍ਹ ਸਕੇ, ਪਰ ਨਿਰੰਕਾਰ ਦਾ ਗਿਆਨ ਕਿਸ ਤਰ੍ਹਾਂ ਬੰਦੇ ਲਈ ਇਲਮਾਂ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ, ਇਸ ਦਾ ਪ੍ਰਮਾਣ ਮੈਨੂੰ ਇਕ ਸੁਪਨੇ ਵਿਚ ਮਿਲਿਆ। ਜਦੋਂ ਵੇਖਿਆ ਹਜ਼ੂਰ ਬਾਬਾ ਜੀ (ਬੂਟਾ ਸਿੰਘ) ਸਿੰਘਾਸਨ ਤੇ ਬਿਰਾਜਮਾਨ ਸਨ। ਮੈਂ ਸਟੇਜ ਸੈਕਟਰੀ ਸਾਂ ਤੇ ਸਾਮ੍ਹਣੇ ਹਜ਼ਾਰਾਂ ਸੰਗਤਾਂ ਬੈਠੀਆਂ ਹੋਈਆਂ ਸਨ, ਕਵੀ ਦਰਬਾਰ ਹੋ ਰਿਹਾ ਸੀ। ਮੈਂ ਵੀ ਆਪਣੇ ਸਮੇਂ ਤੇ ਇਕ ਕਵਿਤਾ ਪੜ੍ਹੀ, ਇਕ ਇਕ ਅੱਖਰ ਤੇ ਸੰਗਤ ਨੇ ਵਾਹ ਵਾਹ ਕਰਕੇ ਆਸ਼ੀਰਵਾਦ ਦਿਤੀ ਮੇਰੀ ਅੱਖ ਖੁਲ੍ਹ ਗਈ। ਸਾਰੀ ਕਵਿਤਾ, ਯਾਦ ਮਾਲੂਮ ਸੀ। ਖ਼ਿਆਲ ਕੀਤਾ ਕਿ ਹੁਣ ਭੁਲ ਨਹੀਂ ਸਕਦੀ, ਬਿਨਾਂ ਲਿਖੇ ਹੀ ਸੌਂ ਗਿਆ।

ਜਦੋਂ ਸਵੇਰੇ ਉਠ ਕੇ ਲਿਖਣ ਲਗਾ ਤੇ ਇਕ ਹੀ ਤੁਕਾਂਤ ਯਾਦ ਰਿਹਾ—''ਇਹੋ ਗੁਰੂ ਤੇ ਇਹੋ ਹੀ ਸਿੱਖ ਹੈ ਸਨ।'' ਬੜਾ ਅਜੀਬ ਜਿਹਾ ਲੱਗਾ ਕਿ ਰਾਤੀਂ ਕਿਉਂ ਨਾ ਲਿਖ ਲਈ, ਪਰ ਜਵਾਬ ਆਇਆ ''ਇਸ ਦੀ ਲੋੜ ਨਹੀਂ। ਸਿਰਫ਼ ਤੈਨੂੰ ਇਹ ਦਸਣਾ ਸੀ ਕਿ ਤੂੰ ਕੀ ਨਹੀਂ ਕਰ ਸਕਦਾ।'' (ਸੰਪੂਰਣ ਅਵਤਾਰ ਬਾਣੀ)

ਇਹ ਸਾਰੀ ਕਹਾਣੀ ਲਿਖ ਕੇ ਅਵਤਾਰ ਸਿੰਘ ਨੇ ਸਿੱਧ ਕੀਤਾ ਹੈ ਕਿ ਭਾਵੇਂ ਮੈਂ ਇਲਮੀ ਲਿਆਕਤ ਤੋਂ ਸੱਖਣਾ ਸਾਂ ਪਰ ਬਾਬਾ ਬੂਟਾ ਸਿੰਘ ਨੇ ਮੈਨੂੰ ਸੁਪਨੇ ਵਿਚ ਥਾਪੜਾ ਦੇ ਕੇ ਬਾਣੀ ਲਿਖਣ ਦੇ ਕਾਬਲ ਬਣਾ ਦਿੱਤਾ। ਹੁਣ ਪਾਠਕ ਸੋਚ ਸਕਦੇ ਹਨ ਕਿ ਇਹ ਸਵੈ-ਪ੍ਰਸੰਸਾ ਦੀ ਛੰਦਾ ਬੰਦੀ ਉਹ ਆਪ ਕਿਵੇਂ ਕਰ ਸਕਦੇ ਸਨ। ਸਪੱਸ਼ਟ ਹੈ ਕਿ ਉਨ੍ਹਾਂ ਦੀ ਇਹ ਸਤੋਤਰ ਮਾਲਾ ਕਿਸੇ ਹੰਢੇ ਵੰਢੇ ਕਵੀ ਨੇ ਤਿਆਰ ਕਰਕੇ ਦਿਤੀ। ਇਤਨਾ ਕਹਿਣਾ ਕਾਫ਼ੀ ਹੈ ਕਿ ਇਹ ਨਿਰੰਕਾਰ ਪੂਜਾ ਦੀ ਥਾਂ ਪਰਿਵਾਰ ਪੂਜਾ ਦੀ ਪੁਸਤਕ ਹੈ। ਇਸ ਨੂੰ ਬਾਣੀ ਕਿਵੇਂ ਕਿਹਾ ਜਾ ਸਕਦਾ ਹੈ, ਇਹ ਤਾਂ ਸਾਧਾਰਨ ਕਵਿਤਾ ਦੀ ਪੱਧਰ ਨੂੰ ਵੀ ਪੂਰਾ ਨਹੀਂ ਕਰਦੀ। ਇਸ ਵਿਚ ਕੁਝ ਰਚਨਾ ਜਗਤ ਮਾਤਾ ਦੇ ਨਾਂ ਦੀ ਹੈ, ਕੁਝ ਰਾਜਮਾਤਾ ਨੂੰਹ ਦੇ ਨਾਂ ਦੀ ਤੇ ਕਾਫ਼ੀ ਸਾਰੀ ਅਵਤਾਰ ਸਿੰਘ ਦੇ ਨਾਂ ਤੇ। ਇਸ ਤੋਂ ਇਲਾਵਾ ੧੦-੧੫ ਸ਼ਰਧਾਲੂਆਂ ਦੇ ਨਾਂ ਤੇ ਜੋ ਬਾਣੀ ਦਿਤੀ ਹੈ, ਉਸ ਵਿਚ ਸਿੱਧੀ ਅਵਤਾਰ ਸਿੰਘ ਦੀ ਮਿਹਮਾ ਗਾਈ ਹੈ। ਇਕ ਗੱਲ ਹੋਰ ਵੀ ਸਪੱਸ਼ਟ ਹੈ ਕਿ ਇਸ ਵਿਚ

ਥਾਂ ਥਾਂ ਜਿਥੇ ਸ਼ਖ਼ਸੀ ਪੂਜਾ ਦ੍ਰਿੜ੍ਹ ਕਰਾਈ ਹੈ, ਉਥੇ ਨਾਲ ਨਾਲ ਗੁਰਬਾਣੀ ਦੇ ਮੁਹਾਵਰੇ ਤੇ ਆਸ਼ੇ ਅਤੇ ਸਿੱਖ ਰਵਾਇਤ ਨੂੰ ਵੀ ਮਜ਼ਾਕ ਕਰਨ ਤੋਂ ਸੰਕੋਚ ਨਹੀਂ ਕੀਤਾ ਗਿਆ। ਮਿਸਾਲ ਵਜੋਂ ਤੁਕਾਂ ਸੁਣੋ :—

ਗਾਵਨਿ ਸਿਧ ਸਮਾਧੀ ਬੈਠੇ, ਗਾਵਨਿ ਪੰਡਤ ਸ਼ੇਖ ਸੁਜਾਨ। (ਪੰਨਾ ੧੫)
ਕਹੇ ਅਵਤਾਰ ਇਹ ਪਾਕ ਅਨਾਦੀ, ਜੁਗ ਜੁਗ ਏਕੋ ਵੇਸ ਵੀ ਏ।
ਅਵਤਾਰ ਗੁਰੂ ਇਹ ਮਰੇ ਨ ਜੰਮੇ ਜੁਗ ਜੁਗ ਏਕੋ ਵੇਸ ਸਦਾ। (ਪੰਨਾ ੧੭)
ਸੇਵਾ ਤੇ ਅਰਦਾਸੇ ਕਰਿ ਕਰਿ, ਮਨ ਨ ਨਿਰਮਲ ਹੋ ਸਕਿਆ।
ਅੰਮ੍ਰਿਤਸਰ ਜਿਹੇ ਸ਼ਹਰ ਦਾ ਪਾਣੀ, ਮੈਲ ਨ ਦਿਲ ਦੀ ਧੋ ਸਕਿਆ।
ਤਰਨ ਤਾਰਨ ਵਿਚ ਲਾ ਲਾ ਤਾਰੀ, ਭਵਸਾਗਰ ਨ ਤਰਿ ਸਕਿਆ।
ਪੜ੍ਹਿ ਸੁਖਮਨੀ ਸੁਖ ਨ ਲੱਭਾ, ਜੀ ਨਾ ਮੇਰਾ ਭਰ ਸਕਿਆ।
ਅਵਤਾਰ ਗੁਰੂ ਨੇ ਅੰਗ ਸੰਗ ਲਾਇਆ, ਧੰਨ ਧੰਨ ਦੇਹ ਨਿਰੰਕਾਰੀਏ।
(ਪੰਨਾ ੧੯੮-੨੦੦)
ਹੋਸ਼ ਸੰਭਾਲੀ ਤੇ ਫੜ ਲੀਤਾ, ਪੂਜਾ ਪਾਠ ਮਧਾਣੀ ਨੂੰ।
ਵਰ੍ਹੇ ਅਠੱਤੀ ਰਿਹਾ ਰਿੜਕਦਾ, ਨਿਤਨੇਮ ਦੇ ਪਾਣੀ ਨੂੰ। (ਪੰਨਾ ੨੪੭)
ਇਹ ਬਾਣੀ ਅਵਤਾਰ ਦੀ ਬਾਣੀ, ਜੋ ਇਸ ਤੇ ਵਿਸ਼ਵਾਸ ਕਰੇ।
ਗੁਰੂ-ਬਚਨ ਦੀ ਜ਼ਿੰਮੇਵਾਰੀ, ਪੂਰੀ ਉਸ ਦੀ ਆਸ ਕਰੇ। (ਪੰਨਾ ੧੭੯)
ਸਤਿਗੁਰ ਦੇ ਉਪਦੇਸ਼ ਤੋਂ ਵੱਡੀ, ਹੋਂਦੀ ਕੋਈ ਬਾਣੀ ਨਹੀਂ।
ਮਨ ਆਪਣੇ ਨੂੰ ਭੇਟ ਚੜ੍ਹਾਨਾ, ਇਸਤੋਂ ਵਧ ਕੁਰਬਾਨੀ ਨਹੀਂ। (ਪੰਨਾ ੭੯)

ਇਸ ਤੋਂ ਇਲਾਵਾ ਸਿੱਖ ਇਤਿਹਾਸ ਵਾਸਤੇ ਸਿੱਖ ਰਵਾਇਤ ਵਿਚੋਂ ਪ੍ਰਸਿਧ ਸਿੱਖਾਂ ਦੇ ਨਾਮ ਲੈ ਕੇ ਆਪਣੇ ਚੇਲਿਆਂ ਲਈ ਵਰਤ ਕੇ ਵੀ ਨਕਲੀ ਨਿਰੰਕਾਰੀ ਪੂਰੀ ਨਕਲ ਕਰਨ ਦਾ ਕੋਝਾ ਜਤਨ ਕਰਦੇ ਹਨ, ਜੋ ਕਿਸੇ ਵੀ ਮਜ਼ਹਬੀ ਸੰਸਥਾ ਲਈ ਮੁਨਾਸਬ ਕੰਮ ਨਹੀਂ।

ਹੁਣ ਅਵਤਾਰ ਸਿੰਘ ਦੇ ਚੇਲਿਆਂ ਦੇ ਵਿਚਾਰ ਦੇਖ ਲਓ ਕਿ ਉਹ ਗੁਰਬਾਣੀ ਸੰਬੰਧੀ ਕੈਸਾ ਬੋਧ ਤੇ ਕੈਸੀ ਸ਼ਰਧਾ ਪ੍ਰੇਮ ਰਖਦੇ ਹਨ। 'ਸੰਤ ਨਿਰੰਕਾਰੀ' ਇਨ੍ਹਾਂ ਦਾ ਆਪਣਾ ਰਸਾਲਾ ਹੈ ਜਿਸ ਵਿਚ ਐਸੇ ਬੇਅਦਬੀ ਦੇ ਲੇਖ ਛਪਦੇ ਰਹਿੰਦੇ ਹਨ। 'ਗੁਰਬਾਣੀ ਕੀ ਹੈ' ਦੀ ਵਿਆਖਿਆ ਕਰਦਾ ਇਕ ਹਰਬੰਸ ਸਿਹੁੰ ਲਿਖਦਾ ਹੈ :

'ਕਾਨੂੰਨੀ ਧਾਰਾਵਾਂ ਦੇ ਏਡੇ ਵਡੇ ਗ੍ਰੰਥ ਨੂੰ ਬਾਣੀ ਕਿਵੇਂ ਕਹਿ ਸਕਦੇ ਹਾਂ। ਹਾਂ, ਲਿਖਤ ਤੇ ਨਸੀਹਤਾਂ ਜ਼ਰੂਰੀ ਹਨ। ਬਾਣੀ ਦਾ ਲਫ਼ਜ਼ ਤਾਂ ਮਹਿਦੂਦ ਹੈ, ਮੂੰਹ ਦੀ ਆਵਾਜ਼ ਤਕ, ਗੁਰਬਾਣੀ ਗੁਰੂ ਦੇ ਮੂੰਹ ਦੀ ਆਵਾਜ਼, ਗੁਰੂ ਦੀ ਉਹ ਆਵਾਜ਼ ਜਿਹੜੀ ਕਿ ਸਿੱਖ ਦੇ ਪੁੱਛਣ ਤੇ ਕਿਹੜਾ ਨਿਰੰਕਾਰ ਹੈ ? ਤੇ ਗੁਰੂ ਦੇ ਮੂੰਹ ਤੋਂ ਆਵਾਜ਼ ਨਿਕਲਦੀ ਹੈ—'ਇਹ'।

ਸੰਤ ਨਿਰੰਕਾਰੀ, ਜੂਨ ੧੯੭੫

ਗੁਰੂ ਗ੍ਰੰਥ ਸਾਹਿਬ ਬਾਰੇ ਇਕ ਹੋਰ ਲਿਖਾਰੀ ਲ਼ਿਖਦਾ ਹੈ :—

'ਇਸ ਗ੍ਰੰਥ ਵਿਚ ੭੦-੭੨ ਆਲਮਾਂ ਦੀ ਲ਼ਿਖਤ ਮੌਜੂਦ ।'

(ਸੰਤ ਨਿਰੰਕਾਰੀ, ਅਗਸਤ ੧੯੬੬)

ਮਹੀਨਾ ਜੂਨ ੧੯੬੫ ਦੇ ਅੰਕ ਵਿਚ ਲਿਖਿਆ ਹੈ ਕਿ ੮੦-੮੨ ਬਜ਼ੁਰਗਾਂ ਦੀ ਬਾਣੀ ਹੈ । ਸੋ ਇਨ੍ਹਾਂ ਦੇ ਪ੍ਰਚਾਰਕਾਂ ਤੇ ਲਿਖਾਰੀਆਂ ਨੂੰ ਇਹ ਵੀ ਖ਼ਬਰ ਨਹੀਂ ਕਿ ਆਦਿ ਗੁਰੂ ਗ੍ਰੰਥ ਵਿਚ ਕਿਤਨੇ ਮਹਾਂਪੁਰਖਾਂ ਦੀ ਬਾਣੀ ਹੈ ।

'ਜੇਹੋ ਜੇਹੀ ਗੰਜੀ ਸਤੀ, ਉਹੋ ਜੇਹੇ ਉਂਤ ਪੁਜਾਰੀ ।'

ਜ਼ਾਹਰ ਹੈ, ਇਨ੍ਹਾਂ ਨੂੰ ਨਾ ਕੋਈ ਬਾਣੀ ਦਾ ਬੋਧ ਹੈ ਤੇ ਨਾ ਹੀ ਸ਼ਰਧਾ ਤੇ ਸਤਿਕਾਰ । ਇਹ ਤਾਂ ਬਾਣੀ ਵਿਚ ਜਿਥੇ ਕਿਤੇ 'ਨਿਰੰਕਾਰ' ਲਫ਼ਜ਼ ਆਉਂਦਾ ਹੈ, ਉਸ ਦੇ ਸਿੱਧੇ ਪੁੱਠੇ ਅਰਥ ਕਰਕੇ ਆਪਣਾ ਉਲੂ ਸਿੱਧਾ ਕਰਨ ਦਾ ਕੋਝਾ ਜਤਨ ਕਰਦੇ ਹਨ । ਸੋ ਇਨ੍ਹਾਂ ਨੂੰ ਗੁਰਬਾਣੀ ਦੇ ਪ੍ਰੇਮੀ ਸਮਝਣਾ ਭੁੱਲ ਹੈ ।

(੩) ਕਈ ਕਹਿੰਦੇ ਹਨ ਕਿ ਇਹ ਸਾਂਝੇ ਧਰਮ ਦਾ ਪ੍ਰਚਾਰ ਕਰਦੇ ਹਨ ਤੇ ਇਨ੍ਹਾਂ ਦਾ ਆਚਾਰ ਵਿਹਾਰ ਬੜਾ ਸੁੱਚਾ ਹੈ । ਇਸ ਬਾਰੇ ਬਹੁਤਾ ਕੁਝ ਕਹਿਣਾ ਠੀਕ ਨਹੀਂ । ਅਵਤਾਰ ਸਿੰਘ ਦੇ ਗੁਰੂ ਬੂਟਾ ਸਿੰਘ, ਰਾਵਲਪਿੰਡੀ ਵਾਲੇ ਅਸਲੀ ਨਿਰੰਕਾਰੀ ਦਰਬਾਰ ਦੇ ਰਾਗੀ ਸਨ, ਉਥੇ ਕੀਰਤਨ ਕਰਦੇ ਸਨ । ਲੇਕਿਨ ਜਦੋਂ ਪਤਾ ਲੱਗਾ ਕਿ ਇਹ ਸ਼ਰਾਬ ਆਮ ਪੀਂਦੇ ਹਨ ਤਾਂ ਦਰਬਾਰ ਨੇ ਇਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ । ਪਿਛੋਂ ਸ਼ਰਾਬ ਕਬਾਬ ਤੇ ਸ਼ਬਾਬ ਦੇ ਸ਼ੌਕੀਨ ਇਸ ਬੂਟਾ ਸਿਹੁੰ ਦੀ ਇਹ ਹਾਲਤ ਹੋਈ ਕਿ ਬੇਚਾਰਾ ਸੁਜ਼ਾਕ ਨਾਲ ਤੜਫ਼ ਤੜਫ਼ ਕੇ ਮਰਿਆ । ਜਿਥੋਂ ਤਕ ਅਵਤਾਰ ਸਿੰਘ ਦੇ ਆਚਾਰ ਦਾ ਤੁਅੱਲਕ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ; ਹਾਂ, ਇਹ ਗੱਲ ਜ਼ਰੂਰ ਸੁਣੀ ਹੈ ਕਿ ਇਨ੍ਹਾਂ ਦੀ ਮੌਤ ਵੀ ਕਿਸੇ ਬੜੀ ਨਾਮੁਰਾਦ ਬੀਮਾਰੀ ਕਾਰਣ ਹੋਈ ।

ਨਕਲੀ ਨਿਰੰਕਾਰੀਆਂ ਦੇ ਪ੍ਰਚਾਰ ਅਨੁਸਾਰ ਸ਼ਰਾਬ, ਸਿਗਰਟ, ਮਾਸ ਤੇ ਰੰਗ-ਰਲੀਆਂ ਮਨਾਉਣ ਤੇ ਕੋਈ ਪਾਬੰਦੀ ਨਹੀਂ । ਇਸੇ ਲਿੰਗ ਸੁਤੰਤਰਤਾ ਦੀ ਖੁਲ੍ਹ ਦਾ ਮਜ਼ਾ ਲੈਣ ਲਈ ਕਈ ਨਵੇਂ ਅਫ਼ਸਰ ਇਨ੍ਹਾਂ ਦੀ ਜਮਾਤ ਦੇ ਗੁਪਤ ਮੈਂਬਰ ਬਣ ਕੇ ਵਾਮ ਵਾਰਗੀਆਂ ਵਾਂਗ ਪੂਰਾ ਲਾਹ ਲੈਂਦੇ ਹਨ ਜੋ ਕਲੱਬਾਂ ਵਿਚ ਤਕੜੀ ਫੀਸ ਤਾਰ ਕੇ ਵੀ ਨਹੀਂ ਮਿਲਦਾ ।

'ਅਵਤਾਰ ਬਾਣੀ' ਵਿਚ ਇਸ ਬਾਰੇ ਖੁਲ੍ਹਾ ਫ਼ੁਰਮਾਨ ਹੈ :

ਰੱਬ ਨੇ ਕੁਝ ਨਹੀਂ ਖਾਣ ਨੂੰ ਦੱਸਿਆ, ਰੱਬ ਵਲੋਂ ਕੁਝ ਬੰਦ ਨਹੀਂ ।
ਖਾਣ ਪੀਣ ਹੈ ਤਨ ਦੀ ਖ਼ਾਤਰ, ਰੂਹ ਦਾ ਕੋਈ ਸਬੰਧ ਨਹੀਂ । (ਪੰਨਾ ੭)

ਬਾਕੀ ਜਿਸ ਤਰ੍ਹਾਂ ਇਨ੍ਹਾਂ ਕਪਟ ਫ਼ਰੇਬ ਨਾਲ ਗੁਰੂ ਡੰਮ ਦਾ ਢਾਂਚਾ ਰਚਿਆ, ਨਕਲੀ ਬਾਣੀ ਬਣਾਈ ਤੇ ਮਾਈ ਬੁਧਿਵੰਤੀ ਦੇ ਪਤੀ ਨੂੰ ਖ਼ੁਦਾ ਤੇ ਪੁਤਰ ਨੂੰ ਖ਼ੁਦਾ ਦਾ ਅਵਤਾਰ ਦਸ ਦਸ ਲੀਲਾ ਰਚਾਈ, ਕੋਈ ਈਮਾਨਦਾਰ ਮਨੁਖ ਐਸਾ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਉਚੇ ਸੁੱਚੇ ਆਚਾਰ ਵਾਲੇ ਨੂੰ ਅਜੇਹੀ ਸਾਜ਼ਸ਼ ਕਰਨ ਦੀ

ਜੁਰੱਅਤ ਹੋ ਸਕਦੀ ਹੈ। ਜ਼ਾਹਰ ਹੈ ਕਿ ਇਹ ਲੋਕ ਧਰਮਾਤਮਾ ਬਿਰਤੀ ਦੇ ਨਹੀਂ ਤੇ ਨਾ ਹੀ ਇਨ੍ਹਾਂ ਨੂੰ ਕਿਸੇ ਅੜੇ ਅਖਲਾਕ ਦੀ ਪ੍ਰਵਾਹ ਹੈ।

(੪) ਇਕ ਗੱਲ ਹੋਰ ਵੀ ਇਨ੍ਹਾਂ ਨਕਲੀ ਨਿਰੰਕਾਰੀਆਂ ਬਾਰੇ ਪ੍ਰਚਾਰੀ ਜਾਂਦੀ ਹੈ ਕਿ ਇਹ ਕਿਸੇ ਮਜ਼੍ਹਬ ਦੇ ਵਿਰੋਧੀ ਨਹੀਂ ਸਗੋਂ ਸਭ ਨਾਲ ਪਿਆਰ ਕਰਨ ਵਾਲੇ ਹਨ। ਇਹ ਸਭ ਢਕਵੰਜ ਹੈ ਜੋ ਇਨ੍ਹਾਂ ਸ਼ਿਕਾਰੀਆਂ ਨੇ ਭੋਲੇ ਭਾਲੇ ਹਿੰਦੂਆਂ ਸਿੱਖਾਂ ਨੂੰ ਫਸਾਉਣ ਲਈ ਰਚਿਆ ਹੋਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰਬਚਨ ਸਿੰਘ ਦੁਨੀਆਂ ਨੂੰ ਅਮਨ ਤੇ ਸ਼ਾਂਤੀ ਦਾ ਪੈਗਾਮ ਦੇਣ ਲਈ ਬਾਹਰਲੇ ਮੁਲਕਾਂ ਦਾ ਦੌਰਾ ਕਰਦਾ ਹੈ ਤੇ ਰੂਹਾਨੀ ਜਲਵੇ ਦਿਖਾ ਕੇ ਠੰਢ ਵਰਤਾਉਂਦਾ ਫਿਰਦਾ ਹੈ, ਇਹ ਕੋਰਾ ਝੂਠ ਹੈ। ਅੱਜ ਦੇ ਸੰਸਾਰ ਦੀ ਬਦਅਮਨੀ ਦੀ ਕੀ ਸਮੱਸਿਆ ਹੈ ਤੇ ਇਨ੍ਹਾਂ ਨੂੰ ਕਿਵੇਂ ਸੁਲਝਾਇਆ ਜਾ ਸਕਦਾ ਹੈ, ਇਹ ਕੌਮਾਂਤਰੀ ਮਸਲੇ ਸ਼ਾਇਦ ਗੁਰਬਚਨ ਸਿੰਘ ਦੇ ਹਿਸਾਬ ਵਿਚ ਆਉਣ ਵਾਲੇ ਨਹੀਂ। ਇਹ ਤਾਂ ਆਪਣੇ ਚਰਨ ਪੂਜਾਉਣੇ ਜਾਣਦੇ ਹਨ ਤੇ ਜਿੰਨਾ ਚਿਰ ਦੁਨੀਆਂ ਵਿਚ ਜਹਾਲਤ, ਬੇਸਮਝੀ ਤੇ ਮੂਰਖਤਾ ਦਾ ਮਾਦਾ ਮੌਜੂਦ ਹੈ, ਉਤਨਾ ਚਿਰ ਇਹੋ ਜੇਹੇ ਦੰਭੀਆਂ ਦਾ ਕਾਰ ਵਿਹਾਰ ਚਲਦਾ ਰਹੇਗਾ।

ਜੇ ਇਹ ਇਤਨੇ ਸ਼ਾਂਤੀ ਤੇ ਅਮਨ ਦੇ ਪ੍ਰੇਮੀ ਹੁੰਦੇ ਤਾਂ ਪੰਜਾਬ ਵਿਚ ਥਾਂ ਥਾਂ ਝਗੜੇ ਨਾ ਕਰਦੇ ਤੇ ਨਾ ਹੀ ਅੰਮ੍ਰਿਤਸਰ ਵਿਚ ਆਪਣੇ ਹੀ ਸਿੱਖ ਭਾਈਆਂ ਨੂੰ ਗੋਲੀਆਂ ਨਾਲ ਭੁੰਨ ਕੇ ਦਿੱਲੀ ਨੂੰ ਦੌੜਦੇ। ਕਰਨਾ 'ਮਾਨਵ ਧਰਮ ਸੰਮੇਲਨ' ਤੇ ਦੀਵਾਨ ਵਿਚ ਬੰਦੂਕਾਂ, ਸਟੇਨਗਨਾਂ ਤੇ ਦਰਜਨਾਂ ਤੇਜ਼ਾਬ ਦੀਆਂ ਬੋਤਲਾਂ ਰੱਖਣਾ ਕਿਥੋਂ ਦੀ ਰੂਹਾਨੀਅਤ ਹੈ। ਹੁਣ ਆਨੰਦ ਮਾਰਗੀਆਂ ਵਾਂਗ ਇਨ੍ਹਾਂ ਦੀਆਂ ਗੁਪਤ ਕਰਤੂਤਾਂ ਦਾ ਭਾਂਡਾ ਚੌਰਾਹੇ ਫੁਟ ਗਿਆ ਹੈ ਤੇ ਲੋਕਾਂ ਨੂੰ ਜਲਦੀ ਪਤਾ ਲਗ ਜਾਏਗਾ ਕਿ ਇਹ ਕਿਸ ਸਮਗਲਿੰਗ ਦੇ ਧਨ ਤੇ ਕਿਸ ਸਿਆਸੀ ਪਾਰਟੀ ਦੇ ਦਮੜਿਆਂ ਨਾਲ ਸਿੱਖਾਂ ਤੇ ਸਿੱਖੀ ਵਿਰੁਧ ਇਹ ਸਾਰਾ ਪਾਖੰਡ ਚਲਾ ਰਹੇ ਹਨ :

ਭੇਖ ਦਿਖਾਏ ਜਗਤ ਕਉ ਲੋਗਨ ਕਉ ਬਸ ਕੀਨ।
ਅੰਤ ਕਾਲ ਕਾਤੀ ਕਟਯੋ ਵਾਸ ਨਰਕ ਮੋ ਲੀਨ।

ਕੁਝ ਲੋਕਾਂ ਨੇ ਮਿਸਾਲ ਦੇ ਕੇ ਗੱਲ ਕੀਤੀ ਹੈ ਕਿ ਇਹ ਨਕਲੀ ਨਿਰੰਕਾਰੀਏ, ਮਿਰਜ਼ਈਆਂ ਵਾਂਙ ਹਨ। ਜੋ ਕੁਝ ਪਾਕਿਸਤਾਨ ਵਿਚ ਉਨ੍ਹਾਂ ਦਾ ਹਸ਼ਰ ਹੋਇਆ ਹੈ, ਉਹੋ ਇਨ੍ਹਾਂ ਨਾਲ ਹੋਵੇਗਾ।

ਮੈਂ ਇਸ ਗੱਲ ਨਾਲ ਪੂਰਾ ਇਤਫਾਕ ਨਹੀਂ ਰੱਖਦਾ। ਮਿਰਜ਼ਈ ਹਜ਼ਰਤ ਮੁਹੰਮਦ ਸਾਹਿਬ ਲਈ ਪੂਰੀ ਅਕੀਦਤ ਰਖਦੇ ਹਨ ਤੇ ਉਹ ਕੁਰਾਨ ਸ਼ਰੀਫ ਨੂੰ ਹੀ ਆਪਣਾ ਧਰਮ ਗ੍ਰੰਥ ਮੰਨਦੇ ਤੇ ਇਸਲਾਮ ਦੀ ਬਾਕੀ ਸ਼ਰ੍ਹਾ ਮਰਯਾਦਾ ਦਾ ਵੀ ਪਾਲਣ ਕਰਦੇ ਹਨ। ਲੇਕਿਨ ਇਹ ਚਿੱਟ ਕੱਪੜੀਏ ਬਗਲੇ ਭਗਤ ਨਾ ਤਾਂ ਦਸ ਗੁਰੂਆਂ ਦਾ ਤੇ ਨਾ ਹੀ ਸ੍ਰੀ ਗੁਰੂ

ਗ੍ਰੰਥ ਸਾਹਿਬ ਦਾ ਕੋਈ ਸਤਿਕਾਰ ਕਰਦੇ ਹਨ। ਇਨ੍ਹਾਂ ਦੀ ਕਿਸੇ ਪੁਸਤਕ ਵਿਚ ਦਸ ਗੁਰੂਆਂ ਦਾ ਕਿਤੇ ਕੋਈ ਜ਼ਿਕਰ ਨਹੀਂ, ਇਹ ਤਾਂ ਸੁਤੰਤਰ ਆਪਣੀ ਗੱਦੀ ਬਾਬਾ ਬੂਟਾ ਸਿੰਘ ਤੋਂ ਤੋਰਦੇ ਹਨ ਜਿਨ੍ਹਾਂ ਨੂੰ ਸ਼ਰਾਬੀ ਹੋਣ ਦੇ ਦੋਸ਼ ਵਿਚ ਨਿਰੰਕਾਰੀ ਦਰਬਾਰ ਰਾਵਲਪਿੰਡੀ ਨੇ ਕੱਢ ਦਿੱਤਾ ਸੀ। ਸੋ ਇਨ੍ਹਾਂ ਨੂੰ ਸਿੱਖ ਸੰਪ੍ਰਦਾ ਕਹਿਣਾ ਭੁੱਲ ਹੈ, ਇਹ ਤਾਂ ਆਲ੍ਹਾ ਦਰਜੇ ਦੇ ਨੌਸਰਬਾਜ਼ ਤੇ ਮੱਕਾਰੀ ਵਿਚ ਮਾਹਰ ਚਾਲਾਕ ਵਾਪਾਰੀ ਹਨ ਜੋ ਰੂਹਾਨੀਅਤ ਦੇ ਨਾਂ ਤੇ ਸ਼ੈਤਾਨੀਅਤ ਦਾ ਸੌਦਾ ਕਰਦੇ ਹਨ :

> ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
> ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ॥
>
> (ਸੂਹੀ ੧, ਪੰਨਾ ੭੨੯)

ਨਕਲੀ ਨਿਰੰਕਾਰੀਆਂ ਨੂੰ ਕਾਬੂ ਕਰੋ

ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ'

ਅੱਜ ਤੋਂ ੮ ਸਾਲ ਪਹਿਲਾਂ ਨਵੰਬਰ ਸੰਨ ੧੯੭੧ ਦੇ ਅੰਗਰੇਜ਼ੀ ਪੱਤਰ ਇਲਸਟਰੇਟਡ ਵੀਕਲੀ ਆਫ਼ ਇੰਡੀਆ ਦੇ ਸਫ਼ਾ ੬ ਉਪਰ ਮੈਂ ਠੀਕ ਹੀ ਲਿਖਿਆ ਸੀ ਕਿ ਨਕਲੀ ਨਿਰੰਕਾਰੀ ਸੰਪ੍ਰਦਾਇ ਜੋ ਭਾਈ ਬੂਟਾ ਸਿੰਘ ਦੇ ਉਤਰ ਅਧਿਕਾਰੀ ਅਵਤਾਰ ਸਿੰਘ ਦੀ ਦਿੱਲੀਉਂ ਚਲਾਈ, ਇਕ ਅਜਿਹੀ ਫ਼ਿਰਕੇ ਦਾਹਾਨਾ ਗੁੱਟ ਬੰਦੀ ਹੈ ਜੋ ਸ਼ੈਵਾਂ ਸਾਕਤਾਂ ਵਾਂਗ ਸ਼ਰਾਬ, ਮੈਥੁਨ (ਵਿਭਚਾਰ), ਮਾਸ ਆਦਿ ਖਾਣ ਪੀਣ ਵਿਚ ਆਸਥਾ ਰੱਖਣ ਵਾਲੀ ਹੋਣ ਕਰਕੇ ਬੜੀ ਖ਼ਤਰਨਾਕ ਵਾਮ-ਮਾਰਗੀ ਅਥਵਾ ਹਿੱਪੀ ਮੂਵਮੈਂਟ ਦਾ ਹੀ ਦੂਜਾ ਰੂਪ ਹੈ, ਇਸ ਲਈ ਸ਼ਾਕਤ ਵਾਮ ਮਾਰਗੀ ਜਾਂ ਹਿੱਪੀ ਮੂਵਮੈਂਟ ਪਰ ਕੋਈ ਕਰੜੀ ਪਾਬੰਦੀ ਲੱਗਣੀ ਯੋਗ ਹੈ, ਪਰ ਉਸ ਵੇਲੇ ਮੇਰੀ ਇਸ ਖਰੀ ਖਰੀ ਪਰਖ-ਪੜਚੋਲ ਵਲ ਕਿਸੇ ਵੀ ਵਿਅਕਤੀ ਨੇ ਵੀ ਕੋਈ ਖ਼ਾਸ ਧਿਆਨ ਨਾ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਨਕਲੀ ਨਿਰੰਕਾਰੀਆਂ ਨੇ ਇਸ ਚੁਪ ਤੋਂ ਉਤਸ਼ਾਹਿਤ ਹੋ ਕੇ ਹੁਸ਼ਿਆਰਪੁਰ, ਗੁਰਦਾਸਪੁਰ ਆਦਿ ਕਈ ਥਾਵੀਂ ਕੁਝ ਫਸਾਦ ਕੀਤੇ ਤੇ ਫੇਰ ਇਸੇ ਸਾਲ ੧੩ ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੇ ਆਦੇਸ਼ ਨਾਲ ਸਰਬ ਹਿੰਦ ਕੌਮੀ ਏਕਤਾ ਦਾ ਢੰਡੋਰਾ ਦੇ ਕੇ ਜਲੂਸ ਕੱਢਣ ਦੇ ਬਹਾਨੇ ਗੁਰ ਸਿੱਖਾਂ ਦੇ ਅਕੀਦੇ ਤੋਂ ਉਲਟ ਦਿਲ ਦੁਖਾਊ ਨਾਹਰੇ ਲਗਵਾ ਕੇ ਆਪਣੀ ਰਾਖਵੀਂ ਹਥਿਆਰ-ਬੰਦ ਫ਼ੌਜ ਹਥੋਂ ਬੰਦੂਕਾਂ ਦੀਆਂ ਗੋਲੀਆਂ ਨਾਲ ੧੩ ਨਿਹੱਥੇ ਸਿੰਘ ਭੁੰਨ ਕੇ ਸ਼ਹੀਦ ਕਰਵਾ ਦਿਤੇ। ਇਸ ਭਿਆਨਕ ਹਾਦਸੇ ਤੋਂ ਜਦ ਚੁਫੇਰੇ ਹਾਹਾਕਾਰ ਮੱਚ ਗਈ ਤਾਂ ਸਾਡੇ ਆਗੂਆਂ ਦੀਆਂ ਅੱਖਾਂ ਖੁਲ੍ਹੀਆਂ ਤੇ ਪਤਾ ਲੱਗਾ ਕਿ ਇਹ ਨਕਲੀ ਨਿਰੰਕਾਰੀ, ਜਿਨ੍ਹਾਂ ਨੂੰ ਅਸੀਂ ਆਪਣੇ ਹੀ ਭਾਈ ਭਰਾ ਸਮਝ ਰੱਖਿਆ ਸੀ, ਕੀਕਣ ਅਚਾਨਕ ਸਾਡੇ ਹੀ ਆਹੂ ਲਾਹੁਣ ਲੱਗ ਪਏ ਹਨ ਤੇ ਇਨ੍ਹਾਂ ਨੇ ਸਿੰਘਾਂ ਦਾ ਕਤਲਿਆਮ ਕਰਕੇ ਅੱਜ ਤੋਂ ੫੯ ਸਾਲ ਪਹਿਲਾਂ ਇਸੇ ਦਿਨ ਹੋਏ ਜਨਰਲ ਡਾਇਰ ਦੇ ਜਲ੍ਹਿਆਂ ਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਮੁੜ ਨਵੇਂ ਸਿਰਿਉਂ ਯਾਦ ਤਾਜ਼ਾ ਕਰਵਾ ਦਿਤੀ ਹੈ। ਬਸ, ਫੇਰ ਕੀ ਸੀ ਇਸ ਖ਼ੂਨੀ ਘਟਨਾ ਦੇ ਕਾਰਨ ਸਾਰੇ ਹੀ ਪੰਜਾਬ ਦਾ ਹਿਰਦਾ

ਝੂਣਿਆ ਗਿਆ ਤੇ ਹਰ ਥਾਵੇਂ ਇਕ ਦਮ ਗ਼ੁੱਸੇ ਦੀ ਲਹਿਰ ਦੌੜ ਗਈ। ਇਸੇ ਕਾਰਨ ਸਾਰੇ ਹੀ ਵਿਚਾਰ ਸ਼ੀਲ ਵਿਅਕਤੀ, ਜਿਨ੍ਹਾਂ ਨੇ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਸਾਧਾਰਨ ਆਦਮੀ ਸਮਝ ਰੱਖਿਆ ਸੀ, ਇਸ ਖ਼ੂਨੀ ਘਟਨਾ ਤੋਂ ਤ੍ਰਹਿਕ ਕੇ ਅਫ਼ਸੋਸ ਨਾਲ ਆਪਣੇ ਹੱਥ ਮਲਣ ਲੱਗ ਪਏ।

ਏਥੇ ਹੀ ਬਸ ਨਹੀਂ, ਇਸ ਘਟਨਾ ਕਾਰਨ ਪੰਜਾਬ ਸਰਕਾਰ ਨੇ ਆਪਣੇ ਕਾਨੂੰਨੀ ਤੇ ਹਿਫ਼ਾਜ਼ਤੀ ਫ਼ਰਜ਼ਾਂ ਨੂੰ ਪਛਾਣਿਆ, ਜਿਸ ਕਰਕੇ ਉਨ੍ਹਾਂ ਨਕਲੀ ਨਿਰੰਕਾਰੀਆਂ ਦੀ, ਜਿਨ੍ਹਾਂ ਨੇ ਇਸ ਅਪਰਾਧ ਵਿਚ ਹਿੱਸਾ ਲਿਆ ਸੀ, ਪਕੜ-ਧਕੜ ਸ਼ੁਰੂ ਹੋਈ। ਇਨ੍ਹਾਂ ਦਾ ਮੋਢੀ ਗੁਰਬਚਨ ਸਿੰਘ, ਜਿਹੜਾ ਕਿ ਆਪਣੇ ਆਪ ਨੂੰ ਨਿਰੰਕਾਰ ਦਾ ਸਾਖਿਅਤ ਰੂਪ ਮੰਨਦਾ ਸੀ, ਲੁਕ ਛਿਪ ਕੇ ਅੰਮ੍ਰਿਤਸਰੋਂ ਨੱਸਿਆ ਤੇ ਹਵਾਈ ਜਹਾਜ਼ ਰਾਹੀਂ ਸਿੱਧਾ ਦਿੱਲੀ ਜਾ ਪੁੱਜਾ। ਇਧਰੋਂ ਉਸ ਦੇ ਕੁਝ ਕਰਮਚਾਰੀ ਫੜੇ ਗਏ ਤੇ ਪੰਜਾਬ ਸਰਕਾਰ ਦੀ ਪੁਲਿਸ ਨੇ ਗੁਰਬਚਨ ਸਿੰਘ ਦੇ ਵਰੰਟ ਲੈ ਕੇ ਦਿੱਲੀ ਤਕ ਉਸ ਦਾ ਪਿੱਛਾ ਕੀਤਾ। ਇਹ ਦੇਖ ਕੇ ਗੁਰਬਚਨ ਸਿੰਘ ਨੇ ਭਾਰਤ ਸਰਕਾਰ ਤੇ ਜ਼ੋਰ ਪਾ ਕੇ ਨਾ ਕੇਵਲ ਆਪਣੀ ਜ਼ਮਾਨਤ ਹੀ ਕਰਵਾ ਲਈ ਸਗੋਂ ਦਿੱਲੀ ਦੇ ਇਕ ਹਸਪਤਾਲ ਵਿਚ ਦਾਖ਼ਲ ਹੋ ਕੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਹੋਣ ਦਾ ਸਰਟੀਫ਼ਿਕੇਟ ਵੀ ਲੈ ਲਿਆ ਤੇ ਇਸ ਤਰ੍ਹਾਂ ਨਾਟਕੀ ਢੰਗ ਨਾਲ ਰੁਪਏ ਪੈਸੇ ਦੇ ਜ਼ੋਰ ਉਸ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਹੋਣ ਤੋਂ ਬਚਾ ਲਿਆ। ਇਸ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਜਦ ਪੰਜਾਬ ਦੀ ਗਵਰਨਮੈਂਟ ਇਕ ਅਪਰਾਧੀ ਨੂੰ ਜਿਹੜਾ ਕਿ ਏਥੇ ਅਨੇਕ ਕਤਲਾਂ ਦਾ ਦੋਸ਼ੀ ਹੈ, ਗ੍ਰਿਫ਼ਤਾਰ ਕਰਕੇ ਉਸ ਤੇ ਮੁਕੱਦਮਾ ਚਲਾਉਣਾ ਚਾਹੁੰਦੀ ਹੈ ਤਾਂ ਦਿੱਲੀ ਦੀ ਕੇਂਦਰੀ ਪੁਲੀਸ ਨੇ ਕਿਉਂ ਬਚਾਇਆ। ਜੇ ਸਰਕਾਰੀ ਕਾਨੂੰਨ ਗਰੀਬ ਤੇ ਅਮੀਰ ਸਭ ਦੇ ਲਈ ਇਕ ਸਾਰ ਹੈ, ਫਿਰ ਗਰੀਬ ਅਪਰਾਧੀ ਤਾਂ ਉਸ ਦੀ ਜ਼ੱਦ ਵਿਚ ਆ ਕੇ ਫ਼ੌਰਨ ਫੜਿਆ ਜਾਵੇ ਤੇ ਗੁਰਬਚਨ ਸਿੰਘ ਨਕਲੀ ਨਿਰੰਕਾਰੀ ਵਰਗਾ ਅਮੀਰ ਅਪਰਾਧੀ ਉਸ ਦੀ ਮਾਰ ਤੋਂ ਅਨੇਕਾਂ ਬਹਾਨੇ ਸ਼ਹਾਨੇ ਲਾ ਕੇ ਵਾਲ-ਵਾਲ ਕਿਉਂ ਬਚਿਆ ਰਹੇ ਤੇ ਉਸ ਦੀ ਪਕੜ ਵਿਚ ਹੀ ਨਾ ਆਵੇ। ਇਹ ਤਾਂ ਉਹੋ ਗੱਲ ਹੋਈ ਜਿਵੇਂ ਕੋਈ ਪ੍ਰਾਣੀ ਧਰਮ ਰਾਜ ਜਮਦੂਤਾਂ ਨੂੰ ਧੋਖਾ ਦੇ ਕੇ ਉਨ੍ਹਾਂ ਦੀ ਮਾਰ ਤੋਂ ਬਚ ਕੇ ਨਿਕਲ ਜਾਵੇ। ਇਸ ਤੇ ਲੋਕ ਕਹਿਣ ਲਗ ਪਏ ਹਨ ਕਿ ਸਰਕਾਰੀ ਕਾਨੂੰਨ ਗ਼ਰੀਬਾਂ ਵਾਸਤੇ ਹੈ ਤੇ ਅਮੀਰਾਂ ਦੇ ਸਾਹਮਣੇ ਉਸ ਦਾ ਕੋਈ ਮੁੱਲ ਨਹੀਂ। ਇਸੇ ਕਾਰਨ ਅਪਰਾਧੀਆਂ ਦੇ ਨੱਕ ਵਿਚ ਨਕੇਲ ਪਾਉਣ ਲਈ ਕੋਈ ਤਿਆਰ ਨਹੀਂ। ਇਸ ਦੇ ਨਾਲ ਹੀ ਅਸੂਲੀ ਤੌਰ ਤੇ ਇਕ ਪੱਖੋਂ ਸਾਡੀ ਸਰਕਾਰ ਦੀ ਕਮਜ਼ੋਰੀ ਵੀ ਸਾਫ਼ ਨਜ਼ਰ ਆਉਂਦੀ ਹੈ ਕਿ ਉਹ ਕਾਨੂੰਨ ਬਣਾ ਤਾਂ ਸਕਦੀ ਹੈ, ਪਰ ਉਸ ਕਾਨੂੰਨ ਨੂੰ ਅਮਲੀ ਵਰਤੋਂ ਵਿਚ ਨਹੀਂ ਲਿਆ ਸਕਦੀ, ਨਹੀਂ ਤਾਂ ਗੁਰਬਚਨ ਸਿੰਘ ਵਰਗਾ ਮਹਾਂ ਅਪਰਾਧੀ, ਜਿਸ ਦੇ ਇਕ ਅੱਖ ਦੇ ਇਸ਼ਾਰੇ ਨਾਲ ਹੀ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ, ਅਰਥਾਤ ਸਿੱਖਾਂ ਦੇ ਆਪਣੇ ਹੀ ਘਰ ਵਿਚ ਅਮਨ ਪਸੰਦ ਨਿਹੱਥੇ ਸਿੰਘ ਗੋਲੀਆਂ ਨਾਲ ਉਡਾਏ

ਗਏ, ਤੇ ਲਹੂਆਂ ਦੇ ਨਾਲੇ ਵਹਿ ਤੁਰੇ, ਜਿਸ ਕਰਕੇ ਨਾ ਕੇਵਲ ਸਾਰੇ ਪੰਜਾਬ ਵਿਚ ਹੀ ਬਲਕਿ ਹਿੰਦੁਸਤਾਨ ਵਿਚ ਵੀ ਇਸ ਜ਼ੁਲਮ ਦੇ ਕਾਰਨ ਹਾਹਾਕਾਰ ਮੱਚ ਗਈ, ਪਰ ਇਸ ਖ਼ੂਨੀ ਘਟਨਾ ਦਾ ਅਸਲ ਅਪਰਾਧੀ ਮਹਾਂ ਨਗਰ ਦਿੱਲੀ ਵਰਗੇ ਸਥਾਨ ਪਰ, ਜਿਥੇ ਕਿ ਭਾਰਤ ਸਰਕਾਰ ਦੀ ਆਪਣੀ ਰਾਜਧਾਨੀ ਹੈ, ਆਪਣੇ ਅਥਾਹ ਸਰਮਾਏ ਦੇ ਜ਼ੋਰ ਨਾਲ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਗ੍ਰਿਫ਼ਤਾਰੀ ਤੋਂ ਬਚਣ ਲਈ ਛਾਤੀ ਠੋਕ ਕੇ ਸਾਨੂੰ ਦੰਦੀਆਂ ਚਿੜਾ ਰਿਹਾ ਹੈ।

ਇਸ ਹੱਤਿਆ ਕਾਂਡ ਬੀਤੇ ਨੂੰ ਅੱਜ ਡੇਢ ਮਹੀਨੇ ਤੋਂ ਉਪਰ ਹੋ ਚੁਕਾ ਹੈ। ਸੰਗਤਾਂ ਵਿਚ ਤੇ ਦੇਸ਼ ਵਿਚ ਅਜੇ ਤਕ ਗੁੱਸਾ ਤੇ ਜੋਸ਼ ਹੈ—ਥਾਂ ਥਾਂ ਦੀਵਾਨ, ਕੱਠ, ਸਮਾਗਮ ਹੋ ਰਹੇ ਅਤੇ ਥਾਂ ਥਾਂ ਮਤੇ ਪਾਸ ਕੀਤੇ ਜਾ ਰਹੇ ਹਨ ਕਿ ਛੇਤੀ ਕੋਈ ਕਾਰਵਾਈ ਕੀਤੀ ਜਾਵੇ। ਸਰਕਾਰ ਨੂੰ ਮੌਕਾ ਸੰਭਾਲਣਾ ਚਾਹੀਦਾ ਹੈ।

ਸੰਖੇਪ ਜੀਵਨ—

ਭਾ: ਸਾ: ਸੰਤ ਰਣਧੀਰ ਸਿੰਘ ਜੀ

ਮਹਿੰਦਰਪਾਲ ਸਿੰਘ ਹੈਵੀ ਨਿਵਾਸ

ਇਸ ਸੰਸਾਰ ਤੇ ਸਰੀਰਕ ਤੌਰ ਤੇ ਹਮੇਸ਼ਾ ਲਈ ਕਿਸੇ ਨੇ ਨਹੀਂ ਰਹਿਣਾ, ਮਨੁਖ ਆਪਣੀ ਸਦੀਵੀ ਯਾਦ ਕਾਇਮ ਕਰਨਾ ਚਾਹੁੰਦਾ ਹੈ ਉਸ ਬਾਰੇ ਬਾਣੀ ਸਪਸ਼ਟ ਤੌਰ ਤੇ ਦਸਦੀ ਹੈ ਕਿ ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰ ਗੋਬਿੰਦ, ਕਹੁ ਨਾਨਕ ਇਹ ਜਗਤ ਮੈਂ ਕਿਨ ਜਪਿਓ ਗੁਰਮੰਤੁ।

ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ ਦਾ ਜਨਮ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਦੇ ਗੁਰਮੁਖਿ ਪ੍ਰਵਾਰ ਵਿਚ ਮਿਤੀ ੭ ਜੁਲਾਈ ੧੮੭੮ (੨੫ ਹਾੜ ਸੰਮਤ ੧੯੩੫) ਐਤਵਾਰ ਵਾਲੇ ਦਿਨ ਹੋਇਆ। ਆਪ ਦੇ ਦਾਦਾ ਸਰਦਾਰ ਵਸਾਵਾ ਸਿੰਘ ਜੀ ਇਲਾਕੇ ਵਿਚ ਪ੍ਰਸਿਧ ਪਤਵੰਤੇ ਸਜਨ ਸਨ। ਆਪ ਦੇ ਪਿਤਾ ਸ: ਨਥਾ ਸਿੰਘ ਜੀ ਪੰਜਾਬੀ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ। ਨਾਭਾ ਰਿਆਸਤ ਹਾਈ ਕੋਰਟ ਵਿਖੇ ਜੱਜ ਸਨ। ਆਪ ਜੀ ਦੇ ਮਾਤਾ ਪੰਜਾਬ ਕੌਰ ਜੀ ਗੁਰਮੁਖ ਪ੍ਰਵਾਰ ਨਾਲ ਸਬੰਧ ਰਖਦੇ ਸਨ, ਆਪ ਦੇ ਨਾਨਕੇ ਭਾਈ ਭਗਤੂ ਜੀ ਦੀ ਵੰਸ਼ ਵਿਚੋਂ ਸਨ। ਭਾਈ ਭਗਤੂ ਜੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਚੇ ਸਿਦਕੀ ਸੇਵਕ ਸਨ, ਆਵੀਆਂ ਵਿਚ ਇਟਾਂ ਪਕਾਉਣ ਦਾ ਕੰਮ ਕਰਦੇ ਸਨ। ਆਪ ਦੀ ਸੁਪਤਨੀ ਕਰਤਾਰ ਕੌਰ, ਸਪੁਤਰੀ ਸ: ਬਚਨ ਸਿੰਘ ਨਾਭਾ ਦੇ ਗੁਰਮੁਖ ਪ੍ਰਵਾਰ ਨਾਲ ਸਬੰਧ ਰਖਦੇ ਸਨ। ੭-੮ ਸਾਲ ਦੀ ਉਮਰ ਵਿਚ ਦੋ ਮੰਜ਼ਲੀ ਇਮਾਰਤ ਦੀ ਛਤ ਤੋਂ ਮੂੰਹ ਭਾਰ ਗਿਰ ਗਏ, ਸਿਵਲ ਹਸਪਤਾਲ ਵਿੱਚ ਤਿੰਨ ਦਿਨ ਦਾਖ਼ਲ ਰਹੇ, ਡਿੱਗ ਕੇ ਸਟ ਲਗਣ ਨਾਲ ਨੱਕ ਕੁਝ ਚੌੜਾ ਹੋ ਗਿਆ ਫਿਰ ਵੀ ਕੋਈ ਘਬਰਾਹਟ ਨਹੀਂ ਹੋਈ। ਡਾਕਟਰ ਨੇ ਇਨ੍ਹਾਂ ਦੇ ਹੌਂਸਲੇ, ਦਲੇਰੀ ਦੀ ਦਾਦ ਦਿਤੀ। ਫੁਲਾਂ ਲਈ ਪਿਆਰ, ਰਾਜਾ ਹੀਰਾ ਸਿੰਘ ਨਾਭਾ ਦੇ ਬਾਗ਼ ਵਿਚ ਸੁੰਦਰ ਫੁੱਲ ਵੇਖ ਕੇ ਪ੍ਰਸੰਨ ਹੁੰਦੇ ਰਾਜਾ ਆਪ ਦੇ ਨਾਲ ਪਿਆਰ ਕਰਦਾ ਹੁੰਦਾ ਸੀ। ਹਾਕੀ ਖੇਡਣ ਦਾ ਬਹੁਤ ਸ਼ੌਕ ਸੀ, ਕਾਲਜ ਟੀਮ ਦੇ ਕੈਪਟਨ ਸਨ। ਪਿਤਾ ਚਾਹੁੰਦੇ ਸਨ ਕਿ ਕ੍ਰਿਸਚੀਅਨ ਮਿਸ਼ਨ ਸਕੂਲ

ਵਿਚ ਟੀਚਰ ਦੇ ਤੌਰ ਤੇ ਕੰਮ ਕਰਨ, ਆਪ ਨੇ ਪਹਿਲੇ ਦਿਨ ਬਚਿਆਂ ਨੂੰ ਪ੍ਰਾਰਥਨਾ ਸਮੇਂ ਗੁਰੂ ਨਾਨਕ ਦਾ ਸ਼ਬਦ ਪੜ੍ਹ ਕੇ ਸੁਣਾਇਆ, ਪਰ ਆਪ ਨੂੰ ਇਹ ਟੀਚਰ ਦੀ ਨੌਕਰੀ ਪਸੰਦ ਨਹੀਂ ਸੀ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਜੀਵਨ ਤੋਂ ਬੜੇ ਪ੍ਰਭਾਵਤ ਸਨ। ਆਪ ਜੀ ਨੂੰ ਚੰਗੇ ਚਿਤਰਾਂ ਦਾ ਸ਼ੌਕ ਸੀ।

ਆਪ ਨੇ ਬੀ ਏ. ਮਿਸ਼ਨ ਕਾਲਜ ਲਾਹੌਰ ਤੋਂ ਸਾਲ ੧੯੦੦ ਵਿਚ ਕੀਤੀ। ਕਾਲਜ ਦੀ ਪੜ੍ਹਾਈ ਸਮੇਂ ਵੀ ਸਵੇਰੇ ਜਪੁਜੀ ਅਤੇ ਸ਼ਾਮ ਸਮੇਂ ਰਹਿਰਾਸ ਸਾਹਿਬ ਦਾ ਪਾਠ ਨੇਮ, ਸ਼ਰਧਾ ਅਤੇ ਵਿਸ਼ਵਾਸ਼ ਨਾਲ ਕਰਿਆ ਕਰਦੇ। ਬਾਰ ਬਾਰ ਕਹਿੰਦੇ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ, ਇਸ ਤੋਂ ਇਲਾਵਾ ਬਾਈ ਵਾਰਾਂ ਅਤੇ ਭਗਤ ਬਾਣੀ ਦਾ ਪਾਠ ਵੀ ਜ਼ਰੂਰ ਕਰਦੇ । ਭਾਈ ਤਾਰੂ ਜੀ ਦੇ ਸ਼ਹੀਦ ਗੰਜ ਤੋਂ ਪ੍ਰੇਰਣਾ ਲੈਂਦੇ, ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸਚਾ ਇਸ਼ਟ, ਪ੍ਰਤੱਖ ਗੁਰੂ ਮੰਨਦੇ, ਭਵਜਲ, ਕਲਜੁਗ ਦੇ ਸਮੇਂ ਕੇਵਲ ਬਾਣੀ ਦੀ ਓਟ ਆਸਰਾ ਲੈਣ ਨਾਲ ਹੀ ਪਾਰ ਉਤਾਰਾ ਹੋ ਸਕਦਾ ਹੈ।

ਇਹ ਧੁਰ ਕੀ ਬਾਣੀ, ਸਰਬ ਰੋਗ ਦਾ ਉਖਧੁ ਨਾਮ ਹੈ ਹਰ ਔਕੜ, ਮੁਸੀਬਤ ਬੀਮਾਰੀ ਦੀ ਹਾਲਤ ਵਿਚ ਵੀ ਨਾਮ ਸਿਮਰਨ ਸ਼ਬਦ ਕੀਰਤਨ ਹੀ ਕਰਦੇ। ਗੁਰੂ ਅਗੇ ਅਰਦਾਸ ਕਰਦੇ ਕਿ ਗੁਰਮਤਿ ਅਸੂਲਾਂ ਦਾ ਧਾਰਨੀ ਬਣਾਈ ਰਖੀਂ । ਇਕ ਵਾਰ ਆਪ ਦੇ ਪਿਤਾ ਨੂੰ ਸਖਤ ਮਲੇਰੀਆ ਹੋ ਗਿਆ ਤਾਂ ਆਪ ਨੇ ਸਮਾਧੀ ਲਗਾ ਕੇ ਜਪੁਜੀ ਦੇ ਪੰਜ ਪਾਠ ਕੀਤੇ ਅਰਦਾਸ, ਕੀਤੀ ਤਾਂ ਪਿਤਾ ਜੀ ਦੀ ਹਾਲਤ ਠੀਕ ਹੋ ਗਈ, ਡਾਕਟਰ ਵੀ ਦੇਖ ਕੇ ਹੈਰਾਨ ਹੋ ਗਏ, ਆਪ ਦਾ ਵਿਸ਼ਵਾਸ਼ ਹੋਰ ਵੀ ਪਕਾ ਹੋ ਗਿਆ।

ਸਾਲ ੧੯੦੨ ਵਿਚ ਨਾਇਬ ਤਹਿਸੀਲਦਾਰ ਦੀ ਆਸਾਮੀ ਤੇ ਪਿੰਡ ਖੇੜੀ ਤਹਿਸੀਲ ਸਮਾਰਾਲਾ ਵਿਖੇ ਗਏ। ਆਪ ਨੇ ਆਪਣੀ ਨੌਕਰੀ ਬੜੀ ਨੇਕੀ ਸਚਾਈ ਅਤੇ ਈਮਾਨਦਾਰੀ ਨਾਲ ਕੀਤੀ, ਉਥੋਂ ਦਾ ਅਮਲਾ ਅਤੇ ਹੋਰ ਛੋਟੇ ਵਡੇ ਅਫ਼ਸਰ ਰਿਸ਼ਵਤਾਂ ਲੈਂਦੇ, ਮਲਬਾ ਫੰਡ ਦੀ ਰਕਮ ਹੜਪ ਕਰਦੇ, ਖੁਸ਼ਾਮਦ ਪਸੰਦ ਜ਼ੈਲਦਾਰ ਅਤੇ ਸਫ਼ੈਦਪੋਸ਼ ਡਾਲੀਆਂ ਦੇਂਦੇ ਤੇ ਆਪ ਨੂੰ ਇਹ ਮਾਹੌਲ ਚੰਗਾ ਨਹੀਂ ਲਗਦਾ ਸੀ, ਸਮਝਦੇ ਹਨ ਕਿ ਅਫ਼ਸਰਾਂ ਨੂੰ ਆਮ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ, ਆਪ ਨੇ ਰਿਸ਼ਵਤਾਂ, ਹੇਰਾ ਫੇਰੀਆਂ ਦੇ ਤਰੀਕੇ ਬੰਦ ਕਰਵਾ ਦਿਤੇ ਤਾਂ ਹੇਰਾ ਫ਼ੇਰੀ ਸਟਾਫ਼ ਚੁਗਲੀਆਂ 'ਸ਼ਕਾਇਤਾਂ ਕਰਨ ਲਗਾ, ਪਰ ਅੰਗਰੇਜ਼ ਅਫ਼ਸਰ ਨੇ ਆਪ ਦੀ ਸਚਾਈ, ਈਮਾਨਦਾਰੀ ਅਤੇ ਉਚ ਇਖਲਾਕ ਦੀ ਕਦਰ ਕੀਤੀ। ਭਾਈ ਸਾਹਿਬ ਮਾਸ ਨਹੀਂ ਖਾਂਦੇ ਸਨ ਕਿਉਂਕਿ ਇਨਸਾਨ ਲਈ ਮਾਸ ਖਾਣ ਨਾਲ ਦੰਦ ਵੀ ਕਮਜ਼ੋਰ ਅਤੇ ਜਰਜਰੇ ਹੋ ਜਾਂਦੇ ਹਨ, ਅਗੋਂ ਸੰਤਾਨ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ।

ਆਪਨੇ ਨੌਕਰੀ ਈਮਾਨਦਾਰੀ ਨਾਲ ਕੀਤੀ. ਆਪ ਦੀ ਤਰਕੀ ਹੋ ਗਈ, ਆਪ

ਹਮੇਸ਼ਾ ਮਹਿਸੂਸ ਕਰਦੇ ਕਿ ਨੌਕਰੀ ਦੇ ਸਮੇਂ ਪੂਰੀ ਤਰ੍ਹਾਂ ਭਗਤੀ ਨਹੀਂ ਕੀਤੀ ਜਾ ਸਕਦੀ । ਸਿਖ ਧਰਮ ਵਿਚ ਜੋ ਕੁਰੀਤੀਆਂ ਆਈਆਂ ਹਨ ਉਹ ਬ੍ਰਾਹਮਣ ਵਾਦ ਵਹਿਮਾਂ ਭਰਮਾਂ, ਪਖੰਡਾਂ, ਲਾਲਚਾਂ ਹਵਸਾਂ, ਨਿੰਦਾ ਚੁਗਲੀ, ਜ਼ਾਤਪਾਤ ਉਚ-ਨੀਚ, ਭੇਦ ਭਾਵ ਵਾਲੇ ਵਿਤਕਰੇ ਵਾਲੇ ਵਿਚਾਰਾਂ ਤੋਂ ਆਈਆਂ ਹਨ । ਖ਼ਾਲਸਾ ਨਿਆਰਾ ਹੈ, ਪਵਿਤਰ ਜੀਵਨ ਵਾਲਾ ਹੈ। ਉਚ ਇਖ਼ਲਾਕ ਦਾ ਧਾਰਣੀ ਹੈ । ਗੁਰਬਾਣੀ ਸਾਨੂੰ ਜੀਵਨ ਵਿਚ ਮੁਕਤੀ ਪ੍ਰਾਪਤ ਕਰ ਸਕਣ ਦੀ ਸੇਧ ਅਗਵਾਈ ਦੇਂਦੀ ਹੈ। ਖਾਲਸੇ ਨੂੰ ਰਾਜ, ਓਹਦੇ, ਪਦਵੀਆਂ ਦੀ ਲੋੜ ਨਹੀਂ ਕੇਵਲ ਆਪਣੀ ਸੁਰਤਿ ਨੂੰ ਅਕਾਲਪੁਰਖ ਦੇ ਸ਼ਬਦ ਵਿਚ ਜੋੜਨ ਦੀ ਲੋੜ ਹੈ । ਆਪ ਕਰਨੀ ਅਤੇ ਕਮਾਈ ਵਾਲੇ ਜੀਵਨ ਵਾਲੇ ਸਨ, ਹਰ ਸਮੇਂ ਨਾਮ ਧਨ ਦੇ ਖ਼ਜ਼ਾਨੇ ਨੂੰ ਵਧਾਉਂਦੇ ਸਨ ਕਿ ਨਾਮ ਧਨ ਜਿਸ ਜਨ ਕੇ ਪਾਲੈ ਸੋਈ ਪੂਰਾ ਸਾਹੁ ਵਾਹਿਗੁਰੂ ਨੂੰ ਮਿਲਣ ਦਾ ਰਾਹ ਉਸ ਦੀ ਸਿਫ਼ਤ ਸਲਾਹ ਕਰਨਾ ਹੈ, ਸੰਸਾਰ ਦੇ ਲੋਭ ਲਾਲਚਾਂ ਤੋਂ ਤਿਆਗਮਈ ਬਿਰਤੀ ਵਾਲੇ ਸਨ। ਆਪ ਨੇ ਤਹਿਸੀਲਦਾਰ ਦੀ ਨੌਕਰੀ ਸਮੇਂ ਸਾਰੇ ਹਾਲਾਤ ਬਰੀਕੀ ਨਾਲ ਵੇਖੇ ਤੇ ਕਿਹਾ ਕਿ ਅਫ਼ਸਰ ਲੋਕਾਂ ਦੀ ਸੇਵਾ ਨਹੀਂ ਕਰਦੇ ਸਗੋਂ ਡਾਕੂਆਂ ਵਾਂਗ ਕਾਨੂੰਨ ਦੀ ਆੜ ਵਿਚ ਲੁਟਦੇ ਹਨ, ਅਤਿਆਚਾਰ ਅਤੇ ਜ਼ੁਲਮ ਕਰਦੇ ਹਨ, ਤਾਨਾਸ਼ਾਹੀ ਕਰਦੇ ਹਨ। ਝੂਠੀਆਂ ਗਵਾਹੀਆਂ ਦੇ ਆਧਾਰ ਤੇ ਗੁਨਾਹਗਾਰ ਬਚ ਜਾਂਦੇ ਹਨ। ਅਤੇ ਬੇਗੁਨਾਹ ਫਸ ਜਾਂਦੇ ਹਨ ਪੂਰੀ ਤਰ੍ਹਾਂ ਇਨਸਾਫ਼ ਨਹੀਂ ਹੋ ਸਕਦਾ, ਗਵਾਹੀ ਪੇਸ਼ਾ ਲੋਕਾਂ ਦਾ ਧਰਮ ਪੇਸਾ, ਆਰਾਮ, ਅਯਾਸ਼ੀ ਹੈ ।

ਭਾਈ ਸਾਹਿਬ ਨੇ ਮਿਤੀ ੧੪ ਜੂਨ ੧੯੦੩ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਅੰਮ੍ਰਿਤ ਛਕਣ ਤੋਂ ਪਹਿਲਾਂ ਆਪ ਦਾ ਨਾਮ ਬਸੰਤ ਸਿੰਘ ਜੀ। ਆਪ ਗੁਰਬਾਣੀ, ਸਿਮਰਨ ਸੇਵਾ ਕੀਰਤਨ ਨੂੰ ਆਪਣੀ ਖੁਰਾਕ ਜੀਵਨ ਅਧਾਰ ਸਮਝਦੇ ਸਨ। ਜਿਥੇ ਵੀ ਸਤਸੰਗ ਦੀ ਖ਼ਬਰ ਮਿਲੇ ਪਹੁੰਚ ਜਾਂਦੇ । ਆਪਣੇ ਪਿੰਡ ਨਾਰੰਗਵਾਲ ਵਿਖੇ ਸ਼ਬਦੀ ਜਥਾ ਤਿਆਰ ਕੀਤਾ। ਸੰਗਤ ਦੇ ਹੁਕਮ ਨੂੰ ਹਰ ਤਰ੍ਹਾਂ ਪਰਵਾਨ ਕਰਦੇ ਸਨ। ਗੁਰੂ ਗੁਰੂ ਅਤੇ ਵਾਹੁ ਵਾਹੁ ਦਾ ਜਾਪ ਪੂਰਾ ਸ਼ਬਦ ਵਾਹਿਗੁਰੂ ਸਿਮਰਨ ਦੀ ਰਮਜ਼ ਹੈ। ਆਪ ਨੂੰ ਸ਼ਬਦ ਵਾਹਿਗੁਰੂ ਆਪਣੇ ਚਾਰ ਚੁਫੇਰੇ ਝਿਲਮਿਲ ਕਰਦਾ ਨਜ਼ਰੀ ਆਉਂਦਾ, ਇਸੇ ਦਾ ਅਭਿਆਸ ਕਰਦੇ, ਆਪਣੀ ਸਮਾਧੀ ਲਗ ਜਾਂਦੀ । ਅਗੰਮੀ ਜੋਤ ਦੇ ਦਰਸ਼ਨ ਅਨੇਕਾਂ ਵਾਰ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਆਸਣ, ਚੌਂਕੜਾ ਮਾਰ ਕੇ ਸਰਵਨ ਕਰਦੇ।

ਰਾਧਾ ਸਵਾਮੀ ਬਾਬਾ ਸਾਵਨ ਸਿੰਘ ਆਪਣੇ ਆਪ ਨੂੰ ਸੂਰਮਾ ਕਹਿੰਦੇ ਹੁੰਦੇ ਸਨ ਕਿ ਕਦੇ ਅੱਗ ਸਾੜ ਨਹੀਂ ਸਕਦੀ ਪਰ ਇਕ ਵਾਰ ਉਨ੍ਹਾਂ ਦੇ ਮਕਾਨ ਨੂੰ ਅਗ ਲਗ ਗਈ ਉਹ ਅੱਗ ਦੀ ਲਪੇਟ ਵਿਚ ਆ ਗਏ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਮਜ਼ਾਕ ਕਰਕੇ ਪੁਛਿਆ ਕਿ ਤੁਸੀਂ ਤਾਂ ਬ੍ਰਹਮ ਰੂਪ ਹੋ ਤੁਹਾਨੂੰ ਬਚਾਉਣ ਦੀ ਲੋੜ ਨਹੀਂ ਤਾਂ ਉਹ

ਰਬ ਦਾ ਵਾਸਤਾ ਪਾ ਕੇ ਅੱਗ ਤੋਂ ਬਚਾਉਣ ਲਈ ਤਰਲਾ ਲੈਣ ਲਗੇ । ਸਰਕਾਰ ਦੀ ਨੌਕਰੀ ਵਿਚ ਆਪਦਾ ਦਿਲ ਨਹੀਂ ਲਗਦਾ ਸੀ, ਸੋ ੧੯੦੫ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਸਟਲ ਦੇ ਮੁਖ ਸੁਪਰਡੰਟ ਦੇ ਤੌਰ ਤੇ ਨੌਕਰੀ ਕਰਨ ਲਗੇ । ਉਸ ਸਮੇਂ ਧਰਮ ਅਨੰਤ ਸਿੰਘ ਵਿਦਿਆਰਥੀ ਸਨ ਆਪ ਹੀ ਬੜੀ ਸ਼ਲਾਘਾ ਕਰਦੇ ਸਨ । ਸਤਿਗੁਰੂ ਸਭਨਾਂ ਦੀ ਲਾਜ ਰਖਦਾ ਹੈ । ਆਪ ਜੀ ਦੇ ਪਵਿਤਰ ਜੀਵਨ, ਸੁਆਸ ਸੁਆਸ ਵਾਹਿਗੁਰੂ ਦਾ ਉਚਾਰਨ ਨਾਲ ਆਪ ਦੇ ਹਥੋਂ ਪ੍ਰਾਪਤ ਹਰ ਵਸਤ ਅੰਮ੍ਰਿਤ ਸਮਾਨ ਹੋ ਜਾਂਦੀ । ਆਪ ਜੀ ਨੇ ਖਾਲਸਾ ਕਾਲਜ ਦੀ ਨੌਕਰੀ ਛਡ ਕੇ ਕੇਵਲ ਗੁਰਮਤਿ, ਕੀਰਤਨ ਵਾਲਾ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ । ਗੁਰਮਤ ਪ੍ਰਚਾਰ ਨੂੰ ਮੁਖ ਉਦੇਸ਼ ਬਣਾਇਆ, ਪੰਚ ਖਾਲਸਾ ਦੀਵਾਨ ਸ੍ਰੀ ਦਮਦਮਾ ਸਾਹਿਬ ਕਾਇਮ ਕੀਤਾ । ਹਫ਼ਤਾਵਾਰੀ ਕੀਰਤਨ ਕਰਦੇ । ਸਾਲ ੧੯੦੯ ਤੋਂ ੧੯੧੪ ਤਕ ਬੜੇ ਜ਼ੋਰਾਂ ਨਾਲ ਕਰਦੇ ਰਹੇ, ਗੁਰਪੁਰਬਾਂ ਸਮੇਂ ਨਗਰ ਕੀਰਤਨ ਵਿਚ ਹਿਸਾ ਲੈਂਦੇ ਅਤੇ ਅਖੰਡ ਪਾਠ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਕਰਦੇ, ਅੰਮ੍ਰਿਤ ਛਕਣ ਤੋਂ ਬਾਦ ਲੋਕਾਂ ਦੇ ਡਰ ਤੇ, ਵਾਹਿਮ, ਭਰਮ, ਭੁਲੇਖੇ ਖ਼ਤਮ ਹੋ ਜਾਂਦੇ ਹਨ, ਉਹ ਨਿਰਭਉ ਦੇ ਲੜ ਲਗ ਕੇ ਨਿਰਭਉ ਹੋ ਜਾਂਦੇ ਹਨ, ਹਰ ਪਾਸੇ ਅਕਾਲ ਪੁਰਖ ਦੀ ਜੋਤ ਵੇਖਦੇ ਹਨ, ਬਿਰਤੀ ਸੁਆਰਥ ਤੋਂ ਪਰਮਾਰਥ ਵਾਲੀ ਹੋ ਜਾਂਦੀ ਹੈ, ਹਉਮੈਂ ਹੰਕਾਰ ਤੋਂ ਨਿਮਰਤਾ ਵਾਲਾ ਜੀਵਨ ਹੋ ਜਾਂਦਾ ਹੈ । ਮਾਇਆ ਨਾਲ ਪ੍ਰੇਮ, ਮੋਹ ਕਰਨ ਵਾਲਾ ਇਸ ਦਾ ਤਿਆਗ ਕਰਦਾ ਹੈ ਤੇ ਕਹਿੰਦਾ ਹੈ ਮਾਇਆ ਭਈ ਨਾਗਨੀ ਵਿਣ ਦੰਤਾਂ ਜਗ ਖਾਇ । ਕਦੇ ਮਾਇਆ ਭੇਟ ਨਹੀਂ ਲਈ । ਕੀਰਤਨ ਮਿਲਣੀਆਂ ਕਰਕੇ ਇਕ ਦੂਜੇ ਜਥੇ ਨੂੰ ਸੁਆਗਤ ਕਰਦੇ । ਐਸਾ ਜਾਪੇ ਕਿ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ । ਗਰੀਬਾਂ ਲਈ ਬਹੁਤ ਦਾਨ ਕਰਿਆ ਕਰਦੇ ਸਨ ।

ਆਪ ਜੀ ਨੇ ਗੁਰਧਾਮਾਂ ਦੀ ਯਾਤਰਾ ਕੀਤੀ, ਦਰਬਾਰਾਂ ਵਿਚ ਅਖੰਡ ਕੀਰਤਨ ਕੀਤੇ । ਆਪਣੇ ਆਪ ਨੂੰ ਪੰਥ ਦਾ ਸੇਵਾਦਾਰ ਕਹਿੰਦੇ । ਸਾਲ ੧੯੧੪ ਵਿਚ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੇ ਮਹੰਤਾਂ ਅਤੇ ਪੁਜਾਰੀਆਂ ਦੇ ਕਬਜ਼ੇ ਸਨ, ਉਹ ਲਾਲਚੀ ਸਨ ਕੁਕਰਮ ਵੀ ਕਰਦੇ ਸਨ, ਉਨ੍ਹਾਂ ਵਿਚ ਹੰਕਾਰ, ਵਿਤਕਰੇ ਭੇਦ ਭਾਵ ਕਾਫ਼ੀ ਸੀ । ਇਨ੍ਹਾਂ ਮਨਮਤੀਆਂ ਦਾ ਸੁਧਾਰ ਕਰਨ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ । ਪੁਜਾਰੀਆਂ ਦੀ ਗੁੰਡਾ ਗਰਦੀ ਠੀਕ ਕੀਤੀ, ਦੁਸ਼ਟਾਂ ਦਾ ਨਾਸ ਕੀਤਾ । ਆਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਸਿਵਾਏ ਕਿਸੇ ਹੋਰ ਅੰਗਰੇਜ਼ ਅਫ਼ਸਰ, ਸਾਹਿਬ ਨੂੰ ਸਾਹਿਬ ਨਹੀਂ ਸਮਝਦੇ ਸਨ । ਸਾਲ ੧੯੧੪ ਵਿਚ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਮੁਖ ਰਖਦਿਆਂ ਆਪ ਜੀ ਗਦਰ ਲਹਿਰ ਵਿਚ ਕੁਦ ਪਏ । ੧੯ ਫਰਵਰੀ ੧੯੧੫ ਨੂੰ ਗਦਰ ਦਿਨ ਮਿਥਿਆ ਗਿਆ । ਹੋਰਨਾਂ ਦੇਸ਼ ਭਗਤਾਂ ਦੇ ਨਾਲ ਜੇਲ੍ਹ ਵਿਚ ਨਜ਼ਰ ਬੰਦ ਕੀਤੇ ਗਏ, ਆਪ ਨੇ ਜੇਲ੍ਹਾਂ ਵਿਚ ਭੁਖ ਹੜਤਾਲਾਂ

ਕੀਤੀਆਂ । ਆਪ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ । ਸਾਰੀ ਜਾਇਦਾਦ ਜ਼ਬਤ ਕਰ ਲਈ ਗਈ, ਜੇਲ੍ਹ ਵਿਚ ਕਕਾਰ ਉਤਾਰੇ ਗਏ, ਜ਼ੁਲਮ ਕੀਤੇ ਗਏ । ਜੇਲ੍ਹਾਂ ਦੇ ਬ੍ਰਾਹਮਣ ਦਰੋਗਿਆਂ ਦੇ ਜ਼ੁਲਮ, ਅਤਿਆਚਾਰ ਬਰਦਾਸ਼ਤ ਕੀਤੇ, ਪਰ ਭਾਣੇ ਨੂੰ ਮੰਨਦੇ ਹੋਏ ਚੜ੍ਹਦੀ ਕਲਾ ਵਿਚ ਰਹੇ । ਆਪ ਨੇ ਜੇਲ੍ਹ ਵਿਚ ਭੁਖ ਹੜਤਾਲ ਰਖ ਕੇ ਸਾਰੇ ਸਿਖ ਕੈਦੀਆਂ ਨੂੰ ਕਕਾਰ ਪੂਰੀ ਤਰ੍ਹਾਂ ਰਖਣ ਦੀ ਖੁਲ੍ਹ ਦਿਵਾਈ । ਕੀਰਤਨ ਕਰਦੇ ਰਹਿੰਦੇ । ਜੇਲ੍ਹਾਂ ਵਿਚ ਕੈਦੀਆਂ ਨੂੰ ਬੁਰੇ ਕੰਮਾਂ ਤੋਂ ਵਰਜਦੇ, ਪ੍ਰੇਰਣਾ ਨਾਲ ਉਨ੍ਹਾਂ ਦਾ ਮਨ ਬਦਲਣ ਦੀ ਕੋਸ਼ਿਸ਼ ਕਰਦੇ । ਜੇਲ੍ਹਾਂ ਵਿਚ ਸਰਦੀਆਂ ਦੀਆਂ ਰਾਤਾਂ ਠੰਡੀਆਂ ਕੋਠੀਆਂ ਵਿਚ ਬਿਨਾਂ ਕਿਸੇ ਕਪੜੇ, ਸਰੀਰ ਸੁੰਨ ਹੋ ਜਾਂਦਾ, ਪਰ ਸਿਮਰਨ ਕਰਦੇ ਰਹਿੰਦੇ । ਕੀਰਤਨ ਕਰਦੇ ਰਹਿੰਦੇ, ਸਖ਼ਤ ਮੁਸ਼ਕਤ ਕਰਦੇ । ਜੇਲ੍ਹਾਂ ਦੇ ਦਰੋਗੇ ਅਧਰਮੀ ਹੁੰਦੇ ਹਨ । ਬੜੇ ਧਰਮ ਧਕੇ ਹੋਏ । ਭਾਈ ਸਾਹਿਬ ਦੇ ਗੁਰਮਤਿ ਵਾਲੇ ਜੀਵਨ ਤੋਂ ਜੇਲ੍ਹਾਂ ਦੇ ਹੋਰ ਕੈਦੀ ਅਤੇ ਸਿਪਾਹੀ ਵੀ ਗੁਰਬਾਣੀ, ਸਿਮਰਨ ਵਾਲੇ ਪਾਸੇ ਲਗ ਗਏ । ਅਨੇਕਾਂ ਦੇ ਜੀਵਨ ਤਬਦੀਲ ਹੋ ਗਏ, ਨਸ਼ੇ ਛਡ, ਦਿਤੇ ਸਿਮਰਨ ਕਰਨ ਲਗ ਪਏ, ਆਪ ਗੁਰੂ ਨੂੰ ਹਰ ਸਮੇਂ ਅੰਗ ਸੰਗ ਸਮਝਦੇ ਸਨ । ਸਾਲ ੧੯੨੧ ਵਿਚ ਆਪ ਨੇ ਜੇਲ੍ਹ ਵਿਚ ਰਹਿ ਕੇ 'ਗੁਰਮਤਿ ਬਿਬੇਕ' ਪੁਸਤਕ ਲਿਖੀ । ਆਪ ਦੇ ਅੰਦਰ ਸਿਮਰਨ ਕਰਨ ਨਾਲ ਆਤਮਕ ਸ਼ਕਤੀ ਠਾਠਾਂ ਮਾਰਦੀ ਸੀ, ਜਦੋਂ ਵੀ ਕੋਈ ਜੇਲ੍ਹਰ ਆਪ ਨਾਲ ਹਥੋਪਾਈ ਕਰਦਾ, ਬਦ-ਸਲੂਕੀ ਕਰਦਾ ਤਾਂ ਆਪ ਉਸ ਨੂੰ ਮਜ਼ਾ ਚਖਾ ਦੇਂਦੇ ਸਨ, ਆਪ ਬੀਰ ਰਸ ਕੀਰਤਨ ਕਰਦੇ, ਆਪਦੇ ਅੰਦਰ ਬੀਰ ਰਸ ਅਤਿ ਦਾ ਸੀ । ਇਕੱਲੀ ਕੈਦ ਦੇ ਬਾਵਜੂਦ ਵੀ ਚਿਹਰਾ ਤੇਜਸਵੀ ਸੀ । ਜੇਲ੍ਹ ਵਿਚ ਬੈਠੇ ਕਦੇ ਕਦਾਈਂ ਕਿਸੇ ਨਾਲ ਮੁਲਾਕਾਤ ਹੁੰਦੀ ਤਾਂ ਪੰਥ ਦੇ ਹਾਲਤ ਪੁਛਦੇ ਦਸਦੇ ਰਹਿੰਦੇ ।

ਸਾਲ ੧੯੩੦ ਵਿਚ ਪੁਸਤਕ "ਜੋਤਿ ਵਿਗਾਸ" ਜੇਲ੍ਹ ਵਿਚ ਲਿਖੀ ਗਈ । ੪ ਅਕਤੂਬਰ, ੧੯੩੦ ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ ਹੋਈ । ਸ: ਭਗਤ ਸਿੰਘ ਭਾਈ ਸਾਹਿਬ ਦੇ ਕੁਰਬਾਨੀਆਂ ਵਾਲੇ ਜੀਵਨ ਤੋਂ ਬਹੁਤ ਪ੍ਰਭਾਵਤ ਹੋਇਆ ਸੀ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਸੀ, ਰਿਹਾਈ ਵਾਲੇ ਦਿਨ ਮੁਲਾਕਾਤ ਕੀਤੀ ਆਪ ਦੇ ਜੀਵਨ ਦਾ ਅਸਰ ਭਗਤ ਸਿੰਘ ਤੇ ਕਾਫ਼ੀ ਹੋਇਆ ਅਤੇ ਉਸ ਨੇ ਕੇਸ ਦਾੜ੍ਹੀ ਦੀ ਬੇ-ਅਦਬੀ ਹੋਣ ਦੀ ਮਾਫ਼ੀ ਮੰਗੀ । ਭਗਤ ਸਿੰਘ ਨੂੰ ਆਤਮਾ ਦੇ ਅਮਰ ਹੋਣ ਬਾਰੇ ਨਿਸਚਾ ਦਿਵਾਇਆ । ਉਹ ਨਾਸਤਕ ਤੋਂ ਆਸਤਕ ਬਣ ਗਿਆ । ਦੋਬਾਰਾ ਕੇਸ ਦਾੜ੍ਹੀ ਰਖਣ ਦਾ ਪ੍ਰਣ ਕੀਤਾ । ਭਾਈ ਸਾਹਿਬ ਨੇ ਕਿਹਾ ਕਿ ਚਰਨ ਕੇਵਲ ਗੁਰੂ ਦੇ ਹੀ ਪਰਸੀਦੇ ਹਨ । ਭਾਈ ਸਾਹਿਬ ਜੇਲ੍ਹ ਦੀ ਰਿਹਾਈ ਤੋਂ ਬਾਦ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਦਰਸ਼ਨਾਂ ਲਈ ਆਏ । ਆਪ ਸਿਖੀ ਸਿਦਕ ਵਿਚ ਅਡੋਲ ਰਹੇ । ਜੇਲ੍ਹਾਂ ਵਿਚ ਨਰਕ ਬਤੀਤ ਕੀਤਾ ਆਪ ੧੭ ਸਾਲ ਜੇਲ੍ਹਾਂ ਵਿਚ ਪਰਦੇਸਾਂ ਵਿਚ, ਘਰ, ਪਰਵਾਰ ਤੋਂ ਦੂਰ ਰਹੇ, ਫਿਰ ਸਤਸੰਗ ਸੰਤ ਸਮਾਗਮ ਜੁੜਨੇ ਸ਼ੁਰੂ ਹੋਏ । ਸਾਰੇ ਦੇਸ਼

ਵਿਚ ਅਤੇ ਬਦੇਸ਼ਾਂ ਵਿਚ ਆਪ ਦਾ ਸਨਮਾਨ ਹੋਣ ਲਗਾ । ਨਾਨਕ ਤਿਨ ਸਦੋ ਬਲਿਹਾਰੀ ਜਿਨਾ ਧਿਆਨ ਪਾਰ ਬ੍ਰਹਮਣਹ । ਆਪ ਜੀ ਦਾ ਵਿਸ਼ਵਾਸ਼ ਅਟਲ ਸੀ ਬਾਰ ਕਹਿੰਦੇ ਜਿਸ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ । ਆਪ ਜੀ ਮਹਾਨ ਸਮਾਜ ਸੁਧਾਰਕ ਖੋਜੀ, ਲੇਖਕ, ਕਵੀ, ਬੁਲਾਰੇ ਨਿਧੜਕ ਜਰਨੈਲ ਸਨ। ਸਾਲ ੧੯੩੦ ਤੋਂ ੧੯੬੧ ਤਕ ਸੁਆਸ-ਸੁਆਸ ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਨਿਸ਼ਕਾਮ ਤੌਰ ਤੇ ਅਖੰਡ ਕੀਰਤਨ ਕਰਦੇ ਰਹੇ, ਅਖੰਡ ਪਾਠ ਕਰਦੇ ਰਹੇ, ਆਪ ਦੇ ਹਥੋਂ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਵਾਲੇ ਸਜੇ ਬਦੇਸ਼ਾਂ ਵਿਚ ਵੀ ਅਖੰਡ ਕੀਰਤਨ ਹੋਣ ਲਗੇ। ਪੰਥ ਦਾ ਹਰ ਮਹਾਨ ਕੰਮ ਆਪ ਜੀ ਦੇ ਹਥੋਂ ਕਰਵਾਉਣਾ ਮਾਨ ਵਾਲੀ ਗਲ ਸਮਝੀ ਜਾਂਦੀ, ਧਰਮ ਸਥਾਨਾਂ ਦੇ ਬੁਨਿਆਦੀ ਪੱਥਰ ਰਖੇ। ਆਪ ਜੀ ਕਈ ਕਈ ਮਹੀਨੇ ਇਕਾਂਤ ਗੁਫਾ ਵਿਚ ਆਸਣ ਜਮਾਕੇ ਨਾਮ ਅਭਿਆਸ ਕਮਾਈਆਂ ਕਰਕੇ ਸੁਰਤਿ ਨੂੰ ਸੰਸਾਰ ਵਾਲੇ ਪਾਸੇ ਤੋਂ ਹਟਾ ਕੇ ਸ਼ਬਦ ਵਿਚ ਲਗਾ ਕੇ ਅਨੰਦ ਪ੍ਰਾਪਤ ਕਰਦੇ। ਹਰ ਸਾਲ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਪੁਰਬ ਆਪਣੇ ਨਿਵਾਸ ਅਸਥਾਨ ਪਿੰਡ ਨਾਰੰਗਵਾਲ ਮਨਾਇਆ ਕਰਦੇ।

ਰੈਣ ਸਬਾਈ ਕੀਰਤਨ ਕਰਦੇ, ਚੌਕੜੇ ਮਾਰ ਕੇ ਨਾਮ ਰਸ ਵਿਚ ਜੁੜ ਜਾਂਦੇ। ਕਾਦਰ ਦੀ ਕੁਦਰਤ ਦੇ ਇਕਾਂਤ ਵਿਚ ਰਹਿੰਦੇ, ਸਾਲ ੧੯੩੬ ਤੋਂ ਭਾਈ ਸਾਹਿਬ ਗਰਮੀਆਂ ਵਿਚ ਕੁਮਾਦ ਹਟੀ (ਸ਼ਿਮਲਾ) ਜਾਂਦੇ ਸਨ ਉਥੇ ਮੁਨੀਸ਼ਵਰ ਪਥਰ ਤੇ ਬੈਠ ਕੇ ਅਭਿਆਸ ਕਰਇਆ ਕਰਦੇ ਸਨ। ਸਾਰੀ ਸਾਰੀ ਰਾਤ ਇਕ ਲਤ ਭਾਰ ਹੋ ਕੇ ਅਭਿਆਸ ਕਰਨਾ, ਗੁਰਦੁਆਰਾ ਤਪੋ-ਬਨ ਯਾਦ ਤਾਜ਼ਾ ਕਰ ਰਿਹਾ ਹੈ ਆਪ ਨੂੰ ਬੈਰਾਗੀ ਜੋਗੀ ਕਿਹਾ ਜਾ ਸਕਦਾ ਹੈ। ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਬਾਰੇ ਕਹਿੰਦੇ ਸਨ ਕਿ ਇਹ ਅਮੀਰਾਂ ਦਾ ਟੋਲਾ ਹੈ ਇਹ ਗੁਰਦੁਆਰਿਆਂ ਅਤੇ ਕਾਲਜਾਂ ਦਾ ਸੁਧਾਰ ਨਹੀਂ ਕਰ ਸਕਦੇ, ਮਾਇਆਧਾਰੀ ਲੋਕ ਚੌਧਰਾਂ ਦੇ ਭੁਖੇ ਹਨ। ਜਿਹੜੇ ਅਮੀਰ ਸਿਖ ਸ਼ਰਾਬ ਪੀਂਦੇ, ਸਨ, ਆਪ ਉਹਨਾਂ ਨਾਲ ਮੁਲਾਕਾਤ, ਵਿਹਾਰ ਨਹੀਂ ਕਰਦੇ ਸਨ, ਸਗੋਂ ਗ਼ਰੀਬਾਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਵਿਚ ਖੁਸ਼ ਰਹਿੰਦੇ। ਇਕ ਵਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਕੀਤਾ ਤਾਂ ਲੋਕਾਂ ਨੇ ਬਹੁਤ ਧਨ ਦਿਤਾ, ਆਪ ਜੀ ਨੇ ਬਿਲਕੁਲ ਨਹੀਂ ਲਿਆ, ਸਾਰਾ ਧਨ ਛਡ ਕੇ ਆ ਗਏ। ਭਾਈ ਸਾਹਿਬ ਨੇ ਜਾਗਰਤ ਪੈਦਾ ਕੀਤੀ। ਜੋ ਅਮੀਰ, ਰਈਸ ਸਿਖ ਸਨ ਉਹ ਅੰਗਰੇਜ਼ਾਂ ਦੇ ਪਿਠੂ ਹਨ, ਆਖਦੇ ਖਿਤਾਬ ਲੈਂਦੇ, ਬੈਂਕ ਬਲੈਂਸ ਵੇਖਦੇ, ਸਰਦਾਰੀਆਂ ਹਕੂਮਤਾਂ ਕਰਦੇ ਸਨ, ਭਾਈ ਸਾਹਿਬ ਧਰਮ ਦੀ ਖਾਤਰ ਮਰ ਮਿਟਣ ਵਾਲੇ ਸਨ, ਉਹਨਾਂ ਨੂੰ ਕੋਈ ਲਾਲਚ ਨਹੀਂ ਸੀ, ਉਹ ਗੁਰੂ ਗੋਬਿੰਦ ਸਿੰਘ ਦੇ ਸਚੇ ਸੇਵਕ ਸਨ। ਸਿਖ ਗੁਲਾਮੀ ਬਰਦਾਸ਼ਤ ਨਹੀਂ ਕਰ ਸਕਦਾ। ਜੇਲ ਵਿਚ ਮਈ ੧੯੧੫ ਤੋਂ ਅਕਤੂਬਰ ੧੯੩੦ ਤਕ ਰਹੇ। ਤਰਨ ਤਾਰਨ ਵਿਖੇ ਪੰਜ ਪਿਆਰਿਆਂ ਵਿਚ। ਪਾਕਿਸਤਾਨ ਵਿਖੇ ਪੰਜਾ ਸਾਹਿਬ ਅਤੇ ਸ਼ਹੀਦ ਗੰਜ ਨਨਕਾਣਾ ਸਾਹਿਬ ਗੁਰਦੁਆਰਿਆਂ

ਦੇ ਨੀਂਹ ਪਥਰ ਰਖੇ। ਪਟਨਾ ਸਾਹਿਬ ਵਿਖੇ ਅਕਾਲ ਬੁੰਗੇ ਦੀ ਨੀਂਹ ਰਖੀ, ਸ੍ਰੀ ਪਾਉਂਟਾ ਸਾਹਿਬ ਵਿਖੇ ਕਵੀ ਦਰਬਾਰ ਅਸਥਾਨ ਦੀ ਨੀਂਹ ਰਖੀ। ਅੰਤ ਸਮੇਂ ਤਿੰਨ ਵਾਰ ਵਾਹਿਗੁਰੂ ਵਾਹਿਗੁਰੂ ਕਿਹਾ ਤੇ ਵਾਹਿਗੁਰੂ ਵਿਚ ਲੀਨ ਹੋ ਗਏ।

ਆਪ ਕੋਠੀ ਨੰ: ੧੨੬ ਮਾਡਲ ਟਾਊਨ ਲੁਧਿਆਣਾ ਵਿਖੇ ਰਹਿੰਦੇ ਸਨ। ੧੬ ਅਪ੍ਰੈਲ ੧੯੬੧ ਨੂੰ ਸਚੀ ਦਰਗਾਹ ਵਿਚ ਜਾ ਕੇ ਸਚਾ ਪਿੜ ਮਲਿਆ ਉਸ ਦਿਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਅਖੰਡ-ਕੀਰਤਨ ਹੁੰਦੇ ਰਹੇ। ਉਹਨਾਂ ਦਾ ਸਸਕਾਰ ਉਹਨਾਂ ਦੀ ਇਛਾ ਅਨੁਸਾਰ ਗੁਜਰਵਾਲ ਦੀ ਢਾਬ ਤੇ ਮਿਤੀ ੧੭ ਅਪ੍ਰੈਲ ਨੂੰ ਕੀਤਾ ਗਿਆ, ਇਸ ਢਾਬ ਤੇ ਭਾਈ ਸਾਹਿਬ ਨੇ ਕਈ, ਸਾਲ ਭਜਨ ਬੰਦਗੀ ਕੀਤੀ ਸੀ। ਆਪ ਜੀ ਦੇ ਨਮਿਤ ਥਾਂ ਥਾਂ ੨੦੦ ਅਖੰਡ ਪਾਠ ਰਖੇ ਗਏ ਸਨ। ਆਪ ਜੀ ਨੂੰ ਸ਼ਰਧਾਂਜਲੀ ਪੰਥ ਰਤਨ ਮਾਸਟਰ ਤਾਰਾ ਸਿੰਘ, ਸੰਤ ਬਾਬਾ ਫਤਿਹ ਸਿੰਘ, ਸ: ਗਿਆਨ ਸਿੰਘ ਰਾੜੇਵਾਲਾ ਅਤੇ ਅਨੇਕਾਂ ਸੰਸਥਾਵਾਂ ਦੇ ਪਤਵੰਤੇ ਸਜਨਾਂ ਵਲੋਂ ਦਿਤੀਆਂ ਗਈਆਂ। ਲੜਕਾ ਸ: ਬਲਬੀਰ ਸਿੰਘ ਹੈ। ਅੱਜ ਉਹਨਾਂ ਦਾ ਪ੍ਰਤਖ ਸਰੂਪ ਉਹਨਾਂ ਦੇ ਸਜਾਏ ਗਏ ਕੀਰਤਨੀ ਸਿੰਘਾਂ ਵਿਚ ਹੈ, ਉਹਨਾਂ ਦੇ ਦਰਸ਼ਨ ਉਹਨਾਂ ਵਲੋਂ ਰਚਿਤ ਪੁਸਤਕਾਂ ਪੜ੍ਹ ਕੇ, ਵਿਚਾਰ ਸੁਣਕੇ ਅਤੇ ਉਹਨਾਂ ਤੇ ਅਮਲ ਕਰਕੇ ਕੀਤੇ ਜਾ ਸਕਦੇ ਹਨ। ਆਪ ਗ੍ਰਹਿਸਤ ਵਿਚ ਰਹਿੰਦਿਆਂ ਉਦਾਸ ਬਿਰਤੀ ਦੇ ਮਾਲਕ ਸਨ। ਸੰਸਾਰ ਤੇ ਆਉਣਾ ਉਸ ਗੁਰਮੁਖਿ ਦਾ ਸਫਲ ਹੈ ਜੋ "ਆਪ ਜਪਹੁ ਅਵਰਹ ਨਾਮੁ ਜਪਾਵਹੁ ਦੇ ਜੀਵਨ ਵਾਲਾ ਹੋਵੇ, ਜਿਸ ਦਾ ਸੰਗ ਸਾਥ ਕਰਕੇ ਸੁਆਸ ਸੁਆਸ ਸਤਿਨਾਮ ਵਾਹਿਗੁਰੂ ਦਾ ਜਾਪ ਹੋਣ ਲਗ ਜਾਵੇ। ਉਹ ਨਾਮ ਸਿਮਰਨ ਕਰਕੇ ਆਪ ਜੀਵਨ ਮੁਕਤ ਹੋ ਜਾਂਦੇ ਹਨ ਅਤੇ ਹੋਰਨਾਂ ਨੂੰ ਵੀ ਜੀਵਨ ਮੁਕਤ ਕਰ ਜਾਂਦੇ ਹਨ, ਜੀਵਨ ਮੁਕਤੀ ਦਾ ਮਾਰਗ ਉਹ ਹੀ ਦਸ ਸਕਦਾ ਹੈ ਜਿਸ ਨੇ ਆਪ ਸਫ਼ਲਤਾ ਪ੍ਰਾਪਤ ਕਰ ਲਈ ਹੋਵੇ ਆਪ ਦਾ ਸਾਰਾ ਜੀਵਨ ਖਾਲਸਾ ਜੀਵਨ ਕਿਹਾ ਜਾਂਦਾ ਹੈ। ਭਾਈ ਸਾਹਿਬ ਦੇ ਜੀਵਨ ਤੋਂ ਅਣਖ, ਦਲੇਰੀ, ਸਚਾਈ ਈਮਾਨਦਾਰੀ, ਨੇਕੀ, ਕੁਰਬਾਨੀ ਦੇ ਜਜ਼ਬੇ ਉਮਡ-ਉਮਡ ਪੈਂਦੇ ਹਨ। ਪੂਰਨ ਰਹਿਤ ਬਹਿਤ ਦੇ ਧਾਰਣੀ ਸਨ। ਖਾਲਸਾ ਨਿਆਰਾ ਹੈ ਇਹ ਉਹਨਾਂ ਦੇ ਜੀਵਨ ਤੋਂ ਪ੍ਰਤਖ ਹੈ, ਵਿਸ਼ਵਾਸ਼ ਅਤੇ ਅਸੂਲ ਦੇ ਪਕੇ, ਸਿਖ ਧਰਮ ਦਾ ਰੋਸ਼ਨ ਮੁਨਾਰਾ ਸਨ ਅਨੇਕਾਂ ਰੂਹਾਂ ਨੂੰ ਆਤਮਕ ਗਿਆਨ ਦੇ ਕੇ ਰੌਸ਼ਨ ਕੀਤਾ, ਆਪ ਨੂੰ ਕਿਸੇ ਲੋਭ ਲਾਲਚ, ਵਡਿਆਈ, ਪ੍ਰਸੰਸਾ ਅਹੁਦੇ, ਪਦਵੀ ਹਕੂਮਤ ਦੀ ਲੋੜ ਨਹੀਂ ਸੀ, ਇਕੋ ਲਾਲਸਾ ਸੀ ਕਿ ਖਾਲਸਾ ਗੁਰੂ ਦਾ ਬਣ ਕੇ ਗੁਰੂ ਦੇ ਹੁਕਮ ਵਿਚ ਰਹਿ ਕੇ ਨਾਮ ਜਪੇ, ਪੂਰਨ ਰਹਿਤ ਮਰਯਾਦਾ ਵਿਚ ਰਹੇ। ਆਪ ਦੇ ਸਵਛ ਜੀਵਨ ਤੋਂ ਕਿਹਾ ਜਾਂਦਾ ਹੈ ਕਿ ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ। ਆਪ ਜੀ ਗੁਰਮਤਿ ਦੇ ਮਹਾਨ ਲਿਖਾਰੀ ਸਨ। ਵਖ ਵਖ ਵਿਸ਼ਿਆਂ ਤੇ ਲਗ ਭਗ ੪੦ ਟਰੈਕਟ ਅਤੇ ਪੁਸਤਕਾਂ ਲਿਖ ਕੇ ਸੇਧ ਦਿਤੀ, ਨਾਮ ਅਭਿਆਸ ਦੀ ਜੁਗਤੀ ਅਤੇ ਨਾਮ ਦੀ ਪ੍ਰਾਪਤੀ, ਕਰਮ ਫ਼ਿਲਾਸਫੀ ਅਤੇ ਗੁਰਬਾਣੀ ਦੇ ਸ਼ੁਧ ਅਰਥ ਸਮਝਾਏ। ਇਹ ਸਾਰਾ ਅਨੁਭਵੀ ਗਿਆਨ ਹੈ, ਆਪਣਾ ਸਾਰਾ ਜੀਵਨ ਗੁਰਬਾਣੀ ਅਨੁਸਾਰ ਬਤੀਤ ਕੀਤਾ। ਭਾਈ ਸਾਹਿਬ ਦੇ ਉਚ ਇਖਲਾਕ ਦੀ ਕਦਰ ਅੰਗਰੇਜ਼ ਵੀ ਕਰਦੇ ਸਨ।

ਜੀਵਨ-ਚਰਿਤ੍ਰ ਗੁਰੂ ਨਾਨਕ ਦੇਵ

ਡਾ: ਤ੍ਰਿਲੋਚਨ ਸਿੰਘ

(ਅੰਗ੍ਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਪ੍ਰਾਪਤ)

ਕਰੀਬਨ ੫੦੦ ਸਫੇ | ਸਾਈਜ਼ ੬" × ੯"
ਇਕ ਤਿੰਨ ਰੰਗੀ ਤਸਵੀਰ | ੫੦ ਇਕ ਰੰਗੀ ਤਸਵੀਰਾਂ

ਸੁੰਦਰ ਛਪਾਈ, ਜਿਲਦ ਤੇ ਗੈਟ ਅਪ ਵਧੀਆ


ਮੁਲ ੨੦ ਰੁਪੈ

ਇਸ ਸਮੇਂ ਜਿਤਨੀਆਂ ਵੀ ਪੁਸਤਕਾਂ ਲਿਖੀਆਂ ਗਈਆਂ ਹਨ, ਉਨ੍ਹਾਂ ਵਿਚੋਂ ਹਰ ਪੱਖ ਤੋਂ ਇਹ ਡਾ: ਤ੍ਰਿਲੋਚਨ ਸਿੰਘ ਦਾ ਲਿਖਿਆ "ਗੁਰੂ ਨਾਨਕ ਦਾ ਜੀਵਨ ਚਰਿਤ੍ਰ" ਬੜਾ ਮਹੱਤਵ-ਪੂਰਨ ਤੇ ਵਿਸ਼ੇਸ਼ ਹੈ। ਇਸ ਵਿਚ ਲੇਖਕ ਨੇ ਗੁਰੂ ਸਾਹਿਬ ਦਾ ਜੀਵਨ ਇਕ ਨਵੇਂ ਖੋਜ ਭਰਪੂਰ ਢੰਗ ਨਾਲ ਪੇਸ਼ ਕੀਤਾ ਹੈ। ਇਹ ਪਹਿਲੀ ਪੁਸਤਕ ਹੈ ਜੋ ਵਿਗਿਆਨਕ ਢੰਗ ਨਾਲ ਲਿਖੇ ਇਤਿਹਾਸਕ ਜੀਵਨ ਦੀ ਅਣਹੋਂਦ ਨੂੰ ਪੂਰਾ ਕਰਦੀ ਹੈ। ਜਿਹੜੇ ਪਾਠਕ ਤੇ ਵਿਦਿਵਾਨ ਸਿਖ ਧਰਮ ਤੇ ਗੁਰੂ ਨਾਨਕ ਬਾਰੇ ਖੋਜ ਭਰਪੂਰ ਲਿਖਤਾਂ ਵਿਚ ਦਿਲਚਸਪੀ ਰਖਣਗੇ, ਉਹ ਹਮੇਸ਼ਾ ਡਾ:ਤ੍ਰਿਲੋਚਨ ਸਿੰਘ ਦੇ ਸ਼ੁਕਰ-ਗੁਜ਼ਾਰ ਹੋਣਗੇ ਤੇ ਨਾਲ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧੰਨਵਾਦੀ ਹੋਣਗੇ; ਜਿਨ੍ਹਾਂ ਨੇ ਇਸ ਮਹਾਨ ਰਚਨਾ ਤੇ ਇਤਿਹਾਸਕ ਖੋਜ ਵਿਚ ਸਭ ਤੋਂ ਉਚੀ ਤੇ ਸ੍ਰੇਸ਼ਟ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ।

ਡਾ: ਸੁਨੀਤੀ ਕੁਮਾਰ ਚੈਟਰਜੀ
ਪ੍ਰਧਾਨ। ਸਾਹਿੱਤ ਅਕਾਡਮੀ, ਦਿੱਲੀ

ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸੀਸ ਗੰਜ, ਚਾਂਦਨੀ ਚੌਕ, ਦਿੱਲੀ-੬



ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਦਿਲੀ ਵਿਖੇ ਬੜੇ ਉਤਸਾਹ ਅਤੇ ਸਰਧਾ ਨਾਲ ਮਨਾਇਆ ਗਿਆ । ਇਸ ਅਵਸਰ ਤੇ ਗਾਂਧੀ ਗਰਾਊਂਡ ਵਿਖੇ ਸਜੇ ਭਾਰੀ ਦੀਵਾਨ ਵਿਚ ਗੁਰੂ ਸਾਹਿਬ ਦੇ ਚਰਨਾਂ ਵਿਚ ਸ਼ਰਧਾ ਦੇ ਫੁਲ ਭੇਟ ਕਰਨ ਲਈ ਸ੍ਰ. ਧੰਨਾ ਸਿੰਘ ਜੀ ਗੁਲਸ਼ਨ ਕੇਂਦ੍ਰੀ ਰਾਜ ਮੰਤ੍ਰੀ ਵਿਦਿਆ ਅਤੇ ਸਭਿਆਚਾਰ ਵੀ ਆਏ । ਆਪ ਸਟੇਜ ਤੇ ਸ੍ਰ. ਜਸਵੰਤ ਸਿੰਘ ਜੀ ਸੇਠੀ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਬੈਠੇ ਵਿਖਾਈ ਦੇ ਰਹੇ ਹਨ ।

"Sis Ganj", Delhi-6 June 1978 Regd. No. D(D)271



ਸ਼ਹੀਦਾਂ ਦੀ ਯਾਦ ਵਿਚ ੧੪ ਮਈ ਨੂੰ ਦਿਲੀ ਵਿਚ ਨਿਕਲੇ ਜਲੂਸ ਦਾ ਦ੍ਰਿਸ਼

Published by S. Harbans Singh for Delhi Sikh Gurdwara Management Committee, Gurdwara Sis Ganj Chandni Chowk, Delhi & Printed by him at National Press of India, Chandni Chowk, Delhi-6